# ਸਿਰਜਣਾ

ਜੁਲਾਈ-ਸਤੰਬਰ 1994 (ਅੰਕ 95)

July- September 1994

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [illegible]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

# ਸਿਰਜਣਾ

### ਚੋਣਵੀਂ ਝਾਤ

- ਡਾ. ਰਘਬੀਰ ਸਿੰਘ ਦਾ ਆਲੋਚਨਾਤਮਕ ਨਿਬੰਧ : ਵਰਿਆਮ ਸਿੰਘ ਸੰਧੂ ਦੀ ਵਿਲੱਖਣਤਾ
- ਬਲਵੰਤ ਗਾਰਗੀ ਬਾਰੇ ਕਾਨਾ ਸਿੰਘ ਦੀਆਂ ਯਾਦਾਂ : ਤੇ ਬਾਹਰ ਤਾਲਾ ਸੀ
- ਜਗਰੂਪ ਸਿੰਘ ਦਾਤੇਵਾਸ, ਅਵਤਾਰ ਸਿੰਘ ਬਿਲਿੰਗ ਤੇ ਬਿੰਦਰ ਬਸਰਾ ਦੀਆਂ ਕਹਾਣੀਆਂ

ਜੁਲਾਈ-ਸਤੰਬਰ 1994 95 ਮੁੱਲ : 10 ਰੁਪਏ

# ਸਿਰਜਣਾ

**ਜੁਲਾਈ-ਸਤੰਬਰ 1994**

❋

ਨਿਗਰਾਨ

**ਸੰਤ ਸਿੰਘ ਸੇਖੋਂ**

❋

ਸੰਪਾਦਕ

**ਰਘਬੀਰ ਸਿੰਘ**

❋

ਪਤਾ

**1728, ਸੈਕਟਰ 43-ਬੀ,**
**ਚੰਡੀਗੜ੍ਹ-160022**
ਫੋਨ · (0172) 601693

SIRJANA
1728, Sector 43-B,
Chandigarh-160022
Phone : (0172) 601693

❋

SIRJANA is approved by DPI Punjab for all Schools, Colleges and Social Education Centres vide letter No.2/6-66 B (EP) dated 26-9-66


## ਇਸ ਅੰਕ ਵਿਚ


ਰਘਬੀਰ ਸਿੰਘ/ਸ਼ਰਧਾਂਜਲੀ/ਡਾ. ਅਤਰ ਸਿੰਘ/1
ਲਖਵਿੰਦਰ ਜੌਹਲ/ਕਵਿਤਾ/ਰਾਤ/5
ਸ਼ਸ਼ੀ ਸਮੁੰਦਰਾ/ਕਵਿਤਾ/ਇਰਾਦਾ/6
ਇਕਬਾਲ ਰਾਮੂਵਾਲੀਆ/ਕਵਿਤਾ/ਜੁੱਤੀਆਂ/7
ਬਲਬੀਰ ਪਰਵਾਨਾ/ਕਵਿਤਾ/ਖੇਤ ਤੇ ਸ਼ਹਿਰ/8
ਸੁਰਜੀਤ ਜੱਜ/ਗੀਤ/8
ਗੁਰਮੇਲ ਸਿੱਧੂ/ਕਵਿਤਾ/ਜ਼ਿੰਦਗੀ ਦਾ ਸ਼ੋਅ-ਕੇਸ/10
ਸੁਰਜੀਤ ਬਰਾੜ/ਕਵਿਤਾ/ਜੇ/12
ਅਮਰਜੀਤ ਘੁੰਮਣ/ਕਵਿਤਾ/ਤੇ ਮੈਂ/13
ਰਤਨ ਸਿੰਘ ਢਿਲੋਂ/ਕਵਿਤਾ/ਗਡਰੀਆ ਸੋਚਦਾ ਹੈ/14
ਹਰੀ ਸਿੰਘ ਮੋਹੀ/ਦੋ ਗ਼ਜ਼ਲਾਂ/15
ਸੁਮੇਰ ਢਪਾਲੀ/ਕਵਿਤਾ/ਵਿਦਾ ਹੋਣ ਪਿਛੋਂ/16
ਜਗਰੂਪ ਸਿੰਘ ਦਾਤੇਵਾਸ/ਕਹਾਣੀ/ਸਿਆਣੀ ਬਣ ਧੀਏ/17
ਹਰਬੰਸ ਮਾਛੀਵਾੜਾ/ਗ਼ਜ਼ਲ/30
ਅਵਤਾਰ ਸਿੰਘ ਬਿਲਿੰਗ/ਕਹਾਣੀ/ਮਿਸਫਿੱਟ/31
ਸੁਰਿੰਦਰ ਸੋਹਲ/ਗ਼ਜ਼ਲ/36
ਬਿੰਦਰ ਬਸਰਾ/ਕਹਾਣੀ/ਬੌਣਾ/37
ਕਾਨਾ/ਯਾਦਾਂ/ਤੇ ਬਹਾਰ ਤਾਲਾ ਸੀ/41
ਰਘਬੀਰ ਸਿੰਘ/ਨਿਬੰਧ/ਵਰਿਆਮ ਸੰਧੂ ਦੀ ਵਿਲੱਖਣਤਾ/57
ਗੁਰਮੀਤ ਕੱਲਰਮਾਜਰੀ/ਰੀਵੀਊ/ਝੱਖੜ ਤੇ ਪਰਿੰਦੇ/66-ਖੂਹ ਵਾਲਾ ਘਰ/69
ਲਾਲ ਸਿੰਘ/ਰੀਵਿਊ/ਉਚਾ ਬੁਰਜ ਲਾਹੌਰ ਦਾ/67-ਮਾਤਮਖਾਨਾ/71
ਹਰਮਿੰਦਰ ਸਿੰਘ/ਰੀਵੀਊ/ਸਿਦਕੀ ਪਰਵਾਨੇ/73
ਪਿਆਰਾ ਸਿੰਘ ਭੋਗਲ, ਨਦੀਮ ਪਰਮਾਰ, ਮੁਖਤਿਆਰ ਸਿੰਘ, ਮਦਨ ਵੀਰਾ ਅਤੇ ਹੋਰ/ਪੱਤਰ/76



ਵਾਰਸ਼ਿਕ ਚੰਦਾ-ਦੇਸ 40 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ : 50 ਰੁਪਏ
ਬਦੇਸ਼-ਹਵਾਈ ਡਾਕ ਰਾਹੀਂ : 5 ਪੌਂਡ, 8 ਅਮਰੀਕਨ ਡਾਲਰ, 10 ਕੈਨੇਡੀਅਨ ਡਾਲਰ




# ਡਾ. ਅਤਰ ਸਿੰਘ

ਪੰਜਾਬੀ ਦੇ ਸਾਹਿਤਕ ਤੇ ਬੌਧਿਕ ਮੰਡਲਾਂ ਲਈ ਡਾ. ਅਤਰ ਸਿੰਘ ਦਾ ਸਦੀਵੀ ਵਿਛੋੜਾ ਬਹੁਤ ਹੀ ਸੋਗੀ ਘਟਨਾ ਹੈ। ਆਪਣੇ ਸਮਾਜ ਵਿਚ ਕੁਝ ਨਿਵੇਕਲਾ ਸਥਾਨ ਬਣਾ ਚੁੱਕੇ ਹਰ ਵਿਅਕਤੀ ਦੇ ਚਲਾਣੇ ਉਤੇ ਇਸ ਤਰ੍ਹਾਂ ਦੇ ਬੋਲ ਕਹੇ-ਸੁਣੇ ਜਾਂਦੇ ਹਨ ਕਿ ਜਾਣ ਵਾਲੇ ਵਿਅਕਤੀ ਨਾਲ ਸੰਬੰਧਤ ਖੇਤਰ ਵਿਚ ਬਹੁਤ ਵੱਡਾ ਘਾਟਾ ਪਿਆ ਹੈ। ਪਰ ਡਾ. ਅਤਰ ਸਿੰਘ ਦੇ ਸੰਬੰਧ ਵਿਚ ਇਸ ਤਰ੍ਹਾਂ ਦੇ ਬੋਲ ਮਹਿਜ਼ ਰਸਮ ਨਹੀਂ, ਇਕ ਬਹੁਤ ਵੱਡੀ ਸੱਚਾਈ ਹਨ, ਜਿਨ੍ਹਾਂ ਦਾ ਦੁਖਦ ਅਹਿਸਾਸ ਲੰਮੇ ਸਮੇਂ ਤਕ ਹੁੰਦਾ ਰਹੇਗਾ। ਅਸਾਧਾਰਨ ਪ੍ਰਤਿਭਾ, ਅਸੀਮ ਵਿਦਵਤਾ ਤੇ ਮੌਲਿਕ ਚਿੰਤਨ ਵਾਲੇ ਇਸ ਬੁਧੀਜੀਵੀ ਦਾ ਕੇਵਲ 62 ਵਰ੍ਹਿਆਂ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਜਾਣਾ ਜਿਥੇ ਵਿਅਕਤੀ ਪੱਧਰ 'ਤੇ ਉਨ੍ਹਾਂ ਦੇ ਪਰਿਵਾਰ, ਉਨ੍ਹਾਂ ਦੇ ਨਿਕਟਵਰਤੀ ਮਿੱਤਰਾਂ, ਸਨੇਹੀਆਂ ਤੇ ਸ਼ਰਧਾਲੂਆਂ ਲਈ ਬਰਦਾਸ਼ਤ ਦੀ ਹੱਦ ਤੋਂ ਬਾਹਰੀ ਤ੍ਰਾਸਦੀ ਹੈ, ਉਥੇ ਇਹ ਇਸ ਖਿੱਤੇ ਦੇ ਸਾਹਿਤਕ ਤੇ ਬੌਧਿਕ ਜਗਤ ਨੂੰ ਬਹੁਤ ਸ਼ਿੱਦਤ ਨਾਲ ਅਹਿਸਾਸ ਕਰਾਉਂਦਾ ਹੈ ਕਿ ਜਿਸ ਅਸਾਧਾਰਨ ਪ੍ਰਤਿਭਾ ਵੱਲੋਂ ਅਜੇ ਬਹੁਤ ਕੁਝ ਆਪਣੇ ਸਮਾਜ ਨੂੰ ਦੇ ਸਕਣ ਦੀ ਸੰਭਾਵਨਾ ਸੀ, ਉਹ ਸਮੇਂ ਤੋਂ ਬਹੁਤ ਪਹਿਲਾਂ ਹੀ ਤੁਰਦੀ ਬਣੀ ਹੈ।

ਪਿਛਲੇ ਡੇਢ ਦਹਾਕੇ ਤੋਂ ਡਾ. ਅਤਰ ਸਿੰਘ ਨੂੰ ਪਾਰਕਿਨਸਨ ਦੀ ਨਾਮੁਰਾਦ ਬੀਮਾਰੀ ਲੱਗ ਗਈ ਸੀ। ਇਸ ਬੀਮਾਰੀ ਨੇ ਬਹੁਤ ਸਹਿਜੇ ਸਹਿਜੇ ਸਾਡੇ ਇਸ ਉਚ-ਦੁਮਾਲੇ ਬੁੱਧੀਜੀਵੀ ਤੇ ਚਿੰਤਕ ਦੇ ਸਰੀਰ ਨੂੰ ਖੋਰਨਾ ਸ਼ੁਰੂ ਕਰ ਦਿੱਤਾ ਸੀ। ਡਾ. ਅਤਰ ਸਿੰਘ ਨਾ ਕੇਵਲ ਇਕ ਬਹੁਤ ਹੀ ਅਦੁੱਤੀ ਦਿਮਾਗ ਦਾ ਮਾਲਕ ਸੀ, ਜਿਸ ਵਿਚ ਕਿਸੇ ਵੀ ਗੱਲ ਜਾਂ ਸਮੱਸਿਆ ਨੂੰ ਬਹੁਤ ਹੀ ਤੇਜ਼ੀ ਨਾਲ ਸਮਝਣ, ਨਿਰਖਣ-ਪਰਖਣ ਤੇ ਸੁਲਝਾਉਣ ਦੀ ਸਮਰੱਥਾ ਸੀ, ਕੁਦਰਤ ਨੇ ਉਸ ਨੂੰ ਦਰਸ਼ਨੀ ਤੇ ਰਿਸ਼ਟ-ਪੁਸ਼ਟ ਸਰੀਰ ਵੀ ਦਿੱਤਾ ਸੀ, ਜਿਸ ਨੂੰ ਵੇਖਦਿਆਂ ਭੁੱਖ ਲਹਿੰਦੀ ਸੀ। ਆਪਣੇ ਅਸਾਧਾਰਨ ਦਿਮਾਗ ਕਰ ਕੇ ਡਾ. ਅਤਰ ਸਿੰਘ ਜੇ ਕਿਸੇ ਵੀ ਰਸਮੀ ਜਾਂ ਗੈਰਰਸਮੀ ਸਭਾ, ਮਿਲਣੀ ਜਾਂ ਵਿਚਾਰ-ਚਰਚਾ ਵਿਚ ਆਪਣੀ ਅਸਾਧਾਰਨ ਹਾਜ਼ਰੀ ਲੁਆਉਂਦਾ ਸੀ, ਤਾਂ ਉਸ ਦੀ ਸਰੀਰਕ ਦਿੱਖ ਵੀ ਉਸ ਦੇ ਦਿਮਾਗ ਤੇ ਉਸ ਦੇ ਬੌਧਿਕ ਚਿੰਤਨ ਦੀ ਹਾਣੀ ਹੋ ਕੇ ਆਪਣਾ ਪ੍ਰਭਾਵ ਛਡਦੀ ਸੀ। ਪਾਰਕਿਨਸਨ ਦੀ ਬੀਮਾਰੀ ਲੱਗਣ ਪਿਛੋਂ ਉਸ ਦਾ ਦਿਮਾਗ ਤਾਂ ਉਸ ਦੇ ਅੰਤਿਮ ਪਲਾਂ ਤਕ ਉਨਾ ਹੀ ਤਿੱਖਾ ਤੇ ਪ੍ਰਭਾਵੀ ਰਿਹਾ, ਅਹਿਸਾਸਾਂ ਤੇ ਭਾਵਾਂ ਦੀ ਪੱਧਰ ਉਤੇ ਉਸ ਵਿਚਲੀ ਸੰਵੇਦਨਸ਼ੀਲਤਾ, ਪਿਆਰ ਤੇ ਨਿੱਘ ਨਾਲ ਓਤ-ਪੋਤ ਉਸ ਦੀ ਮਾਨਵਤਾ ਵੀ ਕਾਇਮ ਰਹੀ, ਪਰ ਸਰੀਰ ਵੱਲੋਂ ਉਹ ਜਲੌਅ ਨਾ ਰਿਹਾ, ਜੋ ਬੀਮਾਰੀ ਲੱਗਣ ਤੋਂ ਪਹਿਲਾਂ ਸੀ।

ਪੰਜਾਬੀ ਦੇ ਅਕਾਦਮਿਕ, ਸਾਹਿਤਕ ਤੇ ਬੌਧਿਕ ਮੰਡਲਾਂ ਵਿਚ ਡਾ. ਅਤਰ ਸਿੰਘ ਦਾ ਪ੍ਰਵੇਸ਼ ਇਕ ਸਹਿਜ ਵਰਤਾਰਾ ਨਹੀਂ ਸੀ। ਪਰਿਵਾਰਕ ਪਿਛੋਕੜ ਅਤੇ ਜੀਵਨ ਦੇ ਪਹਿਲੇ ਵਰ੍ਹਿਆਂ ਦੇ ਉਸ ਦੇ ਚੌਗਿਰਦੇ ਵਿਚੋਂ ਅਜਿਹੀ ਕੋਈ ਗੱਲ ਲੱਭਣੀ ਮੁਸ਼ਕਿਲ ਹੈ, ਜੋ ਉਸ ਵਰਗੀ ਅਸਾਧਾਰਨ ਬੌਧਿਕ ਪ੍ਰਤਿਭਾ ਦੇ ਉਭਰਨ ਤੇ ਵਧਣ-ਫੁੱਲਣ ਲਈ ਸਾਜ਼ਗਾਰ ਸਮਝੀ ਜਾਂਦੀ ਹੋਵੇ। ਦੇਸ਼ ਦੀ ਵੰਡ ਉਪਰੰਤ ਪੱਛਮੀ ਪੰਜਾਬ ਵਿਚੋਂ ਅਨੇਕਾਂ ਹੀ ਹੋਰ ਲੋਕਾਂ ਵਾਂਗ ਉਜੜ ਕੇ ਆਏ ਇਕ ਸਾਧਾਰਨ ਪਰਿਵਾਰ ਦੇ ਮੁੱਛ-ਫੁੱਟ ਗੱਭਰੂ ਲਈ ਰੋਟੀ-ਰੋਜ਼ੀ ਦੇ ਏਨੇ ਝਮੇਲੇ ਸਨ ਕਿ ਉਚੇਰੀ ਪੱਧਰ ਦੇ ਚਿੰਤਨ ਤੇ ਕਲਾਤਮਕ

ਰੁਚੀਆਂ ਦੇ ਵਿਗਸਣ ਦੀ , ਪ੍ਰਤੱਖ ਰੂਪ ਵਿਚ, ਕੋਈ ਸੰਭਾਵਨਾ ਨਜ਼ਰ ਹੀ ਨਹੀਂ ਸੀ ਆਉਂਦੀ। ਇਸੇ ਲਈ ਜਦੋਂ ਪਟਿਆਲੇ ਵਿਚ ਉਸ ਨੇ ਪੰਜਾਬ ਸਰਕਾਰ ਦੇ ਕਿਸੇ ਦਫਤਰ ਵਿਚ ਸਾਧਾਰਨ ਕਲਰਕ ਦੀ ਨੌਕਰੀ ਸਾਂਭੀ ਤਾਂ ਉਸ ਦੇ ਸਹਿਕਰਮੀਆਂ ਜਾਂ ਅਧਿਕਾਰੀਆਂ ਨੂੰ ਗੁਮਾਨ ਵੀ ਨਹੀਂ ਸੀ ਹੋ ਸਕਦਾ ਕਿ ਉਨ੍ਹਾਂ ਦਾ ਇਹ ਸੰਗੀ ਬਹੁਤ ਛੇਤੀ ਅਕਾਦਮਿਕਤਾ ਅਤੇ ਸਾਹਿਤ ਦੇ ਜਗਤ ਤੋਂ ਬਿਨਾਂ ਵਿਆਪਕ ਸਮਾਜੀ ਰਾਜਸੀ ਜੀਵਨ ਵਿਚ ਬਹੁਤ ਤੇਜ਼ੀ ਨਾਲ ਮੱਲਾਂ ਮਾਰਦਾ ਅਗਾਂਹ ਲੰਘ ਜਾਵੇਗਾ।

ਘਰ ਦਾ ਗੁਜ਼ਾਰਾ ਤੋਰਨ ਲਈ ਆਪਣੀ ਨਿਗੂਣੀ ਜਿਹੀ ਨੌਕਰੀ ਦੇ ਨਾਲ ਨਾਲ ਜਦੋਂ ਉਸਨੇ ਐਮ. ਏ. ਦੀ ਪੜ੍ਹਾਈ ਲਈ ਮਹਿੰਦਰਾ ਕਾਲਿਜ ਪਟਿਆਲਾ ਵਿਚ ਦਾਖਲਾ ਲਿਆ ਤਾਂ ਪ੍ਰੋਫੈਸਰ ਪ੍ਰੀਤਮ ਸਿੰਘ ਵਰਗੇ ਸਤਿਕਾਰ-ਪ੍ਰਾਪਤ ਅਧਿਆਪਕਾਂ ਨੂੰ ਜਾਣਨ ਵਿਚ ਦੇਰੀ ਨਾ ਲੱਗੀ ਕਿ ਅਤਰ ਸਿੰਘ ਕੋਈ ਆਮ-ਫਹਿਮ ਵਿਦਿਆਰਥੀ ਨਹੀਂ; ਉਹ ਬਹੁਤ ਛੇਤੀ ਲੰਮੀਆਂ ਪੁਲਾਂਘਾਂ ਪੁੱਟ ਕੇ ਉਨ੍ਹਾਂ ਤੋਂ ਕਿਤੇ ਅਗਾਂਹ ਜਾਣ ਦੀ ਸੰਭਾਵਨਾ ਆਪਣੇ ਵਿਚ ਸਮੋਈ ਬੈਠਾ ਹੈ। ਗੌਰਮਿੰਟ ਕਾਲਿਜ ਰੋਪੜ ਤੋਂ ਜਦੋਂ ਉਸ ਨੇ ਲੈਕਚਰਾਰ ਵਜੋਂ ਆਪਣਾ ਅਧਿਆਪਨ-ਕਾਰਜ ਆਰੰਭਿਆ ਤਾਂ ਉਸ ਦੇ ਸੰਪਰਕ ਵਿਚ ਆਉਣ ਵਾਲੇ ਸੂਝਵਾਨ ਵਿਦਿਆਰਥੀਆਂ ਨੂੰ ਵੀ ਇਕ ਹੈਰਾਨੀ ਭਰਿਆ ਪਰ ਸੁਖਮਈ ਅਹਿਸਾਸ ਹੋਇਆ ਕਿ ਉਨ੍ਹਾਂ ਦਾ ਇਹ ਨੌਜਵਾਨ ਅਧਿਆਪਕ ਭੀੜ ਵਿਚ ਰਲਣ ਵਾਲਾ ਕੋਈ ਮਾਮੂਲੀ ਇਨਸਾਨ ਨਹੀਂ। ਉਸ ਦੀ ਬੌਧਿਕਤਾ ਦਾ ਆਭਾ-ਮੰਡਲ ਸ਼ੁਰੂ ਵਿਚ ਹੀ ਆਪਣਾ ਰੰਗ ਵਿਖਾ ਰਿਹਾ ਸੀ।

ਲਗਪਗ ਏਸੇ ਹੀ ਸਮੇਂ ਜਦੋਂ ਡਾ. ਅਤਰ ਸਿੰਘ ਦੀ ਪਹਿਲੀ ਆਲੋਚਨਾ ਪੁਸਤਕ 'ਕਾਵਿ ਅਧਿਐਨ' ਛਪੀ ਤਾਂ ਪੰਜਾਬੀ ਦੇ ਸਾਹਿਤਕ ਹਲਕਿਆਂ ਨੂੰ ਇਕ ਜ਼ੁਬਾਨ ਹੋ ਕੇ ਇਸ ਪੁਸਤਕ ਵਿਚਲੀ ਅਧਿਐਨ ਦੀ ਡੂੰਘਾਈ, ਚਿੰਤਨ ਦੀ ਪੱਧਰ ਤੇ ਇਸ ਦੇ ਦ੍ਰਿਸ਼ਟੀਗਤ ਪਾਸਾਰ ਦੀ ਸਰਾਹਣਾ ਕਰਨੀ ਪਈ। ਇਸ ਛੋਟੀ ਜਿਹੀ ਪਹਿਲੀ ਪੁਸਤਕ ਦੇ ਨਾਲ ਹੀ ਡਾ. ਅਤਰ ਸਿੰਘ ਦਾ ਪੰਜਾਬੀ ਦੇ ਸਿਰਮੌਰ ਸਾਹਿਤ-ਸਮੀਖਿਅਕ ਵਜੋਂ ਸਥਾਨ ਮੱਲਣ ਦਾ ਜਿਵੇਂ ਅਧਿਕਾਰ ਸਥਾਪਤ ਹੋ ਗਿਆ। ਉਸ ਤੋਂ ਮਗਰੋਂ 'ਦ੍ਰਿਸ਼ਟੀਕੋਣ', 'ਸਮਦਰਸ਼ਨ' ਤੇ 'ਸਾਹਿਤ ਸੰਵੇਦਨਾ' ਸ਼ੀਰਸ਼ਕ ਵਾਲੀਆਂ ਉਸ ਦੀਆਂ ਆਲੋਚਨਾਤਮਕ ਪੁਸਤਕਾਂ ਨਾ ਕੇਵਲ ਮੱਧ ਕਾਲ ਤੇ ਆਧੁਨਿਕ ਕਾਲ ਦੇ ਪੰਜਾਬੀ ਸਾਹਿਤ ਸਗੋਂ ਨਵੇਂ ਪੁਰਾਣੇ ਚਿੰਤਨ ਨੂੰ ਸਮਾਜਕ ਤੇ ਇਤਿਹਾਸਕ ਸੰਦਰਭ ਵਿਚ ਵਾਚ ਕੇ ਪ੍ਰਾਸੰਗਿਕਤਾ ਪ੍ਰਦਾਨ ਕਰਨ ਵੱਲ ਇਕ ਵੱਡਾ ਤੇ ਮੁੱਲਵਾਨ ਯਤਨ ਪ੍ਰਵਾਨ ਹੋਈਆਂ। ਇਨ੍ਹਾਂ ਆਲੋਚਨਾਤਮਕ ਪੁਸਤਕਾਂ ਵਿਚੋਂ ਡਾ. ਅਤਰ ਸਿੰਘ ਦੀ ਮਾਨਵਵਾਦੀ ਪਹੁੰਚ ਦੇ ਨਾਲ ਨਾਲ ਕਿਸੇ ਵੀ ਸਾਹਿਤਕ ਕਿਰਤ ਜਾਂ ਸਮਾਜਕ ਵਰਤਾਰੇ ਦੀਆਂ ਲੁਕਵੀਆਂ ਪਰਤਾਂ ਦੇ ਸੱਚ ਨੂੰ ਉਭਾਰਨ ਦੀ ਸਮਰਥਾ ਦਾ ਜੋ ਪ੍ਰਮਾਣ ਮਿਲਦਾ ਹੈ ਉਹ ਸੰਤ ਸਿੰਘ ਸੇਖੋਂ ਵਰਗੇ ਪ੍ਰੌਢ ਚਿੰਤਕਾਂ ਤੋਂ ਬਿਨਾਂ, ਪੰਜਾਬੀ ਦੇ ਕਿਸੇ ਵੀ ਹੋਰ ਸਾਹਿਤ-ਸਮੀਖਿਅਕ ਵਿਚ ਪ੍ਰਾਪਤ ਨਹੀਂ।

ਇਕ ਸਾਹਿਤ-ਆਲੋਚਕ ਵਜੋਂ ਡਾ. ਅਤਰ ਸਿੰਘ ਦੀ ਵਡਿਆਈ ਦਾ ਵੱਡਾ ਆਧਾਰ ਹੀ ਇਹ ਸੀ ਕਿ ਉਹ ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਵਿਚ ਉਚੀਆਂ ਪਦਵੀਆਂ ਉਤੇ ਬਿਰਾਜਮਾਨ ਵਿਦਵਾਨਾਂ ਵਾਂਗ ਸਾਹਿਤ-ਰਚਨਾ ਤੇ ਸਾਹਿਤਕ ਗਤੀਵਿਧੀ ਨੂੰ ਇਕ ਨਿਵੇਕਲੇ ਬੰਦ ਖਾਨੇ ਵਿਚ ਵੇਖਣ ਦੀ ਥਾਂ ਇਸ ਨੂੰ ਸਮਾਜਕ ਸਮਾਚਾਰਾਂ ਅਤੇ ਜਨ-ਜੀਵਨ ਦੇ ਦੂਜੇ ਅਹਿਮ ਸਰੋਕਾਰਾਂ ਨਾਲ ਜੋੜ ਕੇ ਵੇਖਣ ਸਮਝਣ ਤੇ ਅਰਥ ਪ੍ਰਦਾਨ ਕਰਨ ਵਿਚ ਵਿਸ਼ਵਾਸ ਰੱਖਦਾ ਸੀ। ਏਸੇ ਲਈ ਉਸ ਨੇ ਸਮੁੱਚੇ ਸੰਸਾਰ ਦੇ ਬਹੁਭਾਂਤੀ ਚਿੰਤਨ, ਖਾਸ ਕਰਕ ਸਾਰਥਕ ਚਿੰਤਨ, ਨਾਲ ਆਪਣੇ ਆਪ ਨੂੰ ਪਰਿਚਿਤ ਰੱਖਣ ਦਾ ਭਰਪੂਰ ਯਤਨ ਕੀਤਾ। ਸਿੱਟੇ ਵਜੋਂ ਉਸ ਦੀ ਹਰ ਲਿਖਤ ਵਿਚ ਡੂੰਘਾਈ ਤੇ ਤਾਜ਼ਗੀ ਵੇਖੀ ਜਾ ਸਕਦੀ ਸੀ।



ਇਸ ਦੌਰਾਨ ਦੇਸ਼ ਵਿਦੇਸ਼ ਦੀਆਂ ਕਿੰਨੀਆਂ ਹੀ ਯੂਨੀਵਰਸਿਟੀਆਂ, ਅਕਾਦਮਿਕ ਤੇ ਸਮਾਜਕ ਸੰਸਥਾਵਾਂ ਵਿਚ ਜਿਥੇ ਉਸ ਨੇ ਆਪਣੀ ਬੌਧਿਕਤਾ ਨੂੰ ਸਾਣ 'ਤੇ ਚੜ੍ਹਾਇਆ, ਉਥੇ ਆਪਣੀ ਵਿਦਵਤਾ ਤੇ ਗਿਆਨ ਦਾ ਯਥਾ ਸੰਭਵ ਸੰਚਾਰ ਪ੍ਰਸਾਰ ਵੀ ਕੀਤਾ। ਵੱਖ ਵੱਖ ਭਾਸ਼ਾਵਾਂ ਤੇ ਵੱਖ ਵੱਖ ਦੇਸ਼ਾਂ ਦੇ ਬੁਧੀਜੀਵੀਆਂ ਦੇ ਮੋਢੇ ਨਾਲ ਉਸ ਨੇ ਆਪਣਾ ਮੋਢਾ ਵੀ ਮਿਲਾਇਆ ਅਤੇ ਉਨ੍ਹਾਂ ਨਾਲ ਵਿਚਾਰਧਾਰਕ ਆਦਾਨ-ਪ੍ਰਦਾਨ ਵਜੋਂ ਬੜਾ ਕੁਝ ਨਵਾਂ ਗ੍ਰਹਿਣ ਵੀ ਕੀਤਾ। ਪਾਕਿਸਤਾਨ, ਸਾਬਕਾ ਸੋਵੀਅਤ ਯੂਨੀਅਨ, ਅਮਰੀਕਾ, ਕੈਨੇਡਾ ਤੇ ਯੂਰਪ ਵਿਚ ਜਿਨ੍ਹਾਂ ਵੀ ਦੇਸ਼ਾਂ ਦਾ ਡਾ. ਅਤਰ ਸਿੰਘ ਨੇ ਭਰਮਣ ਕੀਤਾ, ਉਥੋਂ ਦੇ ਸਾਹਿਤਕ ਤੇ ਅਕਾਦਮਿਕ ਮੰਡਲਾਂ ਵਿਚ ਆਪਣੀ ਬੌਧਿਕ ਪ੍ਰਤਿਭਾ ਦੀ ਅਜਿਹੀ ਮੋਹਰ-ਛਾਪ ਲਾਈ ਕਿ ਬਹੁਤ ਹਾਲਤਾਂ ਵਿਚ ਉਚੇ ਕੱਦ ਵਾਲੇ ਸਮਝੇ ਜਾਂਦੇ ਬੁਧੀਮਾਨਾਂ ਨਾਲ ਉਸ ਦਾ ਇਕ ਪੱਕਾ-ਪੀਡਾ ਰਿਸ਼ਤਾ ਬਣ ਗਿਆ।

ਇਕ ਅਧਿਆਪਕ ਵਜੋਂ ਡਾ. ਅਤਰ ਸਿੰਘ ਦਾ ਇਹ ਇਕ ਬਹੁਤ ਵੱਡਾ ਗੁਣ ਸੀ ਕਿ ਉਸ ਨੂੰ ਇਸ ਗੱਲ ਦੀ ਚਿੰਤਾ ਨਹੀਂ ਸੀ ਕਿ ਉਸ ਦਾ ਮੌਲਿਕ ਚਿੰਤਨ ਕੇਵਲ ਉਸ ਦੁਆਰਾ ਹੀ, ਉਸ ਦੇ ਨਾਂ ਹੇਠਾਂ ਹੀ ਪੰਜਾਬੀ ਦੇ ਸਾਹਿਤਕ ਤੇ ਅਕਾਦਮਿਕ ਖੇਤਰ ਵਿਚ ਨਮੂਦਾਰ ਹੋਵੇ। ਆਪਣੇ ਮੌਲਿਕ ਚਿੰਤਨ ਦਾ ਤਕੜਾ ਭਾਗ ਉਸ ਨੇ, ਬਹੁਤ ਹਾਲਤਾਂ ਵਿਚ ,ਪਹਿਲੀ ਵਾਰ ਆਪਣੇ ਵਿਦਿਆਰਥੀਆਂ ਤਕ ਪੁਚਾਇਆ ਅਤੇ ਅਗਾਂਹ ਵਿਦਿਆਰਥੀਆਂ ਰਾਹੀਂ ਉਸ ਦਾ ਸੰਚਾਰ ਪ੍ਰਸਾਰ ਹੋਇਆ।

ਸਾਹਿਤਕ ਤੇ ਅਕਾਦਮਿਕ ਸਰਗਰਮੀ ਨੂੰ ਵਿਰਾਟ ਸਮਾਜਕ ਜੀਵਨ ਤੋਂ ਨਿਰਲੇਪ ਰੂਪ ਵਿਚ ਨਾ ਵੇਖਣ ਦੀ ਡਾ. ਅਤਰ ਸਿੰਘ ਦੀ ਸਮਝ ਦਾ ਹੀ ਇਹ ਵਿਹਾਰਕ ਪੱਖ ਸੀ ਕਿ ਉਸ ਨੇ ਪੰਜਾਬ ਪ੍ਰਦੇਸ਼, ਸਮੁੱਚੇ ਦੇਸ਼ ਅਤੇ ਦੇਸ਼ਾਂ- ਦੇਸ਼ਾਂਤਰਾਂ ਦੇ ਰਾਜਨੀਤਕ ਸਮਾਚਾਰਾਂ ਵਿਚ ਹਮੇਸ਼ਾਂ ਡੂੰਘੀ ਦਿਲਚਸਪੀ ਲਈ। ਪੰਜਾਬ ਦੀ ਸਾਂਝੀ ਸਭਿਆਚਾਰਕ ਵਿਰਾਸਤ ਨਾਲ ਉਸ ਦੇ ਮੋਹ ਅਤੇ ਧਰਮ-ਨਿਰਪੇਖ ਮਾਨਵਵਾਦੀ ਸ਼ਕਤੀਆਂ ਦੇ ਵਿਕਾਸ ਵਿਚ ਉਸ ਦੀ ਦਿਲਚਸਪੀ ਕਈ ਰੂਪਾਂ ਵਿਚ ਆਪਣਾ ਪ੍ਰਗਟਾ ਕਰਦੀ ਰਹੀ। ਪੰਜਾਬ ਦੇ ਵੱਖ ਵੱਖ ਰੰਗਾਂ ਵਾਲੇ ਸਿਆਸੀ ਆਗੂਆਂ, ਕਾਂਗਰਸੀਆਂ, ਅਕਾਲੀਆਂ, ਕਮਿਊਨਿਸਟਾਂ ਨੂੰ ਡਾ. ਅਤਰ ਸਿੰਘ ਦੀ ਤੀਖਣ ਬੌਧਿਕ ਸੂਝ ਦਾ ਭਲੀਭਾਂਤ ਅਹਿਸਾਸ ਸੀ। ਉਹ ਆਗੂ ਸਮੇਂ ਸਮੇਂ ਇਸ ਬੌਧਿਕਤਾ ਤੋਂ ਲਾਹਾ ਲੈਣ ਦਾ ਯਤਨ ਕਰਦੇ ਸਨ। ਪਰਤਵੇਂ ਰੂਪ ਵਿਚ ਡਾ. ਅਤਰ ਸਿੰਘ ਨੂੰ ਵੀ ਸਿਆਸੀ ਆਗੂਆਂ ਨੂੰ ਆਪਣੀਆਂ ਬੌਧਿਕ ਸੇਵਾਵਾਂ ਪੇਸ਼ ਕਰਨ ਵਿਚ ਕੋਈ ਬਹੁਤੀ ਝਿਜਕ ਨਹੀਂ ਸੀ। ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਸਾਂਝੀ ਪੰਜਾਬੀਅਤ ਦੇ ਹਿਤ ਵਿਚ ਕਿਸੇ ਵੀ ਰਾਜਸੀ ਧਿਰ ਨੂੰ ਲੋੜ ਅਨੁਸਾਰ ਸਹਿਯੋਗ ਦੇਣ ਵਿਚ ਡਾ. ਅਤਰ ਸਿੰਘ ਨੇ ਕਦੇ ਢਿੱਲ ਨਾ ਵਿਖਾਈ।

ਰਾਜਨੀਤਕ ਸਮਾਚਾਰਾਂ ਵਿਚ ਅਸਾਧਾਰਨ ਦਿਲਚਸਪੀ ਸੀ ਤਾਂ ਡਾ. ਅਤਰ ਸਿੰਘ ਦੇ ਬੌਧਿਕ ਚਿੰਤਨ ਦਾ ਇਕ ਪਾਸਾਰ ਹੀ, ਪਰ ਇਸ ਦਿਲਚਸਪੀ ਦੀ ਜਿੰਨੀ ਮਹਿੰਗੀ ਕੀਮਤ ਡਾ. ਅਤਰ ਸਿੰਘ ਨੇ ਚੁਕਾਈ ਅਤੇ ਇਸ ਦਾ ਜਿੰਨਾ ਘਾਟਾ ਪੰਜਾਬੀ ਦੇ ਸਾਹਿਤਕ ਤੇ ਬੌਧਿਕ ਜਗਤ ਨੂੰ ਹੋਇਆ ਉਸ ਦਾ ਅਹਿਸਾਸ ਮਨ ਨੂੰ ਵਿਚਲਿਤ ਕਰ ਜਾਂਦਾ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਕ ਬੁਧੀਮਾਨ ਵਜੋਂ ਡਾ. ਅਤਰ ਸਿੰਘ ਦੀ ਭੂਮਿਕਾ ਸਰਬ-ਗਿਆਤ ਹੈ। ਇਸ ਸਮਝੌਤੇ ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਪ੍ਰੋਤਸਾਹਨ ਲਈ ਪਾਈਆਂ ਗਈਆਂ ਸਭ ਮਦਾਂ ਡਾ. ਅਤਰ ਸਿੰਘ ਦੇ ਨਿਵੇਕਲੇ ਤੇ ਪ੍ਰਭਾਵਕਾਰੀ ਦਖਲ ਦਾ ਹੀ ਸਿੱਟਾ-ਮਾਤਰ ਸਨ। ਆਪਣੇ ਇਸ ਅਮਲ ਲਈ ਡਾ. ਅਤਰ ਸਿੰਘ ਸਾਹਮਣੇ ਕਿਸੇ ਤਰ੍ਹਾਂ ਦੀ ਕੋਈ ਰਾਜਸੀ ਵੱਡ-ਅਕਾਂਖਿਆ ਨਹੀਂ ਸੀ। ਇਸ ਦਾ ਪ੍ਰਮਾਣ ਇਸ ਤੋਂ ਵੱਧ ਹੋਰ ਕੀ ਹੋ

ਸਕਦਾ ਹੈ ਕਿ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੇ ਆਪਣੇ ਪਹਿਲੇ ਪਦ ਤੋਂ ਵੱਧ ਕੁਝ ਵੀ ਹੋਰ ਪ੍ਰਾਪਤ ਕਰਨ ਦਾ ਉਸ ਨੇ ਯਤਨ ਤਾਂ ਕੀ ਕਰਨਾ ਸੀ, ਅਕਾਂਖਿਆ ਵੀ ਨਹੀਂ ਕੀਤੀ। ਪਰ ਪੰਜਾਬੀਅਤ ਦੇ ਭਲੇ ਲਈ ਉਸ ਦਾ ਇਹ ਨਿਰਸੁਆਰਥ ਕਾਰਜ ਹੀ ਡਾ. ਅਤਰ ਸਿੰਘ ਲਈ ਪਿਛਲਾ ਪੂਰਾ ਦਹਾਕਾ ਇਕ ਤ੍ਰਾਸਦੀ ਬਣਿਆ ਰਿਹਾ। ਸਮੁੱਚੇ ਪੰਜਾਬ ਲਈ ਸੰਤਾਪ ਦੇ ਇਨ੍ਹਾਂ ਵਰ੍ਹਿਆਂ ਵਿਚ ਰਾਜੀਵ ਲੌਂਗੋਵਾਲ ਸਮਝੌਤੇ ਵਿਚ ਆਪਣੀ ਭੂਮਿਕਾ ਕਾਰਨ ਡਾ. ਅਤਰ ਸਿੰਘ ਨੂੰ ਸੁਰੱਖਿਆ ਅਮਲੇ ਦਾ ਕੈਦੀ ਬਣਨ ਲਈ ਮਜਬੂਰ ਹੋਣਾ ਪਿਆ ਅਤੇ ਵੱਖ ਵੱਖ ਵਿਚਾਰ-ਗੋਸ਼ਟੀਆਂ, ਕਾਨਫਰੰਸਾਂ ਤੇ ਮਿਲਣੀਆਂ ਵਿਚ ਸ਼ਮੂਲੀਅਤ ਵਰਗੀਆਂ ਆਪਣੀਆਂ ਸਰਗਰਮੀਆਂ ਦਾ ਘੇਰਾ ਘਟਾਉਣਾ ਪਿਆ। ਪਾਰਕਿਨਸਨ ਦੀ ਬੀਮਾਰੀ ਦੇ ਨਾਲ ਜੁੜ ਕੇ ਇਹ ਉਪਰਲੀ ਹਕੀਕਤ ਨਿਜੀ ਤੌਰ 'ਤੇ ਡਾ. ਅਤਰ ਸਿੰਘ ਲਈ ਹੀ ਮਾਰੂ ਸਿੱਧ ਨਹੀਂ ਹੋਈ, ਇਸ ਨੇ ਸਮੁੱਚੇ ਪੰਜਾਬੀ ਸਾਹਿਤ-ਸਭਿਆਚਾਰ ਦੇ ਜਗਤ ਨੂੰ ਬਹੁਤ ਵੱਡਾ ਨੁਕਸਾਨ ਪੁਚਾਇਆ।

ਇਹ ਵਿਛੋੜਾ ਇਸ ਕਰਕੇ ਹੋਰ ਵੀ ਵਧੇਰੇ ਦੁਖਦਾਈ ਹੈ ਕਿ ਡਾ. ਅਤਰ ਸਿੰਘ ਸਾਧਾਰਨ ਲੋਕਾਂ ਤੋਂ ਦੂਰ ਰਹਿ ਕੇ ਕਿਸੇ ਉਚੇਰੇ ਨਿਵੇਕਲੇ ਜਗਤ ਵਿਚ ਵਿਚਰਨ ਵਾਲਾ ਬੁੱਧੀਜੀਵ ਨਹੀਂ ਸੀ। ਉਸ ਦੀ ਬੌਧਿਕ ਪ੍ਰਤਿਭਾ ਉਸ ਨੂੰ ਵੱਡੀਆਂ ਸ਼ਖਸੀਅਤਾਂ ਦੇ ਨੇੜ ਵਿਚ ਤਾਂ ਲੈ ਕੇ ਗਈ, ਪਰ ਆਪਣੇ ਆਮ ਵਿਹਾਰ ਵਿਚ ਉਹ ਸਾਧਾਰਨ ਲੋਕਾਂ ਦੇ ਸੰਗ-ਸਾਥ ਵਿਚ ਭਰਪੂਰ ਖੁਸ਼ੀ ਅਨੁਭਵ ਕਰਦਾ ਸੀ। ਕਿਸੇ ਵੀ ਨਵੀਂ ਉਭਰਦੀ ਪ੍ਰਤਿਭਾ ਨੂੰ ਉਤਸ਼ਾਹ ਦੇਣਾ ਤਾਂ ਉਸ ਦਾ ਸੁਭਾਅ ਹੀ ਸੀ, ਪਰ ਜੇ ਅਜਿਹੀ ਪ੍ਰਤਿਭਾ ਪ੍ਰਤੀਕੂਲ ਮਾਹੌਲ ਵਿਚੋਂ ਉਭਰ ਰਹੀ ਹੋਵੇ, ਤਾਂ ਉਸ ਨੂੰ ਹੋਰ ਅੱਗੇ ਵਧਾਉਣ ਵਿਚ ਡਾ. ਅਤਰ ਸਿੰਘ ਨੂੰ ਵਿਸ਼ੇਸ਼ ਖੁਸ਼ੀ ਹਾਸਿਲ ਹੁੰਦੀ ਸੀ।

ਡਾ. ਅਤਰ ਸਿੰਘ ਉਨ੍ਹਾਂ ਕੁਝ ਕੁ ਤੀਖਣ-ਬੁੱਧ ਸ਼ਖਸੀਅਤਾਂ ਵਿਚੋਂ ਸੀ ਜੋ ਪੰਜਾਬ ਨੇ ਇਸ ਸਦੀ ਵਿਚ ਪੈਦਾ ਕੀਤੀਆਂ। ਉਹ ਆਪਣੇ ਬੌਧਿਕ ਗੁਣਾਂ ਦੇ ਨਾਲ ਨਾਲ ਇਕ ਬਹੁਤ ਹੀ ਸੁਹਿਰਦ ਇਨਸਾਨ ਸੀ, ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਪਰਨਾਇਆ ਮਨੁੱਖ। ਸਾਡੇ ਸਮਾਜ ਨੇ ਉਸ ਨੂੰ ਕੁਝ ਮਾਣ-ਸਨਮਾਨ ਵੀ ਦਿੱਤਾ। ਭਾਰਤ ਸਰਕਾਰ ਨੇ ਉਸ ਨੂੰ ਪਦਮਸ੍ਰੀ ਨਾਲ ਸਨਮਾਨਿਆ। ਪੰਜਾਬ ਆਰਟਸ ਕੌਂਸਲ ਦਾ ਉਸ ਨੂੰ ਚੇਅਰਮੈਨ ਥਾਪਿਆ ਗਿਆ ਅਤੇ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਦੀ ਪਹਿਲਕਦਮੀ ਉਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ ਯੂਨੀਵਰਸਿਟੀ ਦੇ ਸਭ ਤੋਂ ਉਚੇ ਸਨਮਾਨਾਰਥ ਪਦ ਪੰਜਾਬੀ ਦੇ ਪਹਿਲੇ "ਪ੍ਰੋਫੈਸਰ ਆਫ ਐਮੀਨੈਂਸ' ਵਜੋਂ ਨਿਯੁਕਤ ਕੀਤਾ ਗਿਆ। ਇਹ ਮਾਣ-ਸਨਮਾਨ ਉਸ ਦੀ ਪ੍ਰਾਪਤੀ ਸਨ ਅਤੇ ਇਨ੍ਹਾਂ ਨਾਲੋਂ ਵੀ ਕਿਤੇ ਵਡੇਰੇ ਸਨਮਾਨਾਂ ਤੇ ਪਦਾਂ ਦਾ ਉਹ ਅਧਿਕਾਰੀ ਸੀ।

ਪਰ ਹੁਣ ਜਦੋਂ ਮੌਤ ਦੇ ਕਾਹਲੇ ਹੱਥਾਂ ਨੇ ਡਾ. ਅਤਰ ਸਿੰਘ ਨੂੰ ਸਾਥੋਂ ਸਦਾ ਲਈ ਖੋਹ ਲਿਆ ਹੈ ਤਾਂ ਇਸ ਅਦੁੱਤੀ ਪ੍ਰਤਿਭਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਰਹਿ ਜਾਂਦਾ।

[ਰਘਬੀਰ ਸਿੰਘ]



## ਰਾਤ / ਲਖਵਿੰਦਰ ਜੌਹਲ

ਅੱਜ ਦੀ ਰਾਤ
ਘਰ ਦੀ ਛੱਤ ਉਤੇ ਕੁਝ ਇਸ ਤਰ੍ਹਾਂ ਉਤਰੀ
ਕਿ ਕੰਧਾਂ ਦੇ ਕੰਨਾਂ ਨੂੰ ਵੀ ਕੋਈ, ਖ਼ਬਰ ਨਹੀਂ ਹੋਈ
ਨਹੀਂ ਹੋਈ- ਨਿੱਕੀ ਮੋਟੀ ਵੀ ਸਰਸਰਾਹਟ
ਸੜਕ ਦੇ ਪਿੰਡੇ ਉਤੇ ਅਟਕੇ
ਸੱਚੇ ਮੋਤੀ ਡੁਸਕਣ ਲੱਗੇ ---

ਅੱਜ ਦੀ ਰਾਤ ਡਰਾਵਾ ਦੇਵੇ
ਆਖੇ --? "ਹੁਣ ਮੈਂ ਕਦੇ ਨਾ ਮੁੜਨਾ
ਛੱਤਾਂ ਉਤੇ ਚਿਪਕੇ ਰਹਿਣਾ, ਕੰਧਾਂ ਦੇ ਗਲ ਲੱਗ ਕੇ ਬਹਿਣਾ
ਬਹਿਣਾ- ਪਰ੍ਹਿਆ ਦੇ ਵਿਚ ਅੜਕੇ
ਅੰਧਕਾਰ ਦਾ ਚੋਲਾ ਪਾ ਕੇ, ਬਹਿਰੇਪਨ ਦੀ ਟੋਪੀ ਲੈ ਕੇ
ਦੁੱਖ-ਦਇਆ ਦੀ ਕੋਈ ਪੁਕਾਰ, ਮੇਰੇ ਕੰਨੋਂ ਆਰ ਨਾ ਪਾਰ
ਮੈਂ ਸਭ ਡੈਣਾਂ ਦੀ ਹਾਂ ਡੈਣ
ਮੈਨੂੰ ਹੀ ਲੋਕੀਂ ਕਲਯੁਗ ਕਹਿਣ
ਮੇਰੀ ਅੱਖ ਦੀ ਪੁੱਤਲੀ ਅੰਦਰ, ਪਰਲੋ ਤਾਂਡਵ ਨਾਚ ਨਚੇਂਦੀ,
ਮੇਰੇ ਹੀ ਕੰਨਾਂ ਦੇ ਓਹਲੇ, ਕੰਡਿਆਂ-ਵਿੰਨ੍ਹੀ ਤਿਤਲੀ ਰੋਵੇ
ਰੋਵੇ- ਫੁੱਲ ਦੀ ਪੱਤੀ ਪੱਤੀ, ਘਾਹ ਦਾ ਪੱਤਾ ਪੱਤਾ ਰੋਵੇ ----!

ਮੱਚਿਆ ਚੌਹ -ਕੂਟੀਂ ਕੁਹਰਾਮ
ਮੇਰੀ ਰੂਹ ਨੂੰ ਆਏ ਆਰਾਮ"

ਰਾਤ ਦੇ ਚੁੰਗਲ ਦੇ ਵਿਚ ਫਸਿਆ
ਆਪਣੀਆਂ ਬੰਦ ਅੱਖਾਂ ਥਾਣੀਂ, ਮੈਂ ਸੂਰਜ ਦਾ ਥਾਲ ਨਿਹਾਰਾਂ
ਆਪਣੇ ਬਹਿਰੇ ਕੰਨਾਂ ਅੰਦਰ, ਮੈਂ ਕਿਰਨਾਂ ਦਾ ਤਾਲ ਨਿਹਾਰਾਂ -----।

ਸਮਝ ਨਾ ਆਵੇ --- ਚੌਹਾਂ ਕੂਟਾਂ ਦਾ ਕੁਹਰਾਮ?
ਅੱਖ ਵਿਚ ਜਗਦਾ ਸੂਰਜ ਥਾਲ??
ਕੰਨਾਂ ਵਿਚ ਕਿਰਨਾਂ ਦਾ ਸੁਰਤਾਲ???
ਸੁਪਨਾ ਕਿਹੜਾ ? ਤੇ ਸੱਚ ਕਿਹੜਾ?

[20/75 ਗਾਰਡਨ ਕਲੋਨੀ, (ਮਾਡਲ ਟਾਊਨ) ਜਲੰਧਰ]

## ਇਰਾਦਾ / ਸ਼ਸ਼ੀ ਸਮੁੰਦਰਾ

ਮੈਂ ਆਪਣੀ ਬੇੜੀ ਦੂਜਿਆਂ ਨੂੰ ਦੇ ਦਿੱਤੀ ਹੈ
ਕਿਉਂ ਜੋ ਅੱਜ
ਦਰਿਆ ਵਿਚ ਠਿੱਲਣ ਦਾ ਮੇਰਾ ਮਨ ਨਹੀਂ
ਬਸ ਕੰਢੇ ਕੰਢੇ ਭਟਕਣ ਦਾ ਇਰਾਦਾ ਹੈ।

ਬੱਤਖਾਂ ਨੂੰ ਤੈਰਦੀਆਂ ਤੱਕ
ਚਾਹਾਂਗੀ ਮੈਂ ਬੱਤਖ ਹੋਵਾਂ-ਰੰਗ ਬਰੰਗੇ ਖੰਭਾਂ ਵਾਲੀ
ਤੇ ਪੈਰਾਂ ਦੇ ਚੱਪੂ ਬਣਾ ਇਕ ਕੰਢੇ ਤੋਂ ਦੂਜੇ ਵੱਲ
ਮੌਜ 'ਚ ਠਿੱਲਦੀ ਜਾਵਾਂ

ਦੇਖਾਂਗੀ ਜਦ ਮੱਛੀਆਂ ਨੂੰ
ਤਾਂ ਸੋਚਾਂਗੀ ਮੱਛੀ ਹੋਵਾਂ
ਚਿੱਟੀਆਂ, ਹਰੀਆਂ, ਨੀਲੀਆਂ ਲਹਿਰਾਂ ਵਿਚ
ਡੂੰਘੇ ਪਾਣੀ ਤਰਨਾ

ਜਾਂ ਮੌਨ-ਸਮਾਧੀ ਬਗਲੇ ਨੂੰ ਤੱਕ
ਚਾਹਾਂਗੀ ਮੈਂ ਬਗਲਾ ਹੋਵਾਂ
ਕੋਸੀ ਧੁੱਪੇ , ਪਾਣੀ ਕੰਢੇ- ਇੰਜ ਹੀ ਅੱਖਾਂ ਮੀਟ ਖਲੋਵਾਂ

ਜਾਂ ਚਾਹਾਂਗੀ ਬਣਨਾ ਮਿੱਟੀ-ਕੂਲੀ ਕੂਲੀ, ਕਾਲੀ ਕਾਲੀ
ਦਰਿਆ ਦੇ ਨਾਲ ਵਹਿੰਦੀ, ਢਹਿੰਦੀ

ਜਾਂ ਚਾਹਾਂਗੀ ਘੋਗਾ ਹੋਵਾਂ
ਬਣ ਕਿਸੇ ਨਿੱਕੇ ਜੰਤੂ ਦਾ ਘਰ
ਦਰਿਆ ਦੇ ਵਿਚ ਰਹਿਣਾ, ਜੀਣਾ
ਜਾਂ ਚਾਹਾਂਗੀ ਬਣਨਾ ਬੂਟੀ, ਪਾਣੀ ਲਾਗੇ ਉੱਗੀ

ਏਸੇ ਲਈ _ ਮੈਂ ਆਪਣੀ ਬੇੜੀ ਦੂਜਿਆਂ ਨੂੰ ਦੇ ਦਿੱਤੀ ਹੈ
ਕਿਉਂ ਜੋ ਅੱਜ ਦਰਿਆ ਵਿਚ ਠਿੱਲਣ ਦਾ ਮੇਰਾ ਮਨ ਨਹੀਂ
ਬਸ ਕੰਢੇ ਕੰਢੇ ਭਟਕਣ ਦਾ ਇਰਾਦਾ ਹੈ
ਤੇ ਇਹ ਭਟਕਣ ਮਾਨਣ ਦਾ ਇਰਾਦਾ ਹੈ।

[5903 E, Dewight St. FRESNO, CA 93727-U.S.A.]



## ਜੁੱਤੀਆਂ / ਇਕਬਾਲ ਰਾਮੂਵਾਲੀਆ

ਜੁੱਤੀਆਂ ਖਰੀਦਣ ਵੇਲੇ, ਗਾਹਕ ਬੇਮੁਰੰਮਤ ਸੜਕਾਂ ਵੀ ਖਰੀਦਦੇ ਨੇ
ਉਖੜੇ ਹੋਏ ਸਾਹਾਂ ਨਾਲ, ਉਮਰਾਂ ਨੂੰ ਘੜੀਸਣ ਲਈ

ਮੁਰੰਮਤ ਹੋਈਆਂ ਸੜਕਾਂ ਉੱਤੇ, ਕਰੈਡਿਟ ਕਾਰਡਾਂ ਦੀ ਦੌੜ ਲੱਗਦੀ ਹੈ
ਬੇਜ਼ੁਬਾਨ ਕਾਰਾਂ ਨੂੰ ਤਿਲਕਾਉਣ ਲਈ;
ਜਾਂ ਮੁਰੰਮਤ ਹੋਈਆਂ ਸੜਕਾਂ ਉਤੇ ਅਖਬਾਰ ਦੌੜਦੇ ਨੇ
ਘਾਣ ਹੋਈਆ ਖਬਰਾਂ ਨੂੰ ਮੋਟੀਆਂ ਮੋਟੀਆਂ ਸੁਰਖੀਆਂ 'ਚ ਲਪੇਟਣ ਲਈ।

ਬੇਮੁਰੰਮਤ ਸੜਕਾਂ ਉਤੇ ਥੱਕੇ ਹੋਏ ਬਟੂਏ ਰੀਂਗਦੇ ਨੇ
ਸੇਲ ਦੇ ਇਸ਼ਤਿਹਾਰਾਂ ਦੀ ਖਚਰੀ ਮੁਸਕਾਣ ਤੋਂ ਤ੍ਰਭਕੇ ਹੋਏ;
ਜਾਂ ਬੇਮੁਰੰਮਤ ਸੜਕਾਂ ਉਤੇ ਰੁਜ਼ਗਾਰ ਦਫਤਰ ਦਾ ਸੱਨਾਟਾ ਛਣਕਦਾ ਹੈ
ਖ਼ੌਫਜ਼ਦਾ ਦਰਖਤਾਂ ਦੇ ਪਰਛਾਂਵਿਆਂ ਨੂੰ ਪਰਚਾਉਣ ਲਈ;
ਜਾਂ ਬੇ ਮੁਰੰਮਤ ਸੜਕਾਂ ਉਤੇ ਹਲਕੀਆਂ ਹੋਈਆਂ ਮੌਰਗੇਜਾਂ ਘੁੰਮਦੀਆਂ ਨੇ
ਘਰਾਂ 'ਚੋਂ ਭੱਜੀ ਹੋਈ ਨੀਂਦ ਨੂੰ ਚੂਪਣ ਲਈ।

ਮੋਹਰਬੰਦ ਕਾਗਜ਼ਾਂ ਦੀਆਂ ਨਹੁੰਦਰਾਂ 'ਚ ਫੜ੍ਹ- ਫੜਾਉਂਦੇ
ਉਹਨਾਂ ਘਰਾਂ 'ਚ ਵਗਦੀਆਂ ਨੇ ਬੇਮੁਰੰਮਤ ਸੜਕਾਂ
ਜਿਨ੍ਹਾਂ 'ਚ ਸਿਰਫ ਉਨੀਂਦਰੇ ਦਾ ਵਾਸਾ ਹੈ,
ਜਾਂ ਨੀਂਦ ਦੀ ਉਡੀਕ 'ਚ ਧੌਲੇ ਹੋ ਗਏ ਸੁਪਨਿਆਂ ਦਾ

ਬੈਡੱਰੂਮਾਂ ਵਿਚ ਠਰੇ ਹੋਏ ਸਿਰਹਾਣੇ ਸੌਂਦੇ ਨੇ,
ਤੇ ਜਾਗਦੇ ਨੇ ਬੀਅਰ ਵਿਚ ਭਿੱਜੇ ਪਰਛਾਵੇਂ;
ਮਾਈਕਰੋਵੇਵ ਵਿਚ ਫਰਿੱਜ ਭੁਜਦਾ ਹੈ, ਤੇ ਫਰਿੱਜ ਵਿਚ ਜੰਮਿਆਂ ਹੋਇਆ ਬੰਦਾ।

ਮੈਂ ਦੇਖੀਆਂ ਨੇ, ਲਿਪਸਟਿੱਕ ਦੀ ਮੋਟੀ ਤਹਿ ਹੇਠ ਤੜਫਦੀਆਂ
ਰੂਹ ਤੀਕਰ ਟੁੱਟੀਆਂ ਹੋਈਆਂ ਸੜਕਾਂ,
ਮੈਂ ਦੇਖੇ ਨੇ ਮਿਨੀ ਸਕਰਟਾਂ 'ਚ ਹੂੰਗਦੇ, ਸੜਕਾਂ ਦੇ ਖੰਡਰ,
ਮੈਂ ਦੇਖੀ ਹੈ, ਟੈਕਸੀਆਂ 'ਚ ਬੈਠੀਆਂ ਸੜਕਾਂ 'ਚ ਖੁੱਭੀ ਹੋਈ ਬੇਚੈਨ ਜੁੱਤੀ।

ਜੁੱਤੀਆਂ ਪਹਿਨਣ ਤੋਂ ਬਾਦ, ਇਨਸਾਨ ਅਪੈਰਾ ਬਣ ਜਾਂਦਾ ਹੈ
ਤੇ ਇਕ ਅੰਨ੍ਹੇ ਸਫਰ 'ਤੇ ਨਿੱਕਲ ਤੁਰਦੀਆਂ ਨੇ
ਇਕ ਦੂਜੀ ਨੂੰ ਮਿਧਦੀਆਂ ਹੋਈਆਂ ਜੁੱਤੀਆਂ।

[341 Hansen Road North, Brampton, Ontario, Canada]

## ਖੇਤ ਤੇ ਸ਼ਹਿਰ / ਬਲਬੀਰ ਪਰਵਾਨਾ

ਬਰੇਤੇ 'ਚ ਬੇੜੀਆਂ ਨਹੀਂ ਠੇਲੀਦੀਆਂ
ਨਾ ਮੰਡ 'ਚ ਉਸਾਰਦਾ ਹੈ ਕੋਈ ਪੁਲ

ਖੇਤ ਜਦੋਂ ਸ਼ਹਿਰਾਂ ਦੇ ਘੇਰੇ 'ਚ ਆ ਜਾਂਦੇ ਹਨ
ਤਾਂ ਉਹਨਾਂ 'ਚ ਫਸਲਾਂ ਨਹੀਂ ਉਗਦੀਆਂ
ਮਕਾਨ ਬਣਦੇ ਹਨ, ਘਰ ਬਣਦੇ ਹਨ
ਤੇ ਉਹਨਾਂ ਘਰਾਂ ਨੂੰ ਜੋੜਦੀਆਂ ਤਾਰਕੋਲ ਦੀਆਂ ਸੜਕਾਂ

ਹਰ ਰੋਜ਼ ਇਕ ਦਿਨ ਮਰ ਜਾਂਦਾ ਹੈ
ਨਿਤ ਨਵੇਂ ਸੂਰਜ ਇਕ ਨਵਾਂ ਦਿਨ ਉਗਮਦਾ ਹੈ
ਨਿਰੰਤਰ ਵਹਿੰਦੀ ਪ੍ਰਕਿਰਿਆ
ਜਿਵੇਂ ਹਰ ਪੀੜ੍ਹੀ ਦੀਆਂ ਅੱਖਾਂ 'ਚ ਉਗਮਦੇ
ਨਵੇਂ ਸੁਪਨੇ, ਨਵੇਂ ਸੁਪਨ-ਸੰਸਾਰ

ਰਾਹਾਂ 'ਚ ਕੁਝ ਨਾ ਵਾਪਰੇ,
ਅਜਿਹਾ ਹੋ ਨਹੀ ਸਕਦਾ
ਰਾਹ ਹਾਦਸਿਆਂ ਨਾਲ ਭਰੇ ਹੁੰਦੇ ਹਨ
ਹਾਦਸੇ ! ਜੋ ਕਦੀ ਮੌਤ ਬਣਦੇ ਹਨ
ਤੇ ਕਦੀ ਬਣਦੇ ਹਨ ਜ਼ਿੰਦਗੀ

[ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ]

## ਗੀਤ / ਸੁਰਜੀਤ ਜੱਜ

ਕਾਲੀ ਰਾਤ ਕੋਲੋਂ, ਦੀਵਿਆਂ ਦੇ ਖ਼ਾਬ ਮੰਗੀਏ।
ਸੁੰਨੇ ਰਾਹਾਂ ਕੋਲੋਂ, ਪੈੜਾਂ ਦਾ ਹਿਸਾਬ ਮੰਗੀਏ।

ਕਿੱਦਾਂ ਦਸਤਕਾਂ ਤੇ ਸਰਦਲਾਂ ਦਾ ਹਾਣ ਟੁੱਟਿਆ।
ਸਾਡੇ ਹੱਥੋਂ ਸਾਡੇ ਵਿਹੜਿਆ ਦਾ ਮਾਣ ਟੁੱਟਿਆ।
ਰਾਜੇ ਅਦਲੀ ਦੇ ਅਦਲਾਂ ਨੂੰ, ਜਾਗ ਲਾਉਂਦਿਆਂ,
ਸਾਡੀ ਵੰਝਲੀ ਦੀ ਹੂਕ ਦਾ, ਤਰਾਣ ਟੁੱਟਿਆ।
ਜਿਨ੍ਹਾਂ ਵਾਸਤੇ ਜਵਾਬ ਨਿੱਤ ਲੱਭਦੇ ਰਹੇ,
ਉਨ੍ਹਾਂ ਕੋਲੋਂ ਹਰ ਪੁੱਛ ਦਾ ਜਵਾਬ ਮੰਗੀਏ।
ਢੱਠੇ ਆਲ੍ਹਣੇ ਦੇ ਕੱਖਾਂ ਨੂੰ ਹੀ ਜੋੜਦੇ ਰਹੇ।
ਬੁੱਢੇ ਰੁੱਖਾਂ ਦੇ ਸਹਾਰੇ ਨਿੱਤ ਲੋੜਦੇ ਰਹੇ।
ਸੁੱਟੇ ਚੋਗਿਆਂ ਦਾ ਲਾਲਚ ਤਿਆਗ ਨਾ ਸਕੇ,
ਨਿੱਤ ਖੰਭਾਂ ਨੂੰ ਉਡਾਰੀਆਂ ਤੋਂ ਥੋੜ੍ਹਦੇ ਰਹੇ।
ਬਹੁਤ ਮਾਲੀ ਦੀ ਕੁਨੀਤ ਦਾ ਸਰਾਪ ਭੋਗਿਆ,
ਆਓ ਮੌਸਮਾਂ ਤੋਂ ਮਹਿਕਾਂ ਦਾ ਸ਼ਬਾਬ ਮੰਗੀਏ।

ਸਾਡਾ ਜ਼ਰਾਅ- ਜ਼ਰਾਅ ਕਿੱਦਾਂ ਪਿਆਸ -ਪਿਆਸ ਹੋ ਗਿਆ।
ਕਿੰਨਾ ਬੌਣਾ-ਬੌਣਾ ਰਾਵੀ ਤੇ ਬਿਆਸ ਹੋ ਗਿਆ।
ਸਾਹਾਂ ਵਿਚ ਸੀ ਜੋ ਸੁੱਚਾ ਸੰਗੀਤ ਛੇੜਦਾ,
ਚੁੱਪੀ ਵੱਟ ਸਤਲੁਜ ਵੀ, ਉਦਾਸ ਹੋ ਗਿਆ।
ਸਾਡੇ ਵਾਸਤੇ ਜੋ ਪਾਣੀਆਂ ਦੀ ਖੈਰ ਮੰਗਦੇ,
ਉਨ੍ਹਾਂ ਕੋਲੋਂ ਸਾਡਾ ਜਿਹਲਮ-ਚਨਾਬ ਮੰਗੀਏ।

ਉਨ੍ਹਾਂ ਹੱਥ ਸਾਡੀ ਤੇਗ, ਤਲਵਾਰ ਨਾ ਬਣੇ।
ਸਾਡੇ ਨੇਤਰਾਂ ਦਾ ਨੂਰ ਅੰਧਕਾਰ ਨਾ ਬਣੇ
ਜਿਹੜਾ ਹੌਸਲਾ ਕਿਸੇ ਦੇ ਲਈ ਨਿੱਘ ਨਾ ਰਿਹਾ,
ਉਹਨੂੰ ਠਾਰ ਦਿਓ, ਘਰਾਂ ਲਈ ਅੰਗਾਰ ਨਾ ਬਣੇ।
ਜਿਹੜੇ ਸ਼ਬਦਾਂ ਨੂੰ ਰਹੇ ਨੇ ਸਲੀਬ ਟੰਗਦੇ,
ਉਨ੍ਹਾਂ ਕਾਤਬਾਂ ਤੋਂ, ਜ਼ਖ਼ਮੀ ਕਿਤਾਬ ਮੰਗੀਏ।

ਅੱਖਾਂ ਜਿਹੜੀਆਂ ਨੂੰ, ਰਾਹਾਂ ਦੀ ਪਛਾਣ ਨਾ ਰਹੇ।
ਮਾਵਾਂ ਵਰਗੀ ਮਿੱਟੀ ਦੇ ਉਤੇ, ਮਾਣ ਨਾ ਰਹੇ।
ਉਨ੍ਹਾਂ ਪੈਰਾਂ ਨੇ ਕੀ ਪੈਂਡਿਆਂ ਦੇ ਨਾਲ ਨਿਭਣਾ,
ਜਿਹੜੇ ਆਪਣੇ ਹੀ ਵਿਹੜਿਆਂ ਦੇ ਹਾਣ ਨਾ ਰਹੇ।
ਜਿਹਦੀ ਪੱਤੀ-ਪੱਤੀ ਵਿਚ 'ਸੁਰਜੀਤ' ਹਾਂ ਅਸੀਂ,
ਆਪੇ ਆਪਣੇ ਲਈ ਆਪਣਾ ਗੁਲਾਬ ਮੰਗੀਏ।

ਕਾਲੀ ਰਾਤ ਕੋਲੋਂ ਦੀਵਿਆਂ ਦੇ ਖ਼ਾਬ ਮੰਗੀਏ।
ਸੁੰਨੇ ਰਾਹਾਂ ਕੋਲੋਂ ਪੈੜਾਂ ਦਾ ਹਿਸਾਬ ਮੰਗੀਏ।।

[(ਬੀ- 62, ਗਰੀਨ ਪਾਰਕ, ਚਾਹਲ ਨਗਰ, ਫਗਵਾੜਾ]

## ਜ਼ਿੰਦਗੀ ਦਾ ਸ਼ੋਅ ਕੇਸ / ਗੁਰਮੇਲ ਸਿੱਧੂ

ਇਕ ਰੁਪਇ 'ਚ
ਇਕ ਰੁਪਇ 'ਚ ਅੱਜ ਕਲ੍ਹ ਆਉਂਦਾ ਕੀ ਹੈ?
ਇਹ ਤਾਂ ਸੱਸਤੇ ਭਾਅ ਦੀ ਗੱਲ ਹੈ
ਨਹੀਂ ਤਾਂ ਅੱਜ ਕਲ੍ਹ ਬਚੋ ਵੀ ਤਲੀ 'ਤੇ ਰਖੋ
ਇਕ ਰੁਪਇ ਦੇ ਸਿੱਕੇ 'ਤੇ ਨੱਕ ਬੁੱਲ੍ਹ ਚਾੜ੍ਹਦੇ ਹਨ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ
ਜਦੋਂ ਹਰ ਕੋਈ ਅਵਾਰਾ ਫਿਰਨਾ ਪਸੰਦ ਕਰਦਾ
ਬਿਨਾਂ ਮਤਲਬ  ਸੜਕਾਂ ਗਾਹੁੰਦੇ ਫਿਰਨ ਨੂੰ ਹੀ ਸਭ ਕੁਝ ਸਮਝ ਬੈਠਦਾ।
ਅਸੀਂ ਅਵੇਂ ਮਟਰਗਸ਼ਤੀ ਕਰਦੇ ਫਿਰਦੇ ਸੀ, ਨਾਗਪੁਰ ਦੇ ਬਾਜ਼ਾਰਾਂ 'ਚ
ਝੂਠੇ ਧਰਵਾਸਾਂ ਦਾ ਫੱਕਾ ਮਾਰਦੇ ਫਿਰਦੇ ਸੀ, ਐਵੇਂ ਮੂੰਹ ਹਿਲਾਉਣ ਲਈ
ਆਵਾਰਾ ਕਦਮਾਂ ਨੂੰ ਠੁੰਮਣਾ ਦਿੰਦੇ ਫਿਰਦੇ ਸੀ।
ਇਸ ਤੋਂ ਪਹਿਲਾਂ ਨੀਤਾਂ, ਬਦਨੀਤਾਂ- ਜਿਸਮਾਂ, ਜਿਨਸਾਂ, ਹੁਸਨਾਂ, ਮੈਖਾਨਿਆਂ
ਨਜ਼ਰਾਂ ਦੇ ਉਹਲੇ , ਬੁਰਕਿਆਂ ਦੇ ਅੰਦਰਲੀ ਹਵਾ,
ਪਾਕੀਜ਼ਗੀ ਦਰਿੰਦਗੀ, ਵਗਦੇ ਕਦਮਾਂ, ਸਾਹਾਂ
ਜ਼ਿੰਦਗੀ ਦੀ ਹਰ ਸ਼ੈਅ ਨੂੰ ਵਿਕਦੇ ਤੱਕਿਆ ਸੀ,
ਇਸ ਤਰ੍ਹਾਂ ਦੀ ਸ਼ੈਅ ਵਿਕਦੀ ਪਹਿਲਾਂ ਕਦੇ ਨਹੀਂ ਸੀ ਤੱਕੀ।

ਫੁੱਟਪਾਥਾਂ ਤੋਂ ਸੋਨਾਂ ਲੱਭਣਾ,  ਸਾਡੀ ਆਵਾਰਗੀ ਦਾ ਹਿੱਸਾ ਕਦ ਬਣਨਾ ਸੀ
ਕੁਝ ਮਨਹੂਸ ਚਿਹਰਿਆਂ ਨੂੰ ਦੇਖ ਕੇ
ਪਾਸਾ ਵੱਟਣਾ ਪੈਂਦਾ ਸੀ, ਮੱਥੇ ਨਾ ਲੱਗੀਏ ਚੰਗਾ ਹੀ ਹੈ।
ਅਸੀਂ ਆਬਦੇ ਜਾਣੀ ਤਾਂ ਫੌਜੀ ਵ਼ਰਦੀਆਂ 'ਚ ਸਜੇ
ਨਾਗਪੁਰੀ ਸੰਤਰਿਆਂ ਨੂੰ ਮੂੰਹ ਮਾਰਦੇ ਫਿਰਦੇ ਸੀ,
ਅਚਾਨਕ ਬਾਜ਼ਾਰੀ ਰੌਲੇ ਚੋਂ ਹੇਕ ਉਭਰੀ
"ਖੀਸੇ ਕਾਤਰੂ ਪਾਸਨ ਸਾਵਧ ਰਹਾ- ਹਰ ਏਕ ਚੀਜ਼ ਕਾ ਏਕ ਦਾਮ।"
ਇਹ ਕੀ ਹੈ?
ਸਾਹਿਬ. "ਇਹ ਉੱਲੂ ਦਾ ਪੱਠਾ ਹੈ।" ਇਹ ਵੀ ਇਕ ਰੁਪਇ ਦਾ ਹੈ
ਹਾਂ ਸਾਹਿਬ, "ਜਹਾਂ ਦਾਮ ਲਗਾਨੇ ਮੇਂ ਊਚ ਨੀਚ ਨਹੀਂ ਹੋਤਾ, ਹਰ ਏਕ ਦਾ ਏਕ ਦਾਮ।"



"ਲਊ ਸਾਹਿਬ, ਸੁਬਹ ਕਾ ਟੇਮ ਹੈ  ਕੁੱਛ ਹੋ ਜਾਏ ਸਾਹਿਬ।"
ਅਸੀਂ ਸਾਰਿਆਂ ਨੇ ਮਾਲ ਸਸਤਾ ਸਮਝ, ਇਕ ਨੇ ਇਕ ਉੱਲੂ ਦਾ ਪੱਠਾ ਖਰੀਦ ਲਿਆ।

ਅੱਜ ਤਕ ਉਹ ਆਰਟ ਪੀਸ- ਮੇਰੇ ਕਮਰੇ ਦੇ ਸ਼ੋਅ ਕੇਸ 'ਚ ਤਸ਼ਰੀਫ ਰੱਖੀ ਬੈਠਾ
ਕਦੇ ਉਸ 'ਤੇ ਸੰਗ ਸ਼ਰਮ ਦਾ, ਧਰਮ ਦਾ ਅਸਰ ਨਹੀਂ ਹੋਇਆ
ਬੱਸ ਕਦੇ ਕਦੇ ਮੌਸਮ ਅਨੁਸਾਰ ਮੂਡ ਬਦਲਦਾ ਹੈ।
ਉਸ ਦੀ  ਜ਼ਿੰਦਗੀ  ਸ਼ੋਅ ਕੇਸ ਵਿਚ ਏਦਾਂ ਹੀ ਰੁਮਕਦੀ ਚਲਦੀ ਹੈ
ਮਜਾਲ ਏ ਇਸ ਚਰਖੜੀ ਵਿਚੋਂ ਭੋਰਾ ਵ਼ੀ, ਬਾਹਰ ਨਿਕਲ ਆਵੇ,
ਉਹ ਸ਼ੀਸ਼ਿਆਂ ਦੀ ਕੈਦ ਪਸੰਦ ਕਰਦਾ- ਉੱਲੂ ਦਾ ਪੱਠਾ
ਹੁਣ ਕਦੇ ਕੋਈ ਵਿਸ਼ੇਸ਼ ਮਹਿਮਾਨ, ਉਹਦੇ ਬਾਰੇ ਮੈਨੂੰ ਸਵਾਲ ਪੁੱਛਦਾ
ਤਾਂ ਮੈਂ ਉਸ ਨੂੰ ਕੀ ਦੱਸਾਂ?  ਇਹ ਉਲੂ ਦਾ ਪੱਠਾ ਹੈ, ਇਕ ਰੁਪਇ ਦਾ ਹੈ।

ਕਈ ਵਾਰੀਂ ਸਿੱਧੀ ਗੱਲ ਕਹਿਣੀ ਬਹੁਤ ਔਖੀ ਹੁੰਦੀ ਹੈ
ਉਹ ਵੀ ਅਗਲੇ ਦੇ ਮੂੰਹ 'ਤੇ।
ਮੈਂ ਦੜ ਵੱਟ  ਜਾਣ 'ਚ ਹੀ ਭਲੀ ਸਮਝਦਾ ਹਾਂ।
ਜਦ ਕੋਈ ਖ਼ੂਬਸੂਰਤ ਤੇ ਵਿਸ਼ੇਸ਼ ਮਹਿਮਾਨ ਜ਼ਿਦ-ਬ-ਜ਼ਿਦ ਪੁੱਛਦਾ ਹੈ
ਦੱਸੋ ਜੀ ਇਹ ਕੀ ਹੈ?  ਤਾਂ ਮੈਂ ਟਾਲਾ ਵੱਟਦਾ ਹਾਂ, ਕੰਨੀਂ ਕਤਰਾਉਂਦਾ ਹਾਂ
ਪਰ ਜਦੋਂ ਉਹ ਆਖਰੀ ਸਵਾਲ ਕਰਦਾ ਹੈ
ਦੱਸੋ ਜੀ ਇਸ ਦੀ ਖਾਸੀਅਤ ਕੀ ਹੈ?
ਤਾਂ ਮੈਂ ਰਹਿ ਨਹੀਂ ਸਕਦਾ- ਪਹਿਲਾਂ ਹੱਸਦਾ ਹਾਂ, ਫੇਰ ਬੋਲਦਾ ਹਾਂ:

"ਕੋਈ ਖਾਸੀਅਤ ਨਹੀਂ - ਇਹ ਨਾਗਪੁਰ ਤੋਂ ਇਕ ਰੁਪਇ ਦਾ ਖਰੀਦਿਆ ਸੀ
ਇਹ ਜਿਹੇ ਉਲੂ ਦੇ ਪੱਠੇ ਆਮ ਮਿਲ ਜਾਂਦੇ ਹਨ
ਸਸਤਾ ਮਾਲ, ਇਕੋ ਦਾਮ, ਕੋਈ ਊਚ ਨੀਚ ਨਹੀਂ- ਕੋਈ ਖਾਸੀਅਤ ਨਹੀਂ
ਸਿਰਫ ਜ਼ਿੰਦਗੀ ਦੇ ਸ਼ੋਅ-ਕੇਸ ਵਿਚੋਂ
ਇਹ ਲੋਕਾਂ ਨੂੰ , ਵਿਸ਼ੇਸ਼ ਮਹਿਮਾਨਾਂ ਨੂੰ ਅਹਿਸਾਸ ਕਰਵਾਉਂਦਾ ਹੈ
ਤੁਹਾਡੀ ਸ਼ਕਲ ਮੇਰੇ ਨਾਲ ਏਨੀ ਕਿਉਂ ਮਿਲਦੀ ਹੈ?"

[ਇੰਦਰ ਸਿੰਘ ਗਿੱਲ ਨਗਰ, ਗੁਲਾਬੀ ਬਾਗ, ਮੋਗਾ]

# ਜੇ / ਸੁਰਜੀਤ ਬਰਾੜ

ਮੈਂ ਸੁਣਿਆ ਸੀ ਕਿ ਤੁਸੀਂ ਸਮਰੱਥ ਹੋ
ਕਿ ਤੁਸੀਂ ਮਿਰਜ਼ੇ ਹੋ- ਅਕੱਥ ਹੋ
ਪਰ ਸਾਹਿਬਾਂ ਨੂੰ ਬਾਹੂ ਬਲ ਰਾਹੀਂ ਉਧਾਲ ਨਾ ਸਕਣਾ
ਹਾਲਾਤ ਨੂੰ ਬਦਲ ਨਾ ਸਕਣਾ
ਨਾ ਮੱਚਣਾ, ਨਾ ਧੁਖਣਾ- ਜ਼ਲੀਲ ਹੋ ਕੇ ਮੂੰਹ ਛਪਾਉਣਾ
ਪਿਆਰ, ਸਿਦਕ, ਰੋਹ ਨੂੰ ਤਿਲਾਂਜਲੀ ਦੇਣੀ
ਤੰਗੀਆਂ ਸਹਿਣਾ, ਫਾਕੇ ਕੱਟਣਾ- ਅਜਿਹਾ ਤਾਂ ਸੁਣਿਆ ਨਹੀਂ ਸੀ ਮੈਂ
ਮੇਰੇ ਅੰਦਾਜ਼ੇ, ਅਸਾਸੇ ਤਾਂ ਕਿਤੇ ਵੱਧ ਸਨ
ਮੈਂ ਤਾਂ ਸੋਚਿਆ ਸੀ- ਜੋ ਤੂਫਾਨ ਪੂਰਬ 'ਚੋਂ ਉੱਠੇਗਾ
ਉਸ ਵਿਚ ਤੁਹਾਡਾ ਹੀ ਬਲ ਹੋਏਗਾ।
ਪਰ ਇਹ ਮੇਰੇ ਚਿੱਤ-ਚੇਤੇ ਵੀ ਨਹੀਂ ਸੀ
ਕਿ ਸਮਰੱਥਾ ਸੱਤਾ ਅੱਗੇ ਵਿਛ ਜਾਏਗੀ
ਆਪੇ ਨੂੰ ਜ਼ਿਬਾਹ ਕਰਨਾ- ਫਿਰ ਉਸ ਅੰਦਰ ਸ਼ਾਂਤੀ ਅਤੇ ਅਹਿੰਸਾ ਭਰਨਾ
ਏਦੂੰ ਬੈੜੀ ਹੋਰ ਕੀ ਗੱਲ ਹੋ ਸਕਦੀ ਹੈ
ਤਰਕਸ਼ ਘਰ ਦੀਆਂ ਕਿੱਲੀਆਂ 'ਤੇ ਸਿਰਫ਼ ਉਹੀ ਟੰਗਦੇ ਹਨ
ਜਿਹਨਾਂ ਨੇ ਆਪਣਾ ਅਸਤਿੱਤਵ ਮਿਟਾ ਲਿਆ ਹੁੰਦੈ-
ਅਜਿਹਾ ਤਾਂ ਮੈਂ ਸੁਣਿਆ ਨਹੀਂ ਸੀ
ਕਿ ਤੁਸੀਂ ਨਾ ਬਾਹਰ ਨੂੰ ਘੋਖੋਗੇ - ਨਾ ਅੰਦਰ ਫਰੋਲੋਗੇ-
ਸਾਹ ਸਤਹੀਣ ਉਹ ਹੁੰਦੇ ਹਨ- ਜੋ ਸ਼ਾਂਤ ਤੇ ਅਹਿੰਸਕ ਹੁੰਦੇ ਹਨ
ਅਜਿਹੇ ਲੋਕ ਹਵਾ ਦਾ ਰੁਖ ਨਹੀਂ ਬਦਲ ਸਕਦੇ
ਪਰਬਤ ਨਹੀਂ ਝੁਕਾ ਸਕਦੇ, ਹੇਠਲੀ ਉੱਤਲੀ ਨਹੀਂ ਲਿਆ ਸਕਦੇ।
ਮੈਂ ਤਾਂ ਹਰ ਵਾਰ ਇਹੋ ਕਹਾਂਗਾ।
ਕੈਨਵਸ 'ਤੇ ਉਕਰੀ ਧਰਤ ਬਦਰੰਗ ਪਈ ਹੈ
ਭਰ ਸਕਦੇ ਹੋ ਤਾਂ ਇਸ ਵਿਚ ਨਵੇਂ ਰੰਗ ਭਰੋ
ਲੜ ਸਕਦੇ ਹੋ ਤਾਂ ਚੰਦਰਾਂ ਨਾਲ ਫਿਰ ਤੋਂ ਲੜੋ
ਮੈਂ ਤਾਂ ਇਹ ਵੀ ਕਹਿੰਦਾ ਹਾਂ
ਜੇ ਸਾਹਿਬਾਂ ਨੂੰ ਕੱਢ ਕੇ ਨਾ ਲਿਆਂਦਾ, ਗੁਲਾਮ ਰਹੋਗੇ, ਜਿਉਂਦੇ ਮਰ ਜਾਵੋਗੇ
ਇੰਜ ਤੁਹਾਨੂੰ ਨਾ ਵਿਰਸਾ ਬਖਸ਼ੇਗਾ- ਨਾ ਇਤਿਹਾਸ ਮੁਆਫ ਕਰੇਗਾ।

[ਪਿੰਡ ਤੇ ਡਾ: ਘੋਲੀਆ ਕਲਾਂ, ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ]



# ਤੇ ਮੈਂ / ਅਮਰਜੀਤ ਘੁੰਮਣ

ਮਾਂ ਪੁੱਛਦੀ ਹੈ ਮੈਨੂੰ- ਉਮਰੋਂ ਪਹਿਲਾਂ ਤੂੰ ਬੁੱਢੀ ਕਿਉਂ ਹੋ ਗਈ ਹੈਂ
ਮੈਂ ਆਖਦੀ ਹਾਂ-ਇਸ ਦਾ ਕਾਰਨ ਤੂੰ ਹੀ ਦੱਸ?
ਤਾਂ ਮੇਰੀ ਮਾਂ, ਪੈਰਾਂ ਨਾਲ ਧਰਤੀ ਖੁਰਚਣ ਲੱਗ ਪੈਂਦੀ ਹੈ
ਪੁੱਟੀ ਮਿੱਟੀ ਨੂੰ ਗਿੱਲਾ ਕਰਨ ਲੱਗ ਪੈਂਦੀ ਹੈ
ਆਵਾਜ਼ ਉਹਦੇ ਗਲੇ 'ਚ ਹੀ ਰਹਿ ਜਾਂਦੀ ਹੈ।

ਚਿਹਰੇ ਦੀਆਂ ਝੁਰੜੀਆਂ ਗਵਾਹ ਹੁੰਦੀਆਂ ਨੇ
ਬੀਤੇ ਦਿਨਾਂ ਦੀਆਂ।

ਮੈਂ ਤਾ ਗਮ ਹੰਢਾਏ ਨੇ, ਦੁੱਖ ਖਾਧੇ ਨੇ
ਉਮਰ ਬਹੁਤ ਪਿੱਛੇ ਮੈਨੂੰ ਢੂੰਡਦੀ ਰਹੀ
ਅਗਲੇ ਰਾਹਵਾਂ ਦੇ ਮੋੜ ਮੈਨੂੰ ਛੱਟਦੇ ਰਹੇ
ਤੇ ਮੈਂ, ਸੂਰਜ ਵੱਲ ਵੇਖਦੀ, ਸ਼ਾਮ ਦੀ ਦੇਹਲੀ 'ਤੇ ਬਹਿ ਗਈ।

ਬਿਰਹਾ ਕੱਤ ਕੋਈ ਅਟੇਰਨ ਨਹੀਂ ਉਤਾਰਿਆ
ਮੇਰੇ ਚਰਖੇ ਦੀ ਲੱਠ ਹੀ ਟੁੱਟੀ ਰਹੀ
ਤੇ ਤੱਕਲਾ ਮਾਂ ਸਿੱਧਾ ਨਾ ਕਰ ਸਕੀ।

ਕਰਮ ਦੀ ਤੰਦ ਸੂਤ ਸੀ, ਕੁੱਛ ਕੱਤ ਗਵਾਇਆ ਗਿਆ
ਕੁਛ ਰੂੰ ਹਵਾਵਾਂ ਨੇ ਉਡਾ ਲਿਆ
ਤੇ ਮੈਂ, ਬੁੱਲਿਆਂ ਨਾਲ ਖੇਡਦੀ, ਦੀਵਾਰਾਂ 'ਚ ਕੈਦ ਹੋ ਗਈ।

ਮਾਂ ਮੇਰੇ ਘਰ ਦਾ ਹਾਲ ਪੁੱਛਦੀ ਹੈ
ਮੈਂ ਆਖਦੀ ਹਾਂ-ਮੇਰੇ ਚਿਹਰੇ ਤੋਂ ਪੜ੍ਹ ਲੈ
ਜਾਂ ਮੇਰੇ ਹੱਥਾਂ ਤੋਂ ਵੇਖ ਲੈ
ਅਜਕਲ੍ਹ, ਆਵਾਜ਼ ਮੇਰੇ ਨਾਲ ਨਹੀਂ ਰਹਿੰਦੀ।
ਮਾਂ ਮੈਨੂੰ ਨਜ਼ਰ ਭਰ ਕੇ ਤੱਕਣ ਲੱਗਦੀ ਹੈ
ਤੇ ਬੇ-ਪਛਾਣ ਚਿਹਰਾ ਵੇਖ ਡਰ ਜਾਂਦੀ ਹੈ
ਆਖਦੀ ਹੈ ਫਿਰ-
ਤੇਰੇ ਹਾਸੇ ਕਿੱਥੇ ਨੇ, ਤੇਰਾ ਘਰ ਕਿੱਥੇ ਹੈ।

[404, ਫੇਜ਼ II, ਮੁਹਾਲੀ]

## ਗਡਰੀਆ ਸੋਚਦਾ ਹੈ / ਰਤਨ ਸਿੰਘ ਢਿਲੋਂ

ਕੋਈ ਵੀ ਹੋ ਸਕਦਾ ਹੈ, ਉਸ ਪਿੰਡ ਦਾ ਨਾਂ
ਜਿਥੇ ਅਜੇ ਵੀ ਸਾੜ ਦਿੱਤੇ ਜਾਂਦੇ ਹਨ, ਗਡਰੀਆਂ ਦੇ ਘਰ
ਭੇਡਾਂ ਬੱਕਰੀਆਂ ਦੇ ਵਾੜੇ, ਘਾਹ- ਫੂਸ ਦੀਆਂ ਛੰਨਾਂ
ਮਹਿਜ਼ ਇਸ ਲਈ, ਕਿ ਗਡਰੀਆਂ ਦਾ ਛੋਕਰਾ,
ਕਿਉਂ ਕਰ ਗਿਆ ਹੈ ਸੋਲਾਂ ਜਮਾਤਾਂ ਪਾਸ
ਕਿਉਂ ਕੱਢਦਾ ਹੈ ਟੇਢਾ ਚੀਰ

ਕਿਉਂ ਨਹੀਂ ਲਾਉਂਦਾ, ਆਪਣੇ ਨਾਮ ਪਿਛੇ 'ਦਾਸ'
ਤੇ ਕਿਉਂ ਨਹੀਂ ਕਰਦਾ, ਸਿਰ ਨਿਵਾ ਕੇ ਰਾਮ ਰਾਮ
ਹਰੇਕ ਰਾਜਪੂਤ ਨੂੰ- ਪਿੰਡ ਵਿਚ ਰਹਿਣ ਲਈ।

ਕਿਉਂ ਲੱਗ ਗਿਆ ਹੈ,
ਗਡਰੀਏ ਦੇ ਘਰ ਰੰਗਦਾਰ ਟੀ. ਵੀ.
ਤੇ ਗਡਰੀਏ ਦੇ ਹੱਥ ਵਿਚਲੀ ਢਾਂਗੀ
ਕਿਉਂ ਲਾਹੁਣ ਲੱਗ ਪਈ ਹੈ
ਰਾਜਪੂਤਾਂ ਦੀ ਹਵੇਲੀ ਦੇ, ਬਰਾਬਰ ਦੀ ਕਿੱਕਰ ਦੇ ਲੁੰਗ।

ਗਡਰੀਆ ਸੋਚਦਾ ਹੈ- ਗੁੰਮ ਜਾਵਾਂ ਸ਼ਹਿਰ ਦੀ ਭੀੜ ਵਿਚ
ਬੜਾ ਔਖਾ ਹੈ ਜੀਣਾ, ਹਵੇਲੀ ਦੀ ਛਾਂ ਵਿਚ।
ਦੂਜੇ ਪਲ ਸੋਚਦਾ ਹੈ: "ਲਾਹਵਾਂਗਾ ਆਪਣੀ ਢਾਂਗੀ ਨਾਲ
ਕਿੱਕਰ ਦੇ ਆਖ਼ਰੀ ਟਹਿਣੇ ਦਾ ਲੁੰਗ ਤੇ ਪਾਵਾਂਗਾ ਭੇਡਾ ਬੱਕਰੀਆਂ ਨੂੰ
ਜੀਣ ਲਈ, ਥੀਣ ਲਈ- ਪਿੰਡ ਵਿਚ ਰਹਿਣ ਲਈ

ਗਡਰੀਏ ਦੇ ਚਿਹਰੇ ਦੀਆਂ ਝੁਰੜੀਆਂ
ਇਕ ਵਿਸ਼ਾਲ ਰੇਗਸਤਾਨ ਤੋਂ ਬਦਲ ਜਾਂਦੀਆਂ ਹਨ
ਲਹਿਰਾਉਂਦੇ ਤੇ ਠਾਠਾਂ ਮਾਰਦੇ ਦਰਿਆ ਵਿਚ

[25-ਬੀ, ਟ੍ਰਿਬਿਊਨ ਕਲੋਨੀ, ਅੰਬਾਲਾ ਕੈਂਟ-133 001]



## ਦੋ ਗ਼ਜ਼ਲਾਂ / ਹਰੀ ਸਿੰਘ 'ਮੋਹੀ'

**1.**

ਮੈਂ ਪੈਰਾਂ ਹੇਠਲੀ ਮਿੱਟੀ ਦਾ ਕਰਜ਼ਾਈ ਵੀ ਹਾਂ ਥੋੜਾ।
ਕਦੀ ਮੈਂ ਭੁੱਲ ਵੀ ਜਾਂਦਾ ਹਾਂ ਹਰਜਾਈ ਵੀ ਹਾਂ ਥੋੜਾ।
ਕਦੀ ਮਨ ਆਖਦਾ ਹੈ ਤੇਰਾ ਏਥੇ ਕੁਝ ਨਹੀਂ ਮਿੱਤਰਾ,
ਕਦੀ ਮੇਰਾਂ ਜਿਤਾਂਦਾ ਹਾਂ ਤਮੰਨਾਈ ਵੀ ਹਾਂ ਥੋੜਾ।
ਕਦੀ ਦੁਨੀਆਂ ਦੀਆਂ ਨਜ਼ਰਾਂ ਤੋਂ ਪਰਦਾ ਕਰ ਲਵਾਂ ਐਪਰ,
ਕਦੀ ਪਰਦਾ ਹਟਾਂਦਾ ਹਾਂ ਤਮਾਸ਼ਾਈ ਵੀ ਹਾਂ ਥੋੜਾ।
ਮੈਂ ਵਰ੍ਹਿਆਂ ਤੀਕ ਮਨ ਨੂੰ ਮਾਰ ਕੇ ਵੀ ਸਾਰ ਲੈਂਦਾ ਹਾਂ,
ਕਿਸੇ ਦਿਨ ਝੂਮ ਕੇ ਗਾਂਦਾ ਹਾਂ ਸ਼ੈਦਾਈ ਵੀ ਹਾਂ ਥੋੜਾ।
ਜ਼ਮਾਨੇ ਭਰ ਦੇ ਸੀਨੇ ਆਪਣਾ ਸੀਨਾ ਵੀ ਲੱਗਦੇ ਨੇ,
ਖੁਦੀ ਆਪਣੀ ਦੇ ਸਾਂਹਵੇਂ ਮੈਂ ਉਤਰਦਾਈ ਵੀ ਹਾਂ ਥੋੜਾ।
ਕਿਸੇ ਲਈ ਪੀੜ ਨਹੀਂ ਬਣਦਾ, ਕਤਲ ਤਕ ਚੁੱਪ ਰਹਿੰਦਾ ਹਾਂ,
ਨਹੀਂ ਜੇ ਚੋਰ ਹਾਂ, ਤਾਂ ਚੋਰ ਦਾ ਭਾਈ ਵੀ ਹਾਂ ਥੋੜਾ।

**2.**

ਜਦ ਕੋਈ ਰੁੱਖੜਾ ਸਾਹਵੇਂ ਮੁਰਝਾਂਦਾ ਹੈ।
ਮੇਰੇ ਅੰਦਰ ਕੁਝ ਟੁੱਟਦਾ ਖੁਰ ਜਾਂਦਾ ਹੈ।
ਹੈਰਾਨੀ ਹੈ ਪੀੜਾਂ ਦੇ ਕੇ ਹੋਰਾਂ ਨੂੰ,
ਕਿੱਦਾਂ ਕੋਈ ਸਹਿਜੇ ਹੀ ਮੁਸਕਾਂਦਾ ਹੈ।
ਜੋ ਕੰਡਾ ਪੈਰਾਂ ਨੂੰ ਜ਼ਖ਼ਮੀਂ ਕਰਦਾ ਹੈ,
ਓਹ ਮੇਰੇ ਮੱਥੇ ਦੇ ਵਿਚ ਪੁੜ ਜਾਂਦਾ ਹੈ।
ਇਕ ਦੀਵਾ ਹਰ ਕੋਨਾ ਰੋਸ਼ਨ ਕਰਦਾ ਹੈ,
ਇਕ ਬਸਤੀ ਨੂੰ ਅੱਗ ਲਗਾ ਤੁਰ ਜਾਂਦਾ ਹੈ।
ਖ਼ਾਬ ਸਰਾਪੇ ਜਾਂਦੇ ਹਨ ਜਦ ਸੋਚਾਂ ਵਿਚ,
ਕੋਈ ਆਉਂਦਾ ਆਉਂਦਾ ਹੀ ਮੁੜ ਜਾਂਦਾ ਹੈ।
ਬੰਦਾ ਕਿੰਨਾ 'ਮੋਹੀ' ਹੈ ਇਸ ਮਿੱਟੀ ਦਾ,
ਹਰ ਵਾਰੀ ਜਦ ਟੁੱਟਦਾ ਹੈ ਜੁੜ ਜਾਂਦਾ ਹੈ।

[B- iv/ 725 , ਕੋਟਕਪੂਰਾ-151204]

# ਵਿਦਾ ਹੋਣ ਪਿਛੋਂ / ਸੁਮੇਰ ਢਪਾਲੀ

ਬਾਪੂ ਹਵਾ ਵਿਚ ਤਲਵਾਰ ਮਾਰੇਗਾ
ਤੇ ਮੇਰੀਆਂ ਸੋਚਾਂ ਦਾ ਜਿਸਮ ਚੀਰਿਆ ਜਾਵੇਗਾ
ਮਾਂ ਦੀ ਦੁਧ ਚਿੱਟੀ ਰੂਹ ਦੇ ਕੱਪੜੇ 'ਤੇ
ਮੇਰੇ ਬਾਪੂ ਦੇ ਗੰਧਲੇ ਕਬੋਲਾਂ ਦੇ ਛਿੱਟੇ ਪੈ ਜਾਣਗੇ
ਮੈਂ ਪਿੰਡ ਦੇ ਸਿਵਿਆਂ 'ਚੋਂ ਸੁਆਹ ਦਾ ਟਿੱਕਾ ਲਾ
ਮੁੜ ਕਦੇ ਨਾ ਪਰਤਣ ਦੀ ਸੌਹ ਚੁੱਕ
ਪਿੰਡ ਦੇ ਖੁੰਢਾਂ , ਛੱਪੜਾਂ ਤੇ ਹਲਾਂ ਦੀਆਂ ਮੁੰਨੀਆਂ ਤੋਂ ਵਿਦਾ ਹੋ ਜਾਵਾਂਗਾ।
ਤੇ ਵਿਦਾ ਹੋ ਜਾਣ ਪਿਛੋਂ, ਬਾਪੂ ਵਰਗਾ ਅੱਖੜ ਪਿੰਡ ਬਹੁਤ ਚੇਤੇ ਆਵੇਗਾ।

ਮੇਰੇ ਮਨ ਦੇ ਏਅਰ ਬੈਗ ਵਿਚ, ਪਿੰਡ ਦੀਆਂ ਯਾਦਾਂ ਦਾ ਗੁਛ-ਮੁਛ ਲੀੜਾ- ਲੱਤਾ
ਵਾਪਸ ਪਰਤ ਜਾਣ ਲਈ ਮੁੜ ਮੁੜ ਉਕਸਾਵੇਗਾ
ਬਾਪੂ ਦੀ ਤਿਹਾਈ ਤਲਵਾਰ ਮਹਾਂ ਨਗਰ 'ਚੋਂ ਮੇਰੇ ਹਿੱਸੇ ਦਾ ਪਾਣੀ ਡੋਲ੍ਹ ਜਾਵੇਗੀ।
ਮੈਂ ਪਿੰਡ ਤੇ ਮਹਾਨਗਰ ਦੇ ਵਿਚ-ਵਿਚਾਲੇ ਭਟਕਦਾ
ਆਪਣੀ ਪਿਆਸ ਦੀ ਅਰਥੀ ਚੁੱਕੀ ਖੜ੍ਹਾ ਹੋਵਾਂਗਾ
ਪਿੰਡ ਦੇ ਢੱਠੇ ਕੋਠੇ, ਤੇ ਮਹਾਂਨਗਰ ਦੀ ਉਚੀ ਇਮਾਰਤ ਵਿਚੋਂ
ਮੈਂ ਕਿਤੇ ਵੀ ਨਹੀਂ ਹੋਵਾਂਗਾ 'ਤੇ ਮੇਰੀ ਪਿਆਸ ਦਾ ਸਿਵਾ ਕਿਤੇ ਵੀ ਨਹੀਂ ਬਣ ਸਕੇਗਾ।
ਮਹਾਂਨਗਰ ਦੀ ਉਨੀਂਦੀ ਰਾਤ ਵਿਚ, ਮੇਰੇ ਸੁਪਨਿਆਂ ਨੂੰ ਅੱਗ ਲੱਗ ਜਾਣ ਤੋਂ ਬਾਅਦ
ਮਾਂ ਦਾ ਪੁਲ ਮੈਨੂੰ ਬਾਪੂ ਨਾਲ ਜੋੜੇਗਾ
ਸੱਖਣੇ ਰਿਸ਼ਤੇ ਦੇ ਬਰੇਤੇ ਨਾਲ, ਮੋਹ ਦਾ ਦਰਿਆ ਭਰ ਜਾਵੇਗਾ
ਮੈਂ ਤੇ ਬਾਪੂ ਬਰੇਤੇ ਦੀ ਪਿਲ-ਪਿਲੀ ਦੇਹ ਉਤੋਂ ਅਪਣੱਤ ਦੇ ਝੰਡੇ ਗਡਾਂਗੇ
ਕਿਨਾਰਿਆਂ 'ਤੇ ਖੜੇ ਉਦਾਸ ਰੁੱਖ ਡਿੱਗ ਪੈਣਗੇ
ਬਾਪੂ ਦੀ ਹੈਂਕੜ-ਲੱਦੀ ਕੰਗਰੋੜ ਕੁੱਬੀ ਹੋ ਜਾਵੇਗੀ।
ਮੇਰੀ ਨਿਆਣੀ ਮੱਤ ਭਾਵਕ ਹੋ ਜਾਵੇਗੀ, ਮਾਂ ਦੀ ਲੋਰੀ ਸੰਘ ਵਿਚ ਸੁੰਗੜ ਜਾਵੇਗੀ
ਤੇ ਮੈਂ ਮਹਾਂਨਗਰ ਦੀ ਮੰਗਤੀ ਨੂੰ ਮਾਂ ਕਹਿ ਕੇ
ਮਾਂ ਦੇ ਕਾਸੇ ਵਿਚ ਇਕ ਅਠਿਆਨੀ ਪਾ ਦੇਵਾਂਗਾ
ਮੈਂ ਮੰਗਤੀ ਨਾਲ ਬੈਠੇ ਬੁੱਢੇ ਨੂੰ, ਸਿਰਫ ਤਰਸ ਦੀ ਨਿਗ੍ਹਾ ਨਾਲ ਦੇਖਾਂਗਾ
ਬੁੱਢਾ ਭੀਖ ਲਈ ਹੱਥ ਉਠਾਵੇਗਾ
ਮਹਾਂਨਗਰ ਦੇ ਬਾਪੂ ਵਰਗੇ ਬੁੱਢੇ ਦੇ ਹੱਥ ਵਿਚੋਂ
ਤਲਵਾਰ ਕਿਧਰੇ ਗੁਆਚ ਗਈ ਹੋਵੇਗੀ
ਤਲਵਾਰ ਨੂੰ ਲੱਭਦੀ, ਕਤਲ ਹੋਣਾ ਚਾਹੁੰਦੀ ਮੇਰੀ ਸੋਚ ਨੂੰ
ਬਾਪੂ ਵਰਗਾ ਅੱਖੜ ਪਿੰਡ ਬਹੁਤ ਚੇਤੇ ਆਵੇਗਾ।

[ਪਿੰਡ ਤੇ ਡਾਕ. ਢਪਾਲੀ - 151104, ਜ਼ਿਲ੍ਹਾ ਬੱਠਿੰਡਾ]



# ਸਿਆਣੀ ਬਣ ਧੀਏ

ਜਗਰੂਪ ਸਿੰਘ ਦਾਤੇਵਾਸ

ਮਨ ਦੀ ਗੱਲ ਕਹਿ ਕੇ ਸਾਧੋ ਦੀ ਹਿੱਕ ਤੋਂ ਜਿਵੇਂ ਮਣਾਂ- ਮੂੰਹੀ ਭਾਰ ਲਹਿ ਗਿਆ ਸੀ। ਉਸ ਦਾ ਅਫਰੇਵਾਂ ਘਟ ਗਿਆ ਸੀ ਤੇ ਉਸਨੂੰ ਆਪਣਾ ਢਿੱਡ ਖ਼ਾਲੀ ਖ਼ਾਲੀ ਜਾਪਿਆ। ਉਸਨੂੰ ਜਾਪਿਆ ਜਿਵੇਂ ਹੁਣ ਉਸ ਨੂੰ ਨੀਂਦ ਆ ਸਕੇਗੀ। ਭੁੱਖ ਲੱਗ ਸਕੇਗੀ। ਉਹ ਚੈਨ ਨਾਲ ਤੁਰ ਫਿਰ ਸਕੇਗੀ। ਤੇ ਚੈਨ ਨਾਲ ਮਰ ਵੀ ਸਕੇਗੀ। ਜੇ ਮਰ ਗਈ, ਉਸ ਨੂੰ ਆਪਣੇ ਆਪ 'ਤੇ ਕੋਈ ਗਿਲਾ ਨਹੀਂ ਹੋਏਗਾ।

ਜੋ ਉਸ ਨੇ ਕਹਿਣਾ ਸੀ, ਦੰਦਾਂ ਹੇਠ ਜੀਭ ਦੇ ਕੇ ਕਹਿ ਦਿੱਤਾ। ਉਸ ਨੂੰ ਜ਼ਹਿਰ ਦਾ ਘੁੱਟ ਭਰਨ ਵਾਂਗ ਮਹਿਸੂਸ ਹੋਇਆ ਸੀ। ਇਹ ਗੁਨਾਹ ਭਾਵੇਂ ਪੁੰਨ ਵਰਗਾ ਸੀ ਪਰ ਉਸ ਨੇ ਇਹ ਦਿਲ 'ਤੇ ਪੱਥਰ ਰੱਖਕੇ ਕੀਤਾ ਸੀ।

ਸਾਧੋ ਆਪਣੀ ਗੱਲ ਕਹਿ ਕੇ ਅੱਗੇ ਤੁਰ ਗਈ। ਅਮਰੋ ਦੀਆਂ ਅੱਖਾਂ 'ਚ ਗੁੱਸੇ ਦਾ ਸੂਰਜ ਵੇਖ ਉਸ ਤੋਂ ਖੜ੍ਹਿਆ ਨਾ ਗਿਆ। ਉਸ ਨੇ ਆਪਣੀਆਂ ਐਨਕਾਂ ਠੀਕ ਕੀਤੀਆਂ। ਸੋਟੀ ਨਾਲ ਜੁੱਤੀ ਦਾ ਰੇਤਾ ਝਾੜਿਆ ਤੇ ਕਦਮ ਗਿਣਦੀ ਅੱਗੇ ਤੁਰ ਗਈ। ਉਹ ਸੋਚਦੀ ਤੁਰ ਰਹੀ ਸੀ ਕਿ ਅਮਰੋ ਹੁਣੇ ਉਸਨੂੰ ਗਾਲ੍ਹ ਕੱਢੇਗੀ ਤੇ ਕਹੇਗੀ- "ਤੇਰੀ ਬੁੜ੍ਹੀਏ ਐਸੀ- ਤੈਸੀ, ਤੇਰੇ ਧੌਲੇ-ਝਾਟੇ ਨੂੰ ਕੀ ਹੋ ਗਿਐ? ਤੇਰੀ ਸੰਗ-ਸ਼ਰਮ ਕਿਥੈ ਗਈ?"

ਕਿੰਨੇ ਹੀ ਮਹੀਨਿਆਂ ਤੋਂ ਸਾਧੋ ਸ਼ਸ਼ੋਪੰਜ ਜਿਹੀ 'ਚ ਸੀ। ਉਸ ਨੂੰ ਕਿਤੇ ਵੀ ਚੈਨ ਨਹੀਂ ਸੀ। ਉਹ ਤੁਰੀ ਫਿਰਦੀ ਸੀ। ਬੌਰਿਆਂ ਵਾਂਗੂੰ। ਝੱਲਿਆਂ ਵਾਂਗੂੰ। ਉਸ ਦਾ ਪੇਟ ਆਫ਼ਰਿਆ ਪਿਆ ਸੀ। ਉਸਨੂੰ ਭੁੱਖ ਨਹੀਂ ਸੀ ਲੱਗਦੀ। ਪਿਆਸ ਨਹੀਂ ਸੀ ਲੱਗਦੀ। ਉਸ ਦੇ ਪੈਰਾਂ 'ਚੋਂ ਸੇਕ ਨਿਕਲਦਾ ਸੀ, ਜਿਹੜਾ ਉਸਨੂੰ ਕਦੇ ਦਲੀਪੋ ਦੇ ਘਰ ਲੈ ਜਾਂਦਾ ਸੀ, ਕਦੇ ਸੰਤੋ ਦੇ ਘਰ ਲੈ ਤੁਰਦਾ ਸੀ। ਉਹ ਸਾਰੇ ਵਿਹੜੇ ਦਾ ਚੱਕਰ ਲਾ ਆਉਂਦੀ ਸੀ। ਮਨ ਦਾ ਭਾਰ ਲਾਹੁਣ ਗਈ ਉਹ ਹੋਰ ਭਾਰ ਲੈ ਕੇ ਮੁੜਦੀ ਸੀ। ਘਰ ਵੜਦੀ ਹੀ ਨਾਰ੍ਹੋ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੀ। ਸੁਨਖੇ ਨੂੰ ਗਾਲ੍ਹਾਂ ਕੱਢਦੀ। ਅਮਰੋ ਨੂੰ ਗੱਲ ਗੱਲ 'ਤੇ ਝਾੜਾਂ ਪਾਉਂਦੀ। ਪਸ਼ੂਆਂ ਦਾ ਗੋਹਾ ਹਟਾਉਂਦੀ, ਉਨ੍ਹਾਂ ਦੇ ਗਿੱਟੇ ਭੰਨਣ ਲੱਗ ਪੈਂਦੀ । ਕੁੱਤਾ ਭੌਂਕਦਾ ਤਾਂ ਕੁੱਤੇ ਨੂੰ ਸੋਟੀਆਂ ਮਾਰਦੀ। ਵਿਹੜੇ 'ਚ ਤੁਰਦੀ ਫਿਰਦੀ ਧੀਮੀ ਆਵਾਜ਼ 'ਚ ਸ਼ਰੀਕਾਂ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੀ। ਕਦੇ ਆਪਣੇ ਅਗਲਿਆਂ ਪਿਛਲਿਆਂ ਨੂੰ ਛਟਾਕੇ ਦੇਣ ਲੱਗ ਪੈਂਦੀ।

ਉਸ ਨੂੰ ਔੜ ਨਹੀਂ ਸੀ ਰਿਹਾ ਕਿ ਉਹ ਕਿਥੋਂ ਗੱਲ ਸ਼ੁਰੂ ਕਰੇ? ਕਿਵੇਂ ਕਰੇ? ਕੀ ਕਹੇ? ਅਮਰੋ ਨੂੰ ਕਹੇ, ਨਾਰ੍ਹੋ ਨੂੰ ਕਹੇ ਜਾਂ ਸੁੱਨਖੇ ਨੂੰ ਕਹੇ? ਨਾਰ੍ਹੋ ਤੋਂ ਉਹ ਡਰਦੀ ਕੰਬਦੀ ਸੀ। ਉਸਨੂੰ ਪਤਾ ਸੀ ਕਿ ਨਾਰ੍ਹਾ ਉਸ ਦੇ ਧੌਲਿਆਂ ਨੂੰ ਇਕ ਇਕ ਕਰਦੂ। ਅਮਰੋ ਭਾਵੇਂ ਤੀਵੀਂ ਸੀ ਪਰ ਬਿਗਾਨੀ ਧੀ ਦਾ ਕੀ ਪਤਾ, ਕੀ ਕਹੇ? ਕੀ ਮਤਲਬ ਕੱਢੇ? ਉਸ ਦੇ ਸ਼ਬਦਾਂ ਨੂੰ ਕਿਹੜੇ ਅਰਥ ਦੇਵੇ। ਪਤਾ ਨਹੀਂ ਹਜ਼ਮ ਵੀ ਕਰ ਸਕੇ ਕਿ ਨਾ। ਗੁਆਂਢ ਦੀਆਂ ਤੀਵੀਆਂ 'ਚ ਮੂੰਹ ਕਾਲਾ ਵੀ ਕਰ ਸਕਦੀ ਐ। ਨਾਰ੍ਹੋ ਤੋਂ ਗੁੱਤ ਵੀ ਪੁਟਾ ਸਕਦੀ ਆ। ਸੁਨਖੇ ਨੂੰ ਕਿਵੇਂ ਸਮਝਾਵੇ। ਸੁਨਖੇ ਨੂੰ ਕਈ ਵਾਰ ਅਸਿੱਧੇ ਤਰੀਕੇ ਨਾਲ ਸਮਝਾਇਆ ਵੀ ਸੀ ਪਰ ਉਸਦੇ ਕੁਝ ਪੱਲੇ ਨਹੀ ਸੀ ਪਿਆ। ਹੋਰ ਉਹ ਸੁਨਖੇ ਨੂੰ ਕੀ ਘੋਲ ਕੇ ਪਿਆਵੇ? ਸਿਧਰਾ ਸੁਨਖਾ ਕੀ ਜਾਣੇ ਕਿ ਡੱਡਾਂ ਕਦੋਂ ਪਾਣੀ ਪੀਂਦੀਆਂ ਨੇ? ਸੂਰਜ ਕਿਧਰੋਂ ਚੜ੍ਹਦੈ ਤੇ ਕਿੱਧਰ ਛੁਪਦੈ। ਉਸ ਨੂੰ ਨਾ ਦਿਨ ਦੇ ਅਰਥਾਂ ਦਾ ਪਤਾ ਸੀ ਤੇ ਨਾ ਰਾਤ ਦੇ ਅਰਥਾਂ ਦਾ। ਉਸਨੂੰ ਤਾਂ ਸਿਰਫ ਇੰਨਾ ਪਤਾ ਸੀ ਕਿ ਮਿੱਟੀ ਨਾਲ ਮਿੱਟੀ ਕਿਵੇਂ ਹੋਣੈ? ਪਸ਼ੂਆਂ ਨਾਲ ਪਸ਼ੂ ਕਿਵੇਂ ਬਣਨੈ। ਉਂਜ ਵੀ ਸੁੱਨਖੇ 'ਚ, ਮਿੱਟੀ

'ਚ ਤੇ ਪਸ਼ੂਆਂ 'ਚ ਕੋਈ ਫਰਕ ਨਹੀਂ ਸੀ। ਤਿੰਨਾਂ ਦੀ ਇਕੋ ਹੀ ਜਾਤ ਸੀ।

ਸੁਨੱਖਾ ਸਾਧੋ ਦਾ ਨਾਰ੍ਹੇ ਤੋਂ ਛੋਟਾ ਪੁੱਤ ਸੀ। ਸੁਨੱਖਾ ਸਿਰਫ਼ ਸਾਧੋ ਲਈ ਹੀ ਸੁਨੱਖਾ ਸੀ ਪਰ ਪਿੰਡ ਦੇ ਲੋਕਾਂ ਲਈ ਉਹ ਭੈਂਗਾ ਸੀ। ਘਰ ਦੇ ਬਾਕੀ ਮੈਂਬਰਾਂ ਲਈ ਵੀ ਉਹ ਭੈਂਗਾ ਸੀ। ਟੀਰ ਕੱਢਣ ਦੀ ਅੱਲ ਨੇ ਉਸਨੂੰ ਸੁੱਨਖੇ ਤੋਂ ਭੈਂਗਾ ਬਣਾ ਦਿੱਤਾ ਸੀ। ਆਪਣੇ ਨੈਣ-ਨਕਸ਼ਾਂ ਵਰਗੀ ਹੀ ਸੀ ਉਸ ਦੀ ਅਕਲ। ਬੱਚੇ ਉਸਤੋਂ ਡਰਦੇ ਸਨ। ਪਤਾ ਨਹੀਂ ਉਸ ਦੀ ਅਕਲ ਤੋਂ ਡਰਦੇ ਸਨ ਜਾਂ ਸ਼ਕਲ ਤੋਂ। ਨੱਕ ਮੋਟਾ ਤੇ ਬੈਠਿਆ ਹੋਇਆ। ਹੇਠਲਾ ਬੁਲ੍ਹ ਊਠ ਦੇ ਬੁਲ੍ਹ ਵਾਂਗੂੰ ਡਿੱਗਿਆ ਹੋਇਆ ਤੇ ਦੰਦਰੌਲ ਬਾਹਰ ਨੂੰ ਨਿਕਲੀ ਹੋਈ। ਮੱਥਾ ਅੰਦਰ ਨੂੰ ਧਸਿਆ ਹੋਇਆ ਤੇ ਕੰਨ ਬਾਂਦਰ ਵਾਂਗੂੰ। ਨੱਕ ਚੌਵੀ ਘੰਟੇ ਵਗਦਾ ਹੀ ਰਹਿੰਦਾ ਸੀ। ਉਸ ਦੇ ਜੁੱਤਿਆਂ ਦਾ ਨੰਬਰ ਕਿਸੇ ਨਾਲ ਮੇਲ ਨਹੀਂ ਖਾਂਦਾ ਸੀ। ਪੈਰ ਇੰਨੇ ਸਖ਼ਤ ਸਨ ਕਿ ਨਾ ਉਸਨੂੰ ਖੇਤ 'ਚ ਕਰਚੇ ਖੁਭਣ ਦਾ ਅਹਿਸਾਸ ਹੁੰਦਾ ਸੀ ਤੇ ਨਾ ਹੀ ਪੱਥਰਾਂ ਵਰਗੇ ਡਲਿਆਂ ਦਾ ਦਰਦ ਮਹਿਸੂਸ ਹੁੰਦਾ ਸੀ। ਗਿੱਠਾ ਜਿਹਾ ਸਰੀਰ ਜਿਸ 'ਚ ਦੋ ਆਦਮੀਆਂ ਜਿੰਨੀ ਜਾਨ ਸੀ, ਬੋਲਦਾ ਘੱਟ ਹੀ ਸੀ ਪਰ ਜਦੋਂ ਬੋਲਦਾ ਸੀ ਤਾਂ ਇੰਜ ਲੱਗਦਾ ਸੀ ਜਿਵੇਂ ਕੋਈ ਖੂਹ 'ਚ ਉਤਰ ਕੇ ਗਾਲ੍ਹਾਂ ਕੱਢ ਰਿਹਾ ਹੋਵੇ। ਗਲ ਲੰਮਾ ਕੁੜਤਾ ਤੇ ਤੇੜ ਸਿਰਫ ਲੰਗੋਟ ਹੀ ਰੱਖਦਾ ਸੀ। ਉਸ ਲਈ ਮੈਲੇ ਤੇ ਸਾਫ ਕੱਪੜਿਆਂ 'ਚ ਕੋਈ ਫ਼ਰਕ ਨਹੀ ਸੀ। ਕਿੰਨੇ ਕਿੰਨੇ ਦਿਨ ਬਿਨਾਂ ਨਹਾਤਿਆਂ ਹੀ ਲੰਘਾ ਦਿੰਦਾ ਸੀ। ਜਦੋਂ ਸਾਧੋ ਸੋਟੀ ਲੈ ਕੇ ਪਿੱਛੇ ਪੈ ਜਾਂਦੀ ਤਾਂ ਕਿਤੇ ਜਾ ਕੇ ਉਹ ਚਾਰ ਬੁੱਕ ਪਾਣੀ ਸਿਰ 'ਚ ਡੋਲ੍ਹਦਾ ਸੀ। ਜਦੋਂ ਸਿਰ 'ਚ ਜੂੰਆਂ ਹੁਰਲ ਹੁਰਲ ਕਰਨ ਲੱਗ ਪੈਂਦੀਆਂ, ਉਹ ਪਿੰਡ ਦੇ ਨ੍ਹਾਮੇ ਨਾਈ ਤੋਂ ਕੈਂਚੀ ਫਿਰਵਾ ਆਉਂਦਾ ਸੀ। ਉਸ ਦੀ ਟਿੰਡ ਨੂੰ ਪਿੰਡ ਦੇ ਸ਼ਰਾਰਤੀ ਮੁੰਡੇ ਖੁੰਢੇ ਠ੍ਹੋਲੇ ਮਾਰਦੇ। ਠ੍ਹੋਲੇ ਖਾਣਾ ਉਸਨੂੰ ਬੜਾ ਚੰਗਾ ਲੱਗਦਾ ਤੇ ਉਹ ਉਚੀ ਉਚੀ ਹੱਸਦਾ।

ਸਾਧੋ ਨੇ ਸਿਰ ਘੁੰਮਾ ਕੇ ਅਮਰੋ ਵੱਲ ਦੇਖਿਆ। ਅਮਰੋ ਢਾਕ 'ਤੇ ਹੱਥ ਧਰ ਕੇ ਉਸ ਵੱਲ ਦੇਖੀ ਜਾ ਰਹੀ ਸੀ। ਸਾਧੋ ਹੋਰ ਅਗੇ ਤੁਰ ਪਈ। ਉਸਦਾ ਮਨ ਪੈਰ 'ਚੋਂ ਕੰਡਾ ਨਿਕਲਣ ਵਰਗਾ ਸਕੂਨ ਮਹਿਸੂਸ ਕਰ ਰਿਹਾ ਸੀ। ਉਸਨੂੰ ਜਾਪਿਆ ਜਿਵੇਂ ਉਸ ਨੇ ਕਿੰਨੇ ਸਾਲਾਂ ਤੋਂ ਮਨ 'ਚ ਖੁਭੀ ਸੂਲ ਪੁੱਟ ਕੇ ਵਗਾਹ ਮਾਰੀ ਹੋਵੇ। ਕਿੰਨਾ ਕੁਝ ਉਸ ਦੇ ਜ਼ਿਹਨ 'ਚ ਉਸਲਵੱਟੇ ਲੈਂਦਾ ਰਿਹਾ ਸੀ। ਉਹ ਵਿਹੜੇ 'ਚ ਬਾਣ ਦੀ ਮੰਜੀ 'ਤੇ ਪਈ ਸੁਪਨੇ ਬੁਣਦੀ ਉਧੇੜਦੀ। ਭਵਿੱਖ ਦਾ ਪੂਰ ਕੱਤਦੀ ਕੱਤਦੀ ਤੰਦਾਂ ਜੋੜਦੀ ਵੀ ਤੇ ਤੋੜਦੀ ਵੀ। ਤੁਰੀ ਫਿਰਦੀ ਉਹ ਕਦੇ ਮੱਝ ਨੂੰ ਖਰਖਰਾ ਕਰਨ ਲੱਗ ਪੈਂਦੀ ਤੇ ਕਦੇ ਕੱਟੀ ਦੀ ਪੂਛ ਚੁੱਕ ਚਿੱਚੜ ਤੋੜਨ ਲੱਗ ਪੈਂਦੀ। ਪੌਂ ਖਾਧੇ ਕੁੱਤੇ ਕੋਲ ਖੜ੍ਹੀ ਖੜ੍ਹੀ ਉਸਨੂੰ ਸੋਟੀ ਕੱਢ ਮਾਰਦੀ। ਉਚੀ ਉਚੀ ਬਰੜੌਣ ਲੱਗ ਪੈਂਦੀ। ਉਚੀ ਉਚੀ ਗਾਲ੍ਹਾਂ ਕੱਢਣ ਲਗ ਪੈਂਦੀ ਪਰ ਉਸ ਨੂੰ ਖੁਦ ਨੂੰ ਵੀ ਪਤਾ ਨਾ ਹੁੰਦਾ ਕਿ ਉਹ ਗਾਲ੍ਹਾਂ ਕਿਸ ਨੂੰ ਕੱਢ ਰਹੀ ਹੈ। ਜਦੋਂ ਕਦੇ ਕਦਾਈਂ ਉਸ ਦੀ ਸੋਚ ਉਸਨੂੰ ਸੁਚੇਤ ਕਰਦੀ ਤਾਂ ਉਹ ਹੌਲੀ ਹੌਲੀ ਸ਼ਰੀਕਾਂ ਨੂੰ ਬਿਨਾਂ ਨਾਂ ਲਏ ਗਾਲ੍ਹਾਂ ਕੱਢਣ ਲੱਗ ਪੈਂਦੀ। ਉਸ ਦੀ ਦੇਹ ਨੂੰ ਚੈਨ ਨਹੀਂ ਸੀ ਕਿਤੇ। ਅਮਰੋ ਨੂੰ ਦੇਖ ਉਸ ਦਾ ਹਿਰਦਾ ਦੁਖੀ ਹੋ ਉਠਦਾ। ਉਸਨੂੰ ਉਹ ਗਰੀਬਣੀ ਜਿਹੀ ਲੱਗਦੀ ਜਿਸ ਦਾ ਖਸਮ ਲਾਮ ਨੂੰ ਗਿਆ ਵਾਪਸ ਨਾ ਮੁੜਿਆ ਹੋਵੇ। ਅਮਰੋ ਦੇ ਵਾਲਾਂ 'ਚ ਧੌਲੇ ਵੇਖ ਉਸ ਦੇ ਮਨੋਂ ਧਾਹ ਮਾਰਨ ਵਰਗਾ ਹਉਕਾ ਨਿਕਲਦਾ ਤੇ ਉਹ ਉਸਦੀ ਉਮਰ ਤੇ ਵਰ੍ਹਿਆਂ ਦਾ ਹਿਸਾਬ-ਕਿਤਾਬ ਲਾਉਣ ਲੱਗ ਪੈਂਦੀ । ਇੰਨੇ ਗਏ ਤੇ ਇੰਨੇ ਰਹਿ ਗਿਆਂ ਨੂੰ ਉਹ ਅੰਗੂਠੇ ਨਾਲ ਉਂਗਲਾਂ ਦੇ ਪੋਟਿਆਂ 'ਤੇ ਗਿਣਦੀ। ਅਮਰੋ ਵੱਲੋਂ ਹਟ ਕੇ ਉਹ ਆਪਣੇ ਬੁਢਾਪੇ 'ਚ ਪਰਤਣ ਦੇ ਸਾਲ ਤੋਂ ਪਹਿਲੇ ਵਰ੍ਹਿਆਂ ਦੀ ਗਿਣਤੀ ਕਰਨ ਲੱਗ ਪੈਂਦੀ। ਅਜਿਹਾ ਕਰਦਿਆਂ ਸਾਧੋ ਸਕੂਲੀ ਬੱਚੇ ਵਾਂਗ ਹਰਕਤਾਂ ਕਰਦੀ ਤੇ ਅੱਖਾਂ ਭਰਕੇ ਇਸ ਤਰ੍ਹਾਂ ਉਠਦੀ ਜਿਵੇਂ ਬੱਚੇ ਨੂੰ ਮਾਸਟਰ ਨੇ ਕਿਸੇ ਗੁਨਾਹ ਦੀ ਸਜ਼ਾ ਦਿੱਤੀ ਹੋਵੇ।



ਬਾਹਰਲੇ ਦਰਵਾਜ਼ੇ ਦੀ ਚੀਂ ਚੀਂ ਸੁਣਕੇ ਸਾਧੋ ਆਪਣੇ 'ਚ ਪਰਤੀ। ਸੁਨੱਖਾ ਧਰਤੀ ਨੂੰ ਠੋਕਰਾਂ ਮਾਰਦਾ ਦਰਵਾਜ਼ਾ ਲੰਘਿਆ। ਉਸ ਦੇ ਪੈਰ 'ਚ ਧੌੜੀ ਦਾ ਇਕ ਜੁੱਤਾ ਸੀ। ਦੂਜਾ ਉਹ ਕਿਤੇ ਸੁੱਟ ਆਇਆ ਸੀ। ਉਸਦੇ ਮੂੰਹ 'ਚੋਂ ਝੱਗ ਡਿੱਗ ਰਹੀ ਸੀ। ਉਸਨੇ ਕੁੜਤੇ ਦੇ ਮੂਹਰਲੇ ਹਿੱਸੇ ਨਾਲ ਨੱਕ ਪੂੰਝਿਆ ਤੇ ਵਿਹੜੇ 'ਚ ਬੈਠੇ ਕੁੱਤੇ ਦੇ ਠੁੱਡਾ ਮਾਰਿਆ।

_ਵੇ ਤੂੰ ਅੱਜ ਫਿਰ ਪੀ ਕੇ ਆਇਐਂ -- ? ਉਹਨਾਂ ਕੰਜਰਾਂ ਸਾਡਾ ਘਰ ਪੱਟਣੈਂ ਵੇ ਚੰਦਰੀ ਮਾਂ ਦਿਆ ਸਿਧਰਿਆ। ਸਾਧੋ ਨੇ ਸਿਰ ਉਪਰਲੀ ਚਾਦਰ ਨਾਲ ਨੱਕ ਦੱਬਦਿਆਂ ਕਿਹਾ। "ਵੇ ਤੂੰ ਮਰ ਕਿਉਂ ਨਹੀਂ ਗਿਆ_ਏਦੂ ਤਾਂ ਮੂਤ ਪੀ ਲੈਂਦਾ ਕੁੱਤਿਆ? ਸੋਨੂੰ ਕੀੜੇ ਪੈਣਗੇ ਦੋਵਾਂ ਨੂੰ, ਮੇਰਾ ਬੁਢਾਪਾ ਰੋਲਣ ਲਗੇ ਓਂ। _ਮਰ ਉਨ੍ਹਾਂ ਮਾਂ ਦੇ ਖਸਮਾਂ ਕੋਲ ਜਿਨ੍ਹਾਂ ਤੇਰਾ ਮੂੰਹ ਝੁਲਸਿਐ_।" ਸਾਧੋ ਨੇ ਸੋਟੀ ਸੁਨਖੇ ਦੀ ਢੂਹੀ 'ਤੇ ਕੱਢ ਮਾਰੀ।

_ ਐਵੇ ਮੇਰੇ ਪੁੜੇ ਭੰਨੀ ਜਾਨੀ ਆਂ, ਮੈਥੋਂ ਕੀ ਗਧੀ ਮਰਗੀ _ ਵੱਡਾ ਸੋਡਾ ਪਤੰਦਰ ਰੋਜ਼ ਪੀ ਕੇ ਆਉਂਦੈ?" ਸੁਨੱਖਾ ਲੋਹੇ ਦਾ ਥਣ ਬਣਿਆ ਹਿੱਕ ਤਾਣੀ ਖੜ੍ਹਾ ਸੀ।

_ ਇਹ ਘਰ ਉਜੜਨੈ, ਜਾਏ ਵੱਢਿਓ_ । ਘੁਮੰਡਾ ਸੋਨੂੰ ਕਖੋਂ ਹੌਲਾ ਕਰੂ। ਠੂਠੇ ਫੜਾਊ ਉਹ ਸੋਨੂੰ। ਇਸ ਬੁੜ੍ਹੀ ਦੀ ਯਾਦ ਰੱਖਿਓ।" ਉਸਨੇ ਉਚੀ ਸੁਰ 'ਚ ਕਿਹਾ।

_ ਵੱਡੇ ਨੂੰ ਰੰਨ ਲਿਆਤੀ _ ਮੇਰੀ ਵਾਰੀ ਸੱਪ ਲੜ ਗਿਆ ਸੀ ਥੋਡੇ? ਦੁਨੀਆਂ ਭਰ ਦੀਆਂ ਤੀਵੀਆਂ ਮਰਗੀਆਂ ਸੀ? ਇਹ ਸੋਡਾ ਤਿੰਨਾਂ ਦਾ ਲੁੱਚਪੁਣਾ ਐ ਬੁੜ੍ਹੀਏ _ ਤੁਸੀਂ ਮੇਰੀ ਟਿੰਡ-ਫੌਹੜੀ ਵੰਡ ਦੋ।"

_ ਇਹ ਤੂੰ ਨੀ ਬੋਲਦਾ ਭੈਂਗਿਆ। ਤੇਰੇ 'ਚ ਘੁਮੰਡਾ ਬਲਦੈ," ਦੁਖੀ ਹੋਈ ਸਾਧੋ ਸੁੱਨਖੇ ਨੂੰ ਭੈਂਗਾ ਵੀ ਕਹਿ ਜਾਂਦੀ ਸੀ।

ਇਹ ਸੁਨੱਖਾ ਹੀ ਸੀ ਜਿਹੜਾ ਧਰਤੀ ਹੇਠਲੇ ਬਲਦ ਵਾਂਗੂ ਘਰ ਹੇਠਲੀ ਜ਼ਮੀਨ ਆਪਣੇ ਸਿਰ 'ਤੇ ਚੁੱਕੀ ਫਿਰਦਾ ਸੀ। ਘਰ ਦਾ ਗੱਡਾ ਉਸਦੇ ਕੱਲੇ ਦੇ ਕੰਨ੍ਹੇ 'ਤੇ ਸੀ ਤੇ ਉਹ ਧੂਹੀ ਫਿਰਦਾ ਸੀ। ਉਹ ਅਜਿਹੇ ਸਮੇਂ ਗੱਡੇ ਅੱਗੇ ਜੁੜਿਆ ਸੀ ਜਦੋਂ ਗੱਡਾ ਚਿੱਕੜ 'ਚ ਫਸਿਆ ਹੋਇਆ ਸੀ। ਰਾਤ ਦਾ ਅਖੀਰਲਾ ਪਹਿਰ ਸ਼ੁਰੂ ਹੁੰਦਿਆਂ ਹੀ ਉਹ ਦਾਤੀ-ਪੱਲੀ ਲੈ ਕੇ ਖੇਤ ਪਹੁੰਚ ਜਾਂਦਾ ਸੀ। ਘਰ ਦੇ ਜੀਅ ਤੇ ਪਸ਼ੂ ਘੁਰਾੜੇ ਮਾਰ ਰਹੇ ਹੁੰਦੇ ਸਨ ਜਦੋਂ ਉਹ ਖੇਤ ਪਹੁੰਚ ਜਾਂਦਾ ਸੀ। ਉਹ ਨੰਗੇ ਪੈਰ ਹਨ੍ਹੇਰੇ ਦੀ ਹਿੱਕ 'ਤੇ ਰੱਖਦਾ ਸੀ। ਧਰਤੀ ਨੂੰ ਠੋਕਰਾਂ ਮਾਰਦਾ ਸੀ। ਚਾਰੇ ਦੀਆਂ ਚਾਰ ਭਰੀਆਂ ਉਹ ਨਿਆਈਂ ਆਲੇ ਖੇਤੋਂ ਪਹੁ ਫੁੱਟਣ ਤੋਂ ਪਹਿਲਾਂ ਹੀ ਲਿਆ ਸੁੱਟਦਾ ਸੀ। ਉਸਦਾ ਅਖੀਰਲਾ ਗੇੜਾ ਲਾਉਣ ਤੱਕ ਅਮਰੋ ਚਾਹ ਧਰ ਲੈਂਦੀ ਸੀ। ਚਾਹ ਪੀ ਕੇ ਤੇ ਪਸ਼ੂਆਂ ਨੂੰ ਨੀਰਾ ਪਾ ਕੇ ਉਹ ਰਿੜਕਣੇ 'ਚ ਮਧਾਣੀ ਪਾ ਲੈਂਦਾ ਸੀ। ਅਮਰੋ ਨਾਲ ਮੈਸ੍ਹਾਂ ਦੀ ਧਾਰ ਕਢਾ ਕੇ ਉਹ ਡੇਅਰੀ 'ਚ ਦੁੱਧ ਪਾ ਆਉਂਦਾ ਤੇ ਫਿਰ ਸਾਰੇ ਪਿੰਡ ਨੂੰ ਅੱਖਾਂ ਮਲਦਾ ਛੱਡ ਬਲਦਾਂ ਨੂੰ ਪੰਜਾਲੀ ਪਾ ਖੇਤ ਪਹੁੰਚ ਜਾਂਦਾ। ਧੁੱਪ ਚੜ੍ਹੇ, ਪਾਣੀ ਹੱਥ ਦੀਆਂ ਥੱਪੀਆਂ ਰੋਟੀਆਂ ਤੇ ਲੱਸੀ ਦਾ ਭਰਿਆ ਕੁੱਜਾ ਟਾਹਲੀ ਹੇਠ ਰੱਖ ਕੇ ਅਮਰੋ ਉਨ੍ਹੀਂ ਪੈਰੀਂ ਵਾਪਸ ਮੁੜ ਆਉਂਦੀ, ਜਿਸ 'ਚੋਂ ਅੱਧੀਆਂ ਉਹ ਦੁਪਹਿਰ ਲਈ ਰੱਖ ਲੈਂਦਾ ਸੀ। ਰੋਟੀ ਆਉਣ ਤਕ ਉਹ ਦੋ ਵਿੱਘੇ ਆਸਾਨੀ ਨਾਲ ਨਬੇੜ ਲੈਂਦਾਂ ਸੀ। ਦੁਪਹਿਰ ਦੇ ਦੋ ਵਜੇ ਤਕ ਉਹ ਪਸ਼ੂਆਂ ਨਾਲ ਪਸ਼ੂ ਹੋਇਆ ਰਹਿੰਦਾ। ਤਪਦੀ ਦੁਪਹਿਰ 'ਚ ਪਸ਼ੂ ਹੌਂਕਣ ਲੱਗ ਪੈਂਦੇ ਪਰ ਉਹ ਦੌੜਿਆ ਫਿਰਦਾ ਜਿਵੇਂ ਉਹ ਮਸ਼ੀਨ ਹੋਵੇ- ਬਿਜਲੀ ਨਾਲ ਚੱਲਣ ਵਾਲੀ ਮਸ਼ੀਨ।

ਦੁਪਹਿਰ ਉਹ ਖੇਤ ਕੱਟਦਾ ਸੀ। ਪਸ਼ੂਆਂ ਨੂੰ ਘੰਟਾ ਆਰਾਮ ਕਰਾ ਕੇ ਉਹ ਫਿਰ ਤਪਦੀ

ਧਰਤੀ ਨੂੰ ਲਤੜਨ ਲੱਗ ਪੈਂਦਾ। ਨੰਗੇ ਪੈਰਾਂ 'ਚ ਉਸਨੂੰ ਜਾਪਦਾ ਜਿਵੇਂ ਅੱਗ ਨਿਕਲ ਰਹੀ ਹੋਵੇ। ਸੂਰਜ ਵੱਲ ਮੂੰਹ ਕਰਕੇ ਉਹ ਗਾਲ੍ਹਾਂ ਕੱਢਣ ਲੱਗ ਪੈਂਦਾ।

ਸਾਰੇ ਹਾਲੀ ਪਾਲੀ ਪਿੰਡ ਪਹੁੰਚ ਜਾਂਦੇ ਜਦੋਂ ਉਹ ਹਲ ਦੀ ਕਿੱਲੀ ਕੱਢਦਾ ਤੇ ਉਸ ਦੇ ਫਿਰਨੀ 'ਚ ਪਹੁੰਚਦਿਆਂ ਹਨੇਰਾ ਪੂਰੇ ਪਿੰਡ ਨੂੰ ਢਕ ਲੈਂਦਾ ਸੀ। ਉਸ ਦੇ ਪਿੰਡੇ 'ਤੇ ਪਸੀਨੇ ਨਾਲ ਜੰਮਿਆ ਰੇਤ ਉਸ ਦੇ ਜਿੰਨ ਹੋਣ ਦਾ ਭੁਲੇਖਾ ਪਾਉਂਦਾ ਸੀ ਤੇ ਪਿੰਡ ਦੇ ਕੁੱਤੇ ਉਸਨੂੰ ਪਛਾਨਣ 'ਚ ਧੋਖਾ ਖਾ ਕੇ ਉਸ 'ਤੇ ਭੌਂਕਦੇ।

ਘਰ ਪਹੁੰਚ ਕੇ ਉਹ ਸਾਰੇ ਮਾਲ ਨੂੰ ਪਾਣੀ ਪਿਲਾਉਂਦਾ ਤੇ ਫਿਰ ਕੁਤਰੇ ਆਲੀ ਮਸ਼ੀਨ ਅੱਗੇ ਆ ਜੁੜਦਾ। ਅਮਰੋ ਰੁੱਗ ਲਾਉਂਦੀ ਤੇ ਉਹ ਮਸ਼ੀਨ ਘੁਮਾਉਂਦਾ। ਉਸਨੂੰ ਲੱਗਦਾ ਜਿਵੇਂ ਅਮਰੋ ਦੇ ਆਉਣ ਨਾਲ ਮਸ਼ੀਨ ਆਪੇ ਘੁੰਮ ਰਹੀ ਹੋਵੇ। ਬਿਜਲੀ ਆਲੀ ਮਸ਼ੀਨ ਵਾਂਗ।

ਅਮਰੋ ਨੂੰ ਸੁਨਖੇ 'ਤੇ ਤਰਸ ਆਉਂਦਾ, ਇਸੇ ਲਈ ਉਹ ਬਿਨਾਂ ਕਹੇ ਉਸ ਨਾਲ ਕੁਤਰਾ ਕਰਾਉਂਦੀ। ਜਦੋਂ ਉਹ ਕੰਮਾਂ-ਕਾਰਾਂ ਤੋਂ ਵਿਹਲਾ ਹੁੰਦਾ ਤਾਂ ਅਮਰੋ ਗਰਮ ਪਾਣੀ ਦੀ ਬਾਲਟੀ ਵਿਹੜੇ 'ਚ ਪਏ ਕਿੱਕਰ ਦੇ ਮੁੱਢ ਕੋਲ ਰੱਖ ਜਾਂਦੀ। ਪਹਿਲਾਂ ਪਹਿਲਾਂ ਉਹ ਸੁਨਖੇ ਦੀ ਜਿੰਨ ਦੇਹ ਤੋਂ ਡਰ ਜਾਇਆ ਕਰਦੀ ਸੀ ਪਰ ਹੁਣ ਉਸ ਨੂੰ ਡਰ ਨਹੀਂ ਸੀ ਲੱਗਦਾ। ਉਸ ਦੇ ਪਸੀਨੇ 'ਚੋਂ ਬਦਬੂ ਨਹੀਂ ਆਉਂਦੀ ਸੀ। ਉਸਨੂੰ ਸੁਨਖੇ 'ਚ ਐਸਾ ਆਦਮ ਦਿਸਦਾ ਸੀ ਜਿਸ 'ਚ ਪੂਰੇ ਦਿਨ ਨਾਲ ਲੜਨ ਦੀ ਤਾਕਤ ਸੀ। ਜੋ ਆਪਣੇ ਮਜ਼ਬੂਤ ਡੌਲਿਆਂ ਨਾਲ ਘਰ ਨੂੰ ਬੰਨ੍ਹੀ ਫਿਰਦਾ ਸੀ। ਉਹ ਉਸਨੂੰ ਭੈਂਗੇ ਦੀ ਬਿਜਾਏ ਸੁਨਖਾ ਸੱਦਣ ਲੱਗ ਪਈ ਸੀ। ਜੇ ਕੋਈ ਆਂਢੀ ਗੁਆਂਢੀ ਵੀ ਸੁਨਖੇ ਨੂੰ ਭੈਂਗਾ ਕਹਿੰਦਾ, ਅਮਰੋ ਗਲ ਪੈਣ ਤਕ ਜਾਂਦੀ ਸੀ। ਕਈ ਦਿਨਾਂ ਤੋਂ ਸੁਨਖਾ ਪੀ ਕੇ ਆਉਣ ਲੱਗ ਪਿਆ ਸੀ। ਸਾਰਾ ਦਿਨ ਟੁੱਲ ਹੋਇਆ ਘੁਮੰਡੇ ਤਾਏ ਦੀ ਮੋਟਰ 'ਤੇ ਪਿਆ ਰਹਿੰਦਾ ਸੀ। ਦਿਨ ਛਿਪੇ ਘਰ ਆ ਕੇ ਉਹ ਖੌਰੂ ਪਾਉਂਦਾ। ਆਪਣੀ ਜੁੱਲੀ ਗੁੱਲੀ ਅਲੱਗ ਕਰਨ ਲਈ ਲੜਦਾ ਝਗੜਦਾ। ਤੀਵੀਂ ਲਿਆਉਣ ਦੇ ਡਰਾਵੇ ਮਾਰਦਾ। ਅਮਰੋ ਤੇ ਸਾਧੋ ਦੋਵੇਂ ਜਾਣਦੀਆਂ ਸਨ ਕਿ ਸ਼ਰੀਕ ਉਨ੍ਹਾਂ ਦਾ ਘਰ ਉਜਾੜਨਾ ਚਾਹੁੰਦੇ ਐ ਪਰ ਤੀਵੀਆਂ ਹੋ ਕੇ ਉਹ ਕੀ ਕਰ ਸਕਦੀਆਂ ਸਨ। ਵੱਡਾ ਸਾਰਾ ਦਿਨ ਸ਼ਰਾਬ ਦੇ ਨਸ਼ੇ 'ਚ ਟੁੱਲ ਰਹਿੰਦਾ ਸੀ ਤੇ ਲੋਕਾਂ ਦੀਆਂ ਧੀਆਂ ਤੀਵੀਆਂ ਪਿੱਛੇ ਤੁਰਿਆ ਫਿਰਦਾ ਸੀ। ਉਸ ਕੋਲੋਂ ਇੰਨੀ ਉਮੀਦ ਨਹੀਂ ਸੀ ਕਿ ਉਹ ਉਜੜ ਰਹੇ ਘਰ ਨੂੰ ਬਚਾ ਸਕੇ। ਉਹ ਤਾਂ ਦਾਰੂ ਨਾਲ ਰੱਜ ਕੇ, ਅਕਸਰ ਪਸ਼ੂਆਂ ਆਲੇ ਘਰ ਹੀ ਸੌਣ ਲੱਗ ਪਿਆ ਸੀ। ਉਸਨੂੰ ਨਾ ਮਾਂ ਦਾ ਫਿਕਰ ਸੀ ਤੇ ਨਾ ਹੀ ਆਪਣੀ ਤੀਵੀਂ ਦਾ। ਇਕ ਸੁਨਖਾ ਹੀ ਸੀ, ਲੈ ਦੇ ਕੇ, ਜੋ ਹੁਣ ਤਾਏ ਪਿੱਛੇ ਲੱਗ ਕੇ ਘਰ ਨੂੰ ਉਜਾੜਨ 'ਤੇ ਤੁਲਿਆ ਹੋਇਆ ਸੀ।

ਆਮ ਸ਼ਰੀਕਾਂ ਦੀ ਤਰ੍ਹਾਂ ਬਿਮਾਰ ਮਾਨਸਿਕਤਾ ਦਾ ਮਾਲਕ ਸੀ ਘੁਮੰਡਾ ਸਿਉਂ। ਉਹ ਨਹੀਂ ਸੀ ਚਾਹੁੰਦਾ ਕਿ ਸਾਧੋ ਦਾ ਟੱਬਰ ਹੱਸੇ ਖੇਡੇ ਤੇ ਆਰਥਿਕ ਪੱਖੋਂ ਉਨ੍ਹਾਂ ਨਾਲੋਂ ਅੱਗੇ ਲੰਘੇ। ਸਾਧੋ ਨੂੰ ਉਹ ਆਪਣੇ ਬਰਾਬਰ ਖੜ੍ਹੀ ਨਹੀਂ ਸੀ ਵੇਖਣੀ ਚਾਹੁੰਦਾ। ਉਸਨੂੰ ਪਤਾ ਸੀ ਕਿ ਜੇ ਘਰ ਟੁੱਟੇਗਾ ਤਾਂ ਜ਼ਮੀਨ ਵਿਕੇਗੀ ਤੇ ਜ਼ਮੀਨ ਦਾ ਪਹਿਲਾ ਗਾਹਕ ਉਹ ਆਪ ਹੋਏਗਾ। ਜਦੋਂ ਦਾ ਸੁਨਖੇ ਨੇ ਕੰਮ ਸੰਭਾਲਿਆ ਸੀ, ਘੁਮੰਡੇ ਨੂੰ ਪਿੱਸੂ ਪੈ ਗਏ ਸਨ। ਇਕੱਲਾ ਸੁਨਖਾ ਉਸ ਦੇ ਚਾਰ ਮੁੰਡਿਆਂ ਜਿੰਨਾ ਕੰਮ ਕਰਨ ਲੱਗ ਪਿਆ ਸੀ। ਨਾਰ੍ਹੇ ਦੇ ਮੁੱਕੇ ਸੱਤੂਆਂ ਬਾਰੇ ਉਸਨੂੰ ਪਤਾ ਸੀ ਤੇ ਸੁਨਖੇ ਨੂੰ ਉਸਨੇ ਆਪਣੀ ਸ਼ਤਰੰਜ 'ਚ ਉਲਝਾ ਲਿਆ ਸੀ। ਇਸ ਲਈ ਰੋਜ਼ ਉਹ ਸੁਨਖੇ ਨੂੰ ਰਜਾ-ਪੜ੍ਹਾ ਕੇ ਘਰ ਨੂੰ ਤੋਰ ਦਿੰਦਾ ਸੀ। ਤੇ ਰੋਜ਼ ਸਾਧੋ ਦਾ ਘਰ ਮਹਾਂਭਾਰਤ ਬਣ ਜਾਂਦਾ ਸੀ। ਸਾਧੋ ਨੂੰ ਗਾਲ੍ਹਾਂ ਕੱਢਦਾ ਤੇ ਕਿਲਕਾਰੀਆਂ ਮਾਰਦਾ ਸੁਨਖਾ ਮੀਂਹ-ਝੱਖੜ 'ਚ ਨਿਕ-ਸੁਕ ਤੇ ਲੱਕੜਾਂ-ਪਾਥੀਆਂ ਲਈ ਛੱਤੇ ਬਰਾਂਡੇ 'ਚ ਪਏ ਮੰਜੇ 'ਤੇ ਬਿਨਾਂ ਰੋਟੀ



ਖਾਧਿਆਂ ਹੀ ਢੇਰੀ ਹੋ ਗਿਆ ਸੀ ਤੇ ਡਿੱਗਦਾ ਹੀ ਘੁਰਾੜੇ ਮਾਰਨ ਲੱਗ ਪਿਆ।

ਸੁਨਖੇ 'ਤੇ ਖੇਸ ਸੁੱਟ ਕੇ ਸਾਧੋ ਚੁਲ੍ਹੇ ਮੂਹਰੇ ਬੈਠੀ ਅਮਰੋ ਕੋਲ ਆ ਖੜ੍ਹੀ ਹੋਈ। ਉਸਨੂੰ ਚੁਲ੍ਹੇ ਦੀ ਅੱਗ ਦੇ ਚਾਨਣ 'ਚ ਅਮਰੋ ਦਾ ਚਿਹਰਾ ਉਦਾਸ ਤੇ ਅੱਖਾਂ ਭਰੀਆਂ ਲੱਗੀਆਂ। ਪਤਾ ਨਹੀਂ ਉਸ ਦੀਆਂ ਅੱਖਾਂ 'ਚ ਪਾਣੀ ਗਿੱਲੇ ਗੋਹਿਆਂ ਨੂੰ ਫੂਕਾਂ ਮਾਰਨ ਕਰਕੇ ਸੀ ਜਾਂ ਨਿੱਤ ਦੇ ਕਲੇਸ਼ ਕਰਕੇ। ਮੱਚਦੀ ਮੱਚਦੀ ਅੱਗ ਫਿਰ ਬੁਝ ਗਈ ਸੀ।

-ਕੁੜੇ ਅਮਰੋ -।"

ਅਮਰੋ ਨੇ ਸਾਧੋ ਵੱਲ ਵੇਖ ਕੇ ਚੁੰਨੀ ਨਾਲ ਅੱਖਾਂ ਪੂੰਝ ਲਈਆਂ।

-ਕੁੜੀਏ ਕਿਉਂ ਧੂੰਏਂ 'ਚ ਅੱਖਾਂ ਗਾਲਦੀ ਆਂ- ਸੁੱਕੀਆਂ ਛਟੀਆਂ ਦਾ ਝੋਕਾ ਲਾ ਲੈ," ਸਾਧੋ ਬੋਲੀ।

-ਗੋਹੇ ਗਿੱਲੇ ਨੇ ਬੇਬੇ- ਗਿੱਲੇ ਗੋਹਿਆਂ 'ਚ ਧੂੰਆਂ ਹੀ ਹੁੰਦੈ, ਅੱਗ ਨੀ ਹੁੰਦੀ। -ਹੁਣ ਤਾਂ ਇਨ੍ਹਾਂ ਨਾਲ ਹੀ ਅੱਖਾਂ ਗਾਲਣੀਆਂ ਨੇ।" ਅਮਰੋ ਸਹਿਜ ਸੁਭਾਅ ਬੋਲੀ।

ਸਾਧੋ ਚੁੱਪ ਹੋ ਗਈ।

-ਵੱਡਾ ਨੀ ਆਇਆ ਅਜੇ-?" ਸਾਧੋ ਫਿਰ ਬੋਲੀ।

- ਉਹ ਆਇਆ ਹੀ ਕਿੱਦਣ ਐ?"

ਸਾਧੋ ਫਿਰ ਚੁੱਪ ਹੋ ਗਈ।

ਗੁਆਂਢੀਆਂ ਦੇ ਮੁੰਡੇ ਦੇ ਹੱਥ ਉਹਦੀ ਰੋਟੀ ਭੇਜਦੀਂ ਬਾਹਰਲੇ ਘਰ-।" ਅਮਰੋ ਨੇ ਠੰਡਾ ਸਾਹ ਭਰਿਆ।

- ਸੁਨਖੇ ਆਲੇ ਗਰਮ ਪਾਣੀ ਨਾਲ ਤੂੰ ਨ੍ਹਾ ਲੀਂ। ਉਹ ਤਾਂ ਚੰਦਰਾ ਪੈ ਗਿਆ ਭੁੱਖਣ-ਭਾਣਾ," ਸਾਧੋ ਨੇ ਹਉਕਾ ਲਿਆ।

- ਚੰਗਾ ਬੇਬੇ," ਅਮਰੋ ਨੇ ਬੈਠਵੀਂ ਆਵਾਜ਼ 'ਚ ਕਿਹਾ।

ਫਿਰ ਕਿੰਨਾ ਚਿਰ ਸਾਧੋ ਕੁਝ ਸੋਚਦੀ ਰਹੀ। ਦੋ ਕਦਮ ਤੁਰਕੇ ਉਹ ਫਿਰ ਪਿਛਾਂਹ ਪਰਤ ਆਉਂਦੀ। ਕਿੱਕਰ ਦੀ ਪੱਤ 'ਚੋਂ ਉਸਨੂੰ ਬਿਜਲੀ ਲਿਸ਼ਕਦੀ ਦਿਸਦੀ ਤੇ ਫਿਰ ਇਕ ਦਮ ਉਸਦੀਆਂ ਅੱਖਾਂ ਅੱਗੇ ਹਨ੍ਹੇਰਾ ਜਿਹਾ ਹੋ ਜਾਂਦਾ। ਉਸ ਦੇ ਬੁੱਢੇ ਜਿਸਮ ਨੂੰ ਕਾਂਬਾ ਜਿਹਾ ਛਿੜਦਾ ਤੇ ਉਹ ਚਾਕੂ ਵਾਂਗੂ 'ਕੱਠੀ ਜਿਹੀ ਹੋ ਜਾਂਦੀ। ਉਸ ਨੂੰ ਜਾਪਿਆ ਜਿਵੇਂ ਅੱਜ ਰਾਤ ਨੂੰ ਮੀਂਹ ਜ਼ਰੂਰ ਪਏਗਾ। ਮੈਨੂੰ ਸੁਨਖੇ ਦੇ ਰੰਗ ਢੰਗ ਠੀਕ ਨੀਂ ਲੱਗਦੇ ਅਮਰੋ। ਤੂੰ ਦੇਖਦੀ ਨੀ, ਕਿੰਨੇ ਦਿਨਾਂ ਤੋਂ ਥੋਬੜਾ ਸੁਜਾਈ ਫਿਰਦੈ। ਕਲ੍ਹ ਘੁੱਦੇ ਨੂੰ ਕਹਿੰਦਾ, ਮੈਂ ਤਾਂ ਤੀਵੀਂ ਲੈ ਆਉਣੀ ਆਂ ਕੋਈ , ਭਾਵੇਂ ਨਿਆਣੇ ਆਲੀ ਹੋਵੇ। ਪੈਸੇ ਆਪੇ ਤਾਇਆ ਖਰਚੂ।"

ਅਮਰੋ ਕੰਮ ਛੱਡ ਕੇ ਸਾਧੋ ਦੇ ਮੂੰਹ ਵੱਲ ਦੇਖਣ ਲੱਗੀ।

- ਮੈਨੂੰ ਡਰ ਐ ਕਿ ਚੰਦਰਾ ਕਿਤੇ ਕੋਈ ਅੰਨ੍ਹੀ ਕਾਣੀ ਜਾਂ ਲੰਗੜੀ ਕਮਲੀ ਤੀਵੀਂ ਨਾ ਲੈ ਆਵੇ, ਤਾਏ ਪਿੱਛੇ ਲੱਗ ਕੇ। ਇਹ ਮੋਟੀ ਅਕਲ ਆਲਾ ਉਹਦੇ ਪਿੱਛੇ ਲੱਗ ਕੇ ਪੂਛ ਚੁੱਕੀ ਫਿਰਦੈ। ਉਨ੍ਹਾਂ ਦੀ ਨਿਗਾਹ ਸਾਡੀ ਜ਼ਮੀਨ ਐ, 'ਤੇ ਇਹ ਨੀ ਜਾਣਦਾ ਕਿ ਸ਼ਰੀਕ ਕਦੇ ਆਪਣੇ ਨੀ ਹੁੰਦੇ।" ਸਾਧੋ

ਨੇ ਠੋਡੀ ਸੋਟੀ ਦੇ ਸਿਰੇ 'ਤੇ ਰੱਖਕੇ ਅਮਰੋ ਦੇ ਉਦਾਸ ਮੂੰਹ ਵੱਲ ਧਿਆਨ ਨਾਲ ਵੇਖਿਆ।

- ਮੈਂ ਤਾਂ ਨੀ ਕਹਿੰਦੀ ਬੇਬੇ ਕਿ ਕੋਈ ਸੁਨਖੈ ਨੂੰ ਆਪਣੀ ਕੁੜੀ ਦੇ ਡੋਲੇ ਦੇਦੂ? " ਅਮਰੋ ਬੋਲੀ।

-ਇਹਦੀ ਜੁੱਲੀ ਵਿਛਾਉਣ ਕੋਈ ਥੋੜ੍ਹਾ ਈ ਆਊ-? ਇਹਦੇ ਕੋਈ ਉਜਾੜਨ ਆਲੀ ਆਊ- ਇਹਦੇ ਹਿੱਸੇ ਦੇ ਚਾਰ ਕਿੱਲੇ ਬੈਅ ਕਰਾਉਣ। ਇਹਨੇ ਆਪ ਵੀ ਉਜੜਨੈ ਤੇ ਸਾਨੂੰ ਵੀ ਪੱਟਣੈ।" ਸਾਧੋ ਨੇ ਅੱਖਾਂ ਭਰ ਲਈਆਂ।

ਅਮਰੋ 'ਤੇ ਬਿਜਲੀ ਜਿਹੀ ਗਿਰੀ।

-ਮੈਂ ਤਾਂ ਦੋ ਪੁੜਾਂ 'ਚ ਪੀਹੀ ਜਾ ਰਹੀ ਆਂ ਕੁੜੀਏ। ਇਕ ਮੈਨੂੰ ਤੇਰਾ ਫ਼ਿਕਰ ਖਾ ਰਿਹੈ ਤੇ ਦੂਜਾ ਇਸ ਸਿਧਰੇ ਦਾ। ਮੈਂ ਤਾਂ ਅੱਠੋ ਪਹਿਰ ਸੋਚਦੀ ਰਹਿਨੀ ਆਂ ਕਿ ਇਸ ਘਰ ਦਾ ਬਣੂ ਕੀ? ਮੈਨੂੰ ਨੀ ਲੱਗਦਾ ਕਿ ਵੱਡਾ ਤੇਰੇ ਪੈਰ ਭਾਰੀ ਕਰਦੂ-? " ਸਾਧੋ ਨੇ ਡਰਦਿਆਂ ਡਰਦਿਆਂ ਮਸਾਂ ਕਿਹਾ।

-ਇਸ ਘਰ ਨੂੰ ਸਰਾਪ ਕਿ ਇੱਥੈ ਖਾਨਦਾਨ ਤੀਵੀਆਂ ਨੂੰ ਹੀ ਤੋਰਨਾ ਪੈਂਦੈ।" ਸਾਧੋ ਦੀਆਂ ਅੱਖਾਂ ਅੱਗੇ ਗੁਜ਼ਰ ਗਏ ਘਰ ਆਲੇ ਦੀ ਸ਼ਕਲ ਆਈ। "ਇਸ ਘਰ ਦੇ ਮਰਦ ਧਰਤੀ ਵਾਹੁੰਦੇ ਨੇ, ਬੀਜਦੇ ਨੀਂ ਬਹੂ-1 ਇਹ ਲੋਕਾਂ ਜਾਂ ਗਰੀਬ-ਗੁਰਬਿਆਂ ਦੀਆਂ ਧੀਆਂ ਭੈਣਾਂ ਅੱਗੇ ਚਾਦਰੇ ਚੁੱਕੀ ਫਿਰਦੇ ਐ ਆਪਣੇ ਘਰ ਵੜਦਿਆਂ ਲੱਤਾਂ 'ਚ ਪੂਛ ਦੇ ਲੈਂਦੇ ਆ। ਇਸ ਘਰ ਦੇ ਕਿੱਲੇ 'ਤੇ ਖੜ੍ਹੇ ਬਲਦ। ਵੱਡੋ ਦਾ ਰੋਜ਼ ਬਾਹਰਲੇ ਘਰ ਸੌਣਾ ਮੈਥੋਂ ਲੁਕਿਆ ਨੀ ਕੁੜੀਏ?"

ਇਹ ਜ਼ਮੀਨ ਅਸੀਂ ਲਹੂ-ਮੁੜ੍ਹਕਾ ਇਕ ਕਰਕੇ ਬਣਾਈ ਆ। ਜੇਠ ਹਾੜ੍ਹ ਦੀਆਂ ਧੁੱਪਾਂ ਨੇ ਮੇਰਾ ਮਖਣੀ ਵਰਗਾ ਪਿੰਡਾ ਪੁਠੇ ਤਵੇ ਵਰਗਾ ਬਣਾ ਦਿੱਤੈ। ਔਹ ਦੇਖ ਹੱਥ।" ਸਾਧੋ ਨੇ ਦੋਵੇਂ ਹੱਥ ਅਮਰੋ ਅੱਗੇ ਕੀਤੇ। "ਹੱਥਾਂ ਪੈਰਾਂ ਦੀਆਂ ਬਿਆਈਆਂ 'ਚੋਂ ਸਿਆਲਾਂ 'ਚ ਅਜੇ ਵੀ ਲਹੂ ਚੋਂਦੈ। ਇਹ ਸਿੱਕਰੀਆਂ ਤੇ ਕਰਚਿਆਂ ਦੇ ਖਾਧੇ ਹੋਏ ਐ। ਗਾਈਆਂ ਮੱਝਾਂ ਦਾ ਦੁੱਧ ਵੇਚ ਵੇਚ ਇਹ ਚਾਰ ਖੁੱਡ ਥੋੜੇ ਲਈ ਬਣਾਏ ਆ। ਨਾ ਕਦੇ ਚੱਜ ਦਾ ਖਾਧਾ ਤੇ ਨਾ ਪਹਿਨਿਆ, ਤਾਂ ਕਿ ਮੁੰਡਿਆਂ ਨੂੰ ਤੀਵੀਆਂ ਜੁੜ ਜਾਣ ਤੇ ਖ਼ਾਨਦਾਨ ਤੁਰਦਾ ਰਹੇ, ਪਰ ਗੱਡਾ ਅਜੇ ਵੀ ਗਾਰੇ 'ਚ ਐ ਧੀਏ---।"

ਸਾਧੋ ਸੋਚਣ ਲੱਗ ਪਈ। ਹਸਰਤ ਭਰੀਆਂ ਨਿਗਾਹਾਂ ਨਾਲ ਅਮਰੋ ਨੂੰ ਤੱਕਣ ਲੱਗੀ। ਉਸਨੂੰ ਆਪਣਾ ਮਨ ਭਾਰਾ ਲੱਗਿਆ। ਭਰਿਆ ਭਰਿਆ। ਜਿਵੇਂ ਡੁੱਲ੍ਹਣਾ ਚਾਹੁੰਦਾ ਹੋਵੇ। ਛਲਕਣਾ ਚਾਹੁੰਦਾ ਹੋਵੇ। ਉਸ ਨੇ ਆਲੇ-ਦੁਆਲੇ ਨਜ਼ਰ ਮਾਰੀ। ਸੁਨਖੈ ਦੇ ਘੁਰਾੜਿਆਂ ਦੀ ਆਵਾਜ਼ ਇਕ ਸ਼ੋਰ ਪੈਦਾ ਕਰ ਰਹੀ ਸੀ। ਮੈਸ੍ਰ ਰਿੰਗ ਰਹੀ ਸੀ। ਕੁੱਤਾ ਮਿੱਟੀ 'ਚ ਰੋਟੀ ਦੱਬਕੇ ਆਪ ਉਤੇ ਬੈਠਾ ਸੀ ਤੇ ਘੁਰਰ ਘੁਰਰ ਕਰ ਰਿਹਾ ਸੀ। ਸ਼ਿਵਦੁਆਲੇ 'ਚੋਂ ਸੰਖ ਵੱਜਣ ਦੀ ਆਵਾਜ਼ ਆ ਰਹੀ ਸੀ ਤੇ ਗੁਰਦਵਾਰੇ ਦਾ ਭਾਈ ਪਿੰਡ ਨੂੰ ਸਪੀਕਰ ਤੋਂ ਫਿਰਨੀ 'ਚ ਮਿੱਟੀ ਪਾਉਣ ਦੀ ਸੂਚਨਾ ਦੇ ਰਿਹਾ ਸੀ। ਅਸਮਾਨ 'ਚ ਕਾਲੇ ਚਿੱਟੇ ਬੱਦਲ ਗਰਜ ਰਹੇ ਸਨ। ਇਹ ਸਭ ਕੁਝ ਮਿਲ ਕੇ ਸਾਧੋ ਨੂੰ ਗੱਲ ਕਰਨ ਦਾ ਬਲ ਪ੍ਰਦਾਨ ਕਰ ਰਹੇ ਸਨ ਤਾਂ ਕਿ ਗੱਲ ਕੰਧਾਂ ਦੇ ਕੰਨਾਂ ਤਕ ਵੀ ਨਾ ਪਹੁੰਚੇ।

ਅਮਰੋ ਧੀਏ" , ਸਾਧੋ ਨੇ ਅਮਰੋ ਦੇ ਨੇੜੇ ਹੋ ਕੇ ਕਿਹਾ, "ਤੂੰ ਕੱਢ ਇਹ ਗੱਡਾ ਮੇਰੀ ਧੀ-ਸੁਨੱਖਾ ਤੇਰਾ ਦਿਉਰ ਐ- ਤੇ ਦਿਉਰ ਭਾਬੀ ਦਾ ਕੀ ਵੰਡਿਆ ਹੁੰਦੈ। ਭਾਬੀ ਅੱਧੀ ਘਰ ਆਲੀ ਹੁੰਦੀ ਐ। ਸੱਪ ਵੀ ਮਰਜੂ। ਸੋਟੀ ਵੀ ਬਚਜੂ। ਸੁਨੱਖਾ ਤਾਂ ਕੀ,ਉਸ ਦੀ ਹਵਾ ਨੇ ਵੀ ਸ਼ਰੀਕਾਂ ਕੋਲ ਨੀ ਜਾਣਾ? ਤੀਵੀਂ ਆਦਮੀ ਤੋਂ ਸੱਤ ਖ਼ੂਨ ਕਰਾ ਸਕਦੀ ਐ, ਜੇ ਚਾਹੇ। ਤੇਰੀਆਂ ਜੜਾਂ ਲੱਗ ਜਾਣਗੀਆਂ। ਤੇਰਾ ਤੀਵੀਂ ਹੋਣ



ਦਾ ਮੁੱਲ ਪੈਜੂ। ਵੱਡਾ ਤੇਰੇ ਪੈਰ ਧੋ ਧੋ ਪੀਊ। ਆਪਣਾ ਨਫ਼ਾ ਨੁਕਸਾਨ ਸੋਚ ਲੈ। ਚਾਲੀ ਤੋਂ ਟੱਪ ਗਈ, ਪਛਤਾਏਂਗੀ ਸੋ ਸਿਆਣੀ ਬਣ ਧੀਏ।"

ਅਮਰੋ ਦੀਆਂ ਅੱਖਾਂ 'ਚ ਗੁੱਸੇ ਦੀ ਚਮਕ ਵੇਖ ਸਾਧੋ ਪਰ੍ਹਾਂ ਤੁਰ ਗਈ। ਕਿੰਨਾ ਚਿਰ ਉਸ ਦੀ ਵਾਪਸ ਪਰਤਣ ਦੀ ਹਿੰਮਤ ਨਾ ਪਈ। ਮਰਾਸੀਆਂ ਦੇ ਘਰ ਵੱਲੋਂ ਲਲਕਾਰੇ ਵੱਜਣ ਦੀ ਆਵਾਜ਼ ਆਈ ਤੇ ਫਿਰ ਮਰਾਸਣ ਦੀਆਂ ਗਾਲ੍ਹਾਂ ਦੀ ਆਵਾਜ਼। ਸਾਧੋ ਅਮਰੋ ਵੱਲ ਮੁੜੀ ਤੇ ਅਮਰੋ ਦਰਵਾਜ਼ੇ ਵੱਲ।

ਨੀ ਦੇਖੀਂ ਕਿਤੇ ਵੱਡਾ ਤਾਂ ਨੀ ਕਿਸੇ ਨਾਲ ਸਿੰਗ ਫਸਾਈਂ ਫਿਰਦਾ? ਮੈਨੂੰ ਤਾਂ ਉਸੇ ਚੰਦਰੇ ਦੀ 'ਵਾਜ ਲੱਗਦੀ ਆ।" ਸਾਧੋ ਚੁਲ੍ਹੇ ਵੱਲ ਗਈ ਤੇ ਅਮਰੋ ਦਰਵਾਜ਼ੇ ਵੱਲ ਦੌੜੀ।

-ਤੇਰੀ ਵੱਡੇ ਮਰਦ ਦੀ- ਸ਼ਰਮ ਨੀ ਆਉਂਦੀ ਲੋਕਾਂ ਦੀਆਂ ਧੀਆਂ ਭੈਣਾਂ ਪਿੱਛੇ ਆਉਂਦਿਆਂ?" ਮਰਾਸਣ ਉਚੀ ਉਚੀ ਗਾਲ੍ਹਾਂ ਕੱਢ ਰਹੀ ਸੀ।

-ਤੇਰੀ ਮਰਾਸਣ ਦੀ ਮੈਂ-।" ਨਾਰ੍ਹੇ ਨੇ ਲਲਕਾਰਾ ਮਾਰਿਆ ਤੇ ਰੋੜਾ ਚੁੱਕ ਕੇ ਮਰਾਸੀਆਂ ਦੇ ਦਰਵਾਜ਼ੇ ਵੱਲ ਵਗਾਹ ਮਾਰਿਆ।-ਕੰਜਰਾ ਸ਼ੁਕਰ ਕਰ ਮੁੰਡੇ ਘਰ ਨੀ, ਤੇਰੀ ਸਾਰੀ ਉਤਾਰ ਦਿੰਦੇ। ਡੁੱਬ ਮਰ ਨੱਕ ਡੋਬਕੇ ਢੈਹ ਜਾਣਿਆਂ-ਤੀਵੀਂ ਤੇਰੀ ਦਿਉਰ ਦੀਆਂ ਰੋਟੀਆਂ ਢੋਂਦੀ ਫਿਰਦੀ ਆ, ਪਰ ਸੋਨੂੰ ਸ਼ਰਮ ਕਿੱਥੇ? ਆਪਣੀਆਂ ਤੀਵੀਆਂ ਸੰਭਾਲੀਆਂ ਨੀ ਜਾਂਦੀਆਂ-ਲੋਕਾਂ ਦੀਆਂ ਪਿੱਛੇ ਪੂਛ ਚੁੱਕੀ ਫਿਰਦੇ ਓਂ-?"

ਸੁਣ ਕੇ ਅਮਰੋ ਨੂੰ ਤਰੇਲੀਆਂ ਛੁੱਟ ਪਈਆਂ। ਉਸ ਦਾ ਜੀਅ ਧਰਤੀ 'ਚ ਗਰਕਣ ਨੂੰ ਕੀਤਾ। ਉਸਨੂੰ ਜਾਪਿਆ ਜਿਵੇਂ ਮਰਾਸਣ ਨੇ ਉਸਦੇ ਮੂੰਹ 'ਤੇ ਚਪੇੜ ਕੱਢ ਮਾਰੀ ਹੋਵੇ। ਉਸ ਦਾ ਇਕ ਵਾਰ ਜੀਅ ਵੀ ਕੀਤਾ ਕਿ ਉਹ ਮਰਾਸਣ ਨੂੰ ਗੋਡਿਆਂ 'ਚ ਲੈ ਲਵੇ ਪਰ ਅਸਲ ਦੋਸ਼ੀ ਉਸ ਦੇ ਸਾਹਮਣੇ ਖੜ੍ਹਾ ਦਹਾੜ ਰਿਹਾ ਸੀ। ਆਪਣੇ ਗੁਨਾਹ ਦੀਆਂ ਕਿਲਕਾਰੀਆਂ ਮਾਰ ਰਿਹਾ ਸੀ।

ਰੋਟੀਆਂ ਆਲੇ ਛਾਬੇ 'ਤੇ ਥਾਲੀ ਮੂਧੀ ਮਾਰ ਕੇ ਸਾਧੋ ਵੀ ਅਮਰੋ ਕੋਲ ਪਹੁੰਚ ਗਈ।

-ਕੌਣ ਐ ਅਮਰੋ?" ਸਾਧੋ ਨੇ ਕਾਹਲੀ ਨਾਲ ਪੁੱਛਿਆ।

-ਤੇਰਾ ਹੀ ਆ ਬੇਬੇ-। ਲੋਕਾਂ ਦੇ ਘਰ ਮੂੰਹ ਮਾਰਦਾ ਫਿਰਦੈ" ਅਮਰੋ ਸ਼ਰਮ ਨਾਲ ਭਿੱਜੀ ਖੜ੍ਹੀ ਸੀ।

-ਨਾਰ੍ਹਾ? ਨਾਰ੍ਹਾ ਕਿਵੇਂ ਮੂੰਹ ਮਾਰ ਸਕਦੈ? ਉਹਦੇ ਤਾਂ ਦੰਦ ਨੀ ਬਹੂ" ਸਾਧੋ ਨੇ ਅਮਰੋ ਦੀ ਸ਼ਰਮ ਵੰਡਾਉਂਦਿਆਂ ਕਿਹਾ।

-ਬਿਨਾਂ ਦੰਦਰੌਲ ਆਲਾ ਪਸ਼ੂ ਘਾਹ ਤੋੜ ਤੋੜ- ਚੱਟ ਚੱਟ ਕੇ ਸੁੱਟਦੈ ਬੇਬੇ," ਅਮਰੋ ਨੇ ਸਹਿਜ-ਸੁਭਾਅ ਜਵਾਬ ਦਿੱਤਾ।

-ਨੀ ਦੇਖ, ਤੇਰੇ ਮਰਦ ਦੀਆਂ ਕਰਤੂਤਾਂ। ਮੇਰੀ ਕੋਲੋ ਪਿੱਛੇ ਮੇਰੇ ਘਰ ਆ ਵੜਿਐ-। ਤੂੰ ਇਹਨੂੰ ਸਾਂਭਦੀ ਕਿਉਂ ਨੀ ਰੰਡੀਏ? - ਤੂੰ ਏਸ ਕੰਜਰ ਨਾਲ ਸੌਂਵੇਂ. ਇਹ ਲੋਕਾਂ ਦੇ ਘਰਾਂ ਵੱਲ ਕਿਉਂ ਦੇਖੇ? ਪਰ ਤੈਨੂੰ ਭੈਂਗੇ ਤੋਂ ਵਿਹਲ ਮਿਲੇ ਤਾਂ ਹੀ ਆ ਨਾ।" ਮਰਾਸਣ ਢਾਕਾਂ 'ਤੇ ਹੱਥ ਧਰ ਕੇ ਦਹਾੜ ਰਹੀ ਸੀ।

- ਇਹ ਸਾਲਾ ਫੰਡਰਾਂ ਦਾ ਟੋਲ਼ਾ ਐ," ਸ਼ਰੀਕਾਂ ਦੇ ਘਰੋਂ ਕੋਈ ਉਚੀ ਆਵਾਜ਼ 'ਚ ਬੋਲਿਆ।

ਅਮਰੋ ਤੇ ਸਾਧੋ ਨੂੰ ਜਾਪਿਆ ਜਿਵੇਂ ਸ਼ਰੀਕਾਂ ਉਨ੍ਹਾਂ ਦੇ ਮੂੰਹ 'ਤੇ ਚਪੇੜ ਮਾਰੀ ਹੋਵੇ। ਅਮਰੋ

ਦਾ ਜੀਅ ਤਾਂ ਕੀਤਾ ਸੀ ਕਿ ਉਹ ਸ਼ਰੀਕਾਂ ਨੂੰ ਇਸ ਗੱਲ ਦਾ ਜਵਾਬ ਦੇਵੇ। ਪਰ ਉਸਦੇ ਦਿਲ 'ਚ ਤਾਂ ਮਰਾਸਣ ਦੇ ਸ਼ਬਦ ਰੜਕ ਰਹੇ ਸਨ। ਉਸਨੇ ਅੱਖਾਂ ਕੱਢ ਕੇ ਮਰਾਸਣ ਵੱਲ ਦੇਖਿਆ। ਮਰਾਸਣ ਦੇ ਹੱਥ 'ਚ ਬਹੁਕਰ ਸੀ। ਅਮਰੋ ਨੇ ਨਾਰ੍ਹੇ ਵੱਲ ਦੇਖਿਆ। ਉਸਦਾ ਚਾਦਰਾ ਖੁਲ੍ਹ ਕੇ ਪੈਰਾਂ 'ਚ ਆ ਪਿਆ ਸੀ। ਉਹ ਚਾਦਰਾ ਬੰਨ੍ਹਦਾ ਸੀ ਤੇ ਉਸ ਦੇ ਹੱਥਾਂ 'ਚੋਂ ਛੁਟ ਕੇ ਫਿਰ ਪੈਰਾਂ 'ਚ ਜਾ ਪੈਂਦਾ ਸੀ।ਖੁੰਢਾਂ 'ਤੇ ਬੈਠੀ ਮੁੰਡੀਰ 'ਚੋਂ ਉਠ ਕੇ ਨਥੈ ਕੁਬੈ ਨੇ ਉਸ ਦਾ ਚਾਦਰਾ ਬੰਨ੍ਹਿਆ। ਬਾਕੀ ਸਾਰੇ ਠਹਾਕਾ ਮਾਰ ਕੇ ਹਸੈ।

ਅਮਰੋ ਸ਼ਰਮ ਨਾਲ ਪਾਣੀ ਪਾਣੀ ਹੋ ਗਈ।

ਨਾਰ੍ਹੇ ਦੇ ਕਪੜੇ ਚਿੱਕੜ 'ਚ ਲਿਬੜੇ ਹੋਏ ਸਨ। ਪੈਰੀਂ ਇਕ ਜੁੱਤੀ ਸੀ। ਸਿਰ 'ਤੇ ਪੱਗ ਨਹੀਂ ਸੀ । ਸ਼ਾਇਦ ਦੂਜੀ ਜੁੱਤੀ ਤੇ ਪੱਗ ਮਰਾਸੀਆਂ ਦੇ ਰਹਿ ਗਈਆਂ ਸਨ। ਡਿੱਗ ਡਿੱਗ ਕੇ ਤੁਰਦਾ ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਗੰਦੀ ਨਾਲੀ ਦਾ ਕੀੜਾ ਰੀਂਗ ਰੀਂਗ ਕੇ ਤੁਰ ਰਿਹਾ ਹੋਵੇ। ਮੂੰਹ 'ਚ ਹਲਕੇ ਹੋਏ ਕੁੱਤੇ ਵਾਂਗੂ ਝੱਗ ਸੀ।

- ਹਾਏ, ਕੈਲੋ ਨੱਚੀਏ", ਉਸ ਨੇ ਉਚੀ ਸਾਰੀ ਕਿਹਾ ਤੇ ਫਿਰ ਲਲਕਾਰਾ ਮਰਿਆ।

ਅਮਰੋ ਦਾ ਅੰਦਰ ਪੱਛਿਆ ਗਿਆ।

-ਖੜ੍ਹ ਤੇਰੀ ਕੁੱਤੇ ਦੀ ਕੰਜਰਾ", ਮਰਾਸਣ ਬਹੁਕਰ ਲੈ ਕੇ ਅੱਗੇ ਵਧੀ। ਪਰ ਫਿਰ ਰੁਕ ਗਈ। ਸ਼ਾਇਦ ਅਮਰੋ ਅੱਗੇ ਵਧ ਆਈ ਸੀ ਜਾਂ ਇਹ ਸੋਚ ਕਿ ਕਿਤੇ ਪਰਾਇਆ ਮਰਦ ਉਸ ਨੂੰ ਹੀ ਹੱਥ ਨਾ ਪਾ ਲਵੇ।

ਮਰਾਸਣ ਨੇ ਗਾਲ੍ਹਾਂ ਦੀ ਝੜੀ ਲਾਈ ਹੋਈ ਸੀ। ਉਸ ਨੇ ਅਗਲੇ ਪਿਛਲੇ -ਵੱਡੇ ਛੋਟੇ ਨੂੰ, ਕਿਸੇ ਨੂੰ ਵੀ ਨਹੀਂ ਸੀ ਬਖਸ਼ਿਆ। ਫਿਰ ਅਮਰੋ ਨੂੰ ਆਪਣੇ ਵੱਲ ਆਉਂਦਿਆਂ ਵੇਖ ਉਹ ਚੁੱਪ ਕਰ ਗਈ।

- ਖੜ੍ਹ ਤੇਰੀ ਕੁੱਤੀ ਰੰਨ ਦੀ- ਜੂਠ ਕਿਤੋਂ ਦੀ," ਅਮਰੋ ਨੇ ਇੱਟ ਚੁਕਦਿਆਂ ਕਿਹਾ। ਮਰਾਸਣ ਭੱਜ ਕੇ ਅੰਦਰ ਜਾ ਵੜੀ।

ਨੱਥਾ ਨਾਰ੍ਹੇ ਨੂੰ ਜੱਫਾ ਮਾਰ ਕੇ ਘਰ ਵੱਲ ਲੈ ਤੁਰਿਆ।

ਅਮਰੋ ਜਿਥੈ ਸੀ, ਉਥੈ ਹੀ ਖੜ੍ਹ ਗਈ।

ਖੁੰਢਾਂ ਬਰਾਬਰ ਆ ਕੇ ਫਿਰ ਡਿਗ ਗਿਆ ਨਾਰ੍ਹਾ। ਮੁੰਡੀਰ ਫਿਰ ਠਹਾਕਾ ਮਾਰ ਕੇ ਹੱਸੀ।

-ਬਈ ਜੱਟ ਦੀ ਟੌਰ੍ਹ ਐ- ਨਹੀਂ ਰੀਸਾਂ ਨਾਰ੍ਹੇ ਦੀਆਂ।" ਉਚੀ ਉਚੀ ਹੱਸਦਿਆਂ ਮੇਲਾ ਬੋਲਿਆ।

ਨਥੈ ਨੇ ਨਾਰ੍ਹੇ ਨੂੰ ਫਿਰ ਜੱਫਾ ਮਾਰਿਆ।

-ਜੇ ਪੀ ਕੇ ਖ਼ਰੀ ਨਾ ਕੀਤੀ, ਫਿਰ ਪੀਤੀ ਦਾ ਕੀ ਫੈਦਾ?"

-ਜੱਟ ਤੇ ਬਾਣੀਏ 'ਚ ਇਹੋ ਤਾਂ ਫਰਕ ਐ-"।

ਬਾਣੀਆ ਸਾਲਾ ਛਿੱਟ ਪੀ ਕੇ ਵੱਟਿਆਂ ਨੂੰ ਧੂਪ ਦੇਣ ਲੱਗਜੂ।"

ਟਹਿਲੇ ਦੀ ਸੁਣਕੇ ਕਈਆਂ ਨੇ ਕਿਲਕਾਰੀਆਂ ਮਾਰੀਆਂ। ਕਈਆਂ ਨੇ ਖੁੰਢਾਂ 'ਤੇ ਡਾਂਗਾਂ ਖੜਕਾਈਆਂ।

-ਹੁਣ ਤਾਂ ਬਾਣੀਏ-ਬਾਮ੍ਹਣ ਜੱਟਾਂ ਨਾਲੋਂ ਵੱਧ ਪੀਂਦੇ ਆ ਭਾਈ। ਕਲ੍ਹ ਸਾਡੇ ਆੜ੍ਹਤੀਆਂ ਦੇ



ਮੁੰਡੇ ਨੇ ਦਾਰੂ ਪੀ ਕੇ ਰਾਤ ਨੂੰ ਕਰਿਆੜੀ ਘਰੋਂ ਕੱਢਤੀ।" ਰੂੜੇ ਬੁੜ੍ਹੇ ਨੇ ਬੱਗੀ ਦਾੜ੍ਹੀ ਖੁਰਕਦਿਆਂ ਕਿਹਾ।

-ਦਾਰੂ ਦਾ ਰਾਤ ਨੂੰ ਤੀਵੀਂ ਘਰੋਂ ਕੱਢਣ ਨਾਲ ਤਾਂ ਕੋਈ ਤਲੱਕਾਤ ਨਹੀਂ ਤਾਇਆ-ਫਿਰ ਵੀ ਇਕ ਵਾਰੀ ਹੋਰ ਸੋਚ ਲੈ," ਟਹਿਲੇ ਨੇ ਫਿਰ ਆਪਣਾ ਤੀਰ ਛੱਡਿਆ। ਹੱਸ ਹੱਸ ਕੇ ਸਾਰੇ ਦੂਹਰੇ ਹੋਣ ਲੱਗੇ।

ਰੂੜਾ ਦਾੜ੍ਹੀ ਨੂੰ ਖਰਖਰਾ ਕਰਦਾ ਘਰ ਨੂੰ ਤੁਰ ਪਿਆ।

-ਹੈ ਕੋਈ ਸਾਲਾ, ਜੋ ਜੱਟ ਦੀ ਬਾਂਹ ਫੜ ਸਕੇ?" ਨਾਰ੍ਹੇ ਨੇ ਫਿਰ ਲਲਕਾਰਾ ਮਾਰਿਆ। ਉਸਦਾ ਲਲਕਾਰਾ ਸੁਣਕੇ ਕੁੱਤੇ ਭੌਂਕੇ। ਆਂਢੀਆਂ ਗੁਆਂਢੀਆਂ ਦੇ ਪਸ਼ੂ ਰੰਭੇ।

-ਨਹੀਂ ਕੋਈ, ਬਾਈ ਜਾਹ," ਮੁੰਡੀਰ 'ਚੋਂ ਕੋਈ ਬੋਲਿਆ।

-ਜਿਹੜਾ ਆਪਣੀ ਤੀਵੀਂ ਦੀ ਬਾਂਹ ਨੀਂ ਫੜ ਸਕਿਆ, ਕਿਸੇ ਨੇ ਉਸ ਦੀ ਬਾਂਹ ਫੜ ਕੇ ਕੀ ਛੁਣਛੁਣਾ ਲੈਣੈ," ਜੇਠੂ ਦਾ ਕੱਦੂ ਬੋਲਿਆ।

-ਹੁਣ ਮਰਾਸਣ ਨੇ ਫੜੀ ਨੀ ਤੀ?"

-ਚਲੋ ਮਰਾਸਣ ਨੇ ਬਹੁਕਰ ਦਾ ਰੇਤਾ ਝਾੜ ਲਿਆ।"

-ਬਹੁਕਰ ਦਾ ਕਿਉਂ? ਇਹਦਾ ਵੀ ਝਾੜਤਾ।"

-ਵਿਚਾਰਾ।"

-ਆਪਣੇ ਪਿੰਡ ਬਹੁਤ ਵਰ੍ਹੇ ਪਹਿਲਾਂ ਸਾਨ੍ਹ ਹੁੰਦਾ ਸੀ ਇਕ," ਦਾਨ ਸਿਉਂ ਬੁੜ੍ਹਾ ਕਹਿਣ ਲੱਗਾ। ਕਹਿੰਦਾ ਕਹਿੰਦਾ ਉਹ ਨੱਕ ਛਿਣਕਣ ਲੱਗ ਪਿਆ ਤੇ ਹੱਥ ਕੁੜਤੇ ਦੇ ਮੂਹਰਲੇ ਹਿੱਸੇ ਨਾਲ ਪੂੰਝਦਾ ਬੋਲਿਆ, "ਮੈਂ ਕੀ ਕਹਿ ਰਿਹਾ ਤੀ ਟਹਿਲੇ ਪੁੱਤ?"

-ਤੂੰ ਕਹਿ ਰਿਹਾ ਸੀ ਕਿ ਬਹੁਤ ਵਰ੍ਹੇ ਪਹਿਲਾਂ ਆਪਣੇ ਪਿੰਡ ਇਕ ਨਾਰ੍ਹਾ ਹੁੰਦਾ ਸੀ," ਟਹਿਲੇ ਨੇ ਗੰਭੀਰ ਜਿਹਾ ਹੋ ਕੇ ਕਿਹਾ ਤੇ ਫੇਰ ਬਾਕੀਆਂ ਨਾਲ ਖੁਲ੍ਹ ਕੇ ਹੱਸਿਆ।

-ਉਸ ਸਾਲੇ ਤੋਂ ਕਦੇ ਕੋਈ ਮੱਝ ਨਹੀਂ ਸੀ ਹਰੀ ਹੋਈ। ਫਸਲ ਸਾਰੇ ਪਿੰਡ ਦੀ ਲਿਤਾੜ ਦਿੰਦਾ ਸੀ।"

ਸਾਰੇ ਨਾਰ੍ਹੇ ਵੱਲ ਝਾਕੇ। ਹਾਸੇ ਗੂੰਜੇ। ਠਹਾਕੇ ਵੱਜੇ। ਅਸਮਾਨ 'ਚ ਬੱਦਲ ਗਰਜੇ।

ਰਾਤ ਦੇ ਗਿਆਰਾਂ ਵੱਜੇ ਸਨ।

ਨਾਰ੍ਹੇ ਦੀ ਪੀਤੀ ਸਾਰੀ ਉਤਰ ਚੁੱਕੀ ਸੀ।

ਉਸਨੂੰ ਕੈਲੋ ਦਾ ਚੇਤਾ ਆਇਆ ਤੇ ਫਿਰ ਉਸ ਤੋਂ ਬਾਦ ਦੀ ਸਾਰੀ ਫਿਲਮ ਉਸ ਦੀਆਂ ਅੱਖਾਂ ਅੱਗੋਂ ਗੁਜ਼ਰ ਗਈ। ਉਸ ਦੀਆਂ ਅੱਖਾਂ ਸਾਹਮਣੇ ਬਹੁਕਰ ਚੁੱਕੀ ਮਰਾਸਣ ਖੜ੍ਹੀ ਸੀ ਜੋ ਉਸ ਦੀ ਤੀਵੀਂ ਨੂੰ ਗਾਲ੍ਹਾਂ ਕੱਢ ਰਹੀ ਸੀ। ਉਨ੍ਹਾਂ ਗਾਲ੍ਹਾਂ 'ਚੋਂ ਨਿਕਲ ਕੇ ਸੁਨੱਖਾ ਤੇ ਅਮਰੋ ਉਸ ਦੇ ਸਾਹਮਣੇ ਆ ਖੜ੍ਹੇ ਹੋਏ। ਉਸ ਦਾ ਮਨ ਮਰਾਸਣ ਦੇ ਕਹੇ ਨੂੰ ਸੱਚ ਕਬੂਲਣ ਲੱਗਾ।

-ਤੀਵੀਂ ਦੀ ਜਾਤ ਦਾ ਕੀ ਪਤੈ? ਰੰਨ, ਘੋੜਾ ਤੇ ਤਲਵਾਰ ਦਾ ਕੀ ਇਤਵਾਰ ਐ। ਅਮਰੋ ਚੌਵੀ ਘੰਟੇ ਰਹਿੰਦੀ ਤਾਂ ਭੈਂਗੇ ਕੋਲ ਹੀ ਆ - ਹੋ ਸਕਦੈ ਮਰਾਸਣ ਠੀਕ ਹੀ ਕਹਿੰਦੀ ਹੋਵੇ। ਫਿਰ ਜਿੰਨਾ

ਇਕ ਤੀਵੀਂ ਦੂਜੀ ਤੀਵੀਂ ਬਾਰੇ ਜਾਣਦੀ ਐ, ਆਦਮੀ ਨਹੀਂ ਜਾਣਦਾ।" ਉਹ ਸੋਚ ਰਿਹਾ ਸੀ ਤੇ ਗੁੱਸਾ ਬਰਾਬਰ ਉਸ ਦੇ ਦਿਮਾਗ ਨੂੰ ਚੜ੍ਹੀ ਜਾ ਰਿਹਾ ਸੀ।

ਫਿਰ ਅਚਾਨਕ ਉਹ ਲਲਕਾਰੇ ਮਾਰਨ ਲੱਗ ਪਿਆ। ਉਚੀ ਉਚੀ ਗਾਲ੍ਹਾਂ ਕੱਢਣ ਲੱਗ ਪਿਆ। ਬੈਠਕ 'ਚ ਪਿਆ ਸਮਾਨ ਤੋੜਨ ਲੱਗ ਪਿਆ। ਹੇਠਲੀ ਉਤੇ ਕਰਨ ਲੱਗਾ।

ਅਮਰੋ, ਸਾਧੋ ਤੇ ਸੁਨੱਖਾ ਭੱਜੇ ਆਏ।

ਅਮਰੋ ਤੇ ਸੁਨੱਖੇ ਨੂੰ ਕੋਲ ਕੋਲ ਖੜ੍ਹੇ ਦੇਖ ਉਹ ਦੋਵਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

-ਮੈਨੂੰ ਪਤੈ ਜੁ ਤੁਸੀਂ ਘਰ 'ਚ ਗੰਦ ਪਾ ਰੱਖਿਐ। ਜੇ ਮੈਂ ਆਪਣੀ ਆਈ 'ਤੇ ਆ ਗਿਆ- ਸਾਲੀਏ ਤੇਰੀਆਂ ਲੱਤਾਂ ਤੋੜਦੂੰ। ਅੱਖਾਂ ਪਾੜ ਪਾੜ ਕੀ ਦੇਖਦੀ ਆਂ- ਸੋਡੀ ਰਾਮ ਲੀਲਾ ਦਾ ਮੈਨੂੰ ਸਭ ਪਤੈ? ਜਿੱਦੋਂ ਡਾਂਗ 'ਤੇ ਡੇਰਾ ਕੀਤਾ, ਸੋਨੂੰ ਫਿਰ ਪਤਾ ਲੱਗੂ।" ਉਹ ਅਮਰੋ ਨੂੰ ਝਈ ਲੈ ਕੇ ਪਿਆ।

-ਤੂੰ ਸਾਲਿਆ- ਮੈਲ ਦਿਆ ਕੁੱਜਿਆ- ਜੂੰਆਂ ਦੀ ਖਾਧ- ਸ਼ਕਲ ਨਾ ਸੂਰਤ। ਸਾਂਲਾ ਜਿੰਨ। ਸੀਂਢ ਪੂੰਝਣਾ ਨੀ ਆਉਂਦਾ। ਤੂੰ ਤੀਵੀਂ ਦੇ ਸੁਪਨੇ ਦੇਖਦੈਂ? ਪਤੈ ਵੀ ਤੀਵੀਂ ਕੀ ਹੁੰਦੀ ਐ? ਥੋਡੀਆਂ ਜੇ ਨਾ ਗੋਡਿਆਂ ਕੋਲੋਂ ਅੱਡ ਕੀਤੀਆਂ-ਮੈਂ ਵੀ ਮਰਦ ਨੀ।" ਉਸ ਨੇ ਸੁਨੱਖੇ ਦੇ ਘਸੁੰਨ ਕੱਢ ਮਾਰਿਆ।

- ਤੀਵੀਂ ਦਾ ਏਹਨੂੰ ਪਤੈ? ਵੱਡਾ ਮਰਦ? ਮੇਰੇ ਨਾਲ ਅੱਖਾਂ ਤਾਂ ਮਿਲਾ"।

ਅਮਰੋ ਕੁਝ ਦੇਰ ਰੁਕੀ, ਨਾਰ੍ਹੇ ਦੀਆਂ ਅੱਖਾਂ ਚ ਅੱਖਾਂ ਪਾਈਆਂ ਤੇ ਫਿਰ ਆਪਣੀ ਮੰਜੀ 'ਤੇ ਜਾ ਡਿੱਗੀ। ਨਾਰ੍ਹਾ ਅਮਰੋ ਦੀਆਂ ਅੱਖਾਂ ਦੀ ਤਾਬ ਨਾ ਝੱਲ ਸਕਿਆ ਤੇ ਕੋਲ ਖੜ੍ਹੀ ਮਾਂ ਵੱਲ ਪਰਤਿਆ।

-ਤੈਨੂੰ ਬੁੜ੍ਹੀਏ ਨੀ ਪਤਾ ਘਰ 'ਚ ਕੀ ਹੋ ਰਿਹੈ? ਤੈਨੂੰ ਐਨਕਾਂ ਇਸ ਵਾਸਤੇ ਲਵਾ ਕੇ ਦਿੱਤੀਆਂ ਨੇ ਕਿ ਤੂੰ ਸਭ ਕੁਝ ਦੇਖ ਕੇ ਵੀ ਅੱਖਾਂ ਮੀਚ ਲਵੇਂ? ਤੇਰੇ ਧੌਲੇ ਝਾਟੇ ਨੂੰ ਕੀ ਹੋ ਗਿਐ? - ਮੈਂ ਸੋਨੂੰ ਤਿੰਨਾਂ ਨੂੰ ਮੰਗਤੇ ਬਣਾ ਦੂੰ ਦੇਖਲੇ। ਠੂਠੇ ਫੜਕੇ ਮੰਗੋਗੇ?"

-ਵੇ ਤੂੰ ਜਾ। ਸੌਂ ਜਾ," ਸਾਧੋ ਨੇ ਕੋਲ ਖੜ੍ਹੇ ਸੁਨੱਖੇ ਨੂੰ ਕਿਹਾ। ਸੁਨੱਖਾ ਚਲਾ ਗਿਆ।

-ਵੇ ਕਿਉਂ ਟੈਂ ਟੈਂ ਕਰਦੈਂ? "ਚੰਦਰਾ ਖੱਸੜ ਜਿਹਾ। ਸਾਰਾ ਦਿਨ ਖਾਊਂ ਖਾਊਂ ਕਰਦਾ ਰਹਿੰਦੈ।" ਸਾਧੋ ਨੇ ਦੱਬਵੀਂ ਆਵਾਜ਼ 'ਚ ਕਿਹਾ। "-ਵੇ ਦਿਉਰ ਭਾਬੀ ਨੀ ਹੱਸਣ ਖੇਡਣਗੇ, ਹੋਰ ਮਾਂ- ਪੁੱਤ ਕਰਨਗੇ ਇਹ ਕੁਛ? ਤੂੰ ਸਿਆਣਾ ਬਣਿਆ ਕਰ।" ਉਹ ਮੋਹ ਤੇ ਗੁੱਸੇ ਦੇ ਰਲੇਵੇਂ 'ਚ ਬੋਲੀ।

-ਵੇ ਦੇਖ ਨਾਰ੍ਹਿਆ", ਉਹ ਅੱਗਾ-ਪਿੱਛਾ ਦੇਖ ਕੇ ਬੋਲੀ, "ਜਾਏ ਖਾਣੀ ਹਿੰਮਤ ਨੀਂ ਪੈਂਦੀ। ਗੱਲ ਵੱਡੀ ਐ- ਮੂੰਹ ਛੋਟੇ।"

- ਤੂੰ ਬਕ, ਕੀ ਬਕਣੈ?" ਨਾਰ੍ਹੇ ਦਾ ਬਦਨ ਗੁੱਸੇ ਨਾਲ ਅੱਗ ਵਾਂਗ ਭਖ ਰਿਹਾ ਸੀ।

-ਮੈਂ ਕੀ ਬਕਣੈ?" ਸਾਧੋ ਨੇ ਉਚੀ ਆਵਾਜ਼ 'ਚ ਅਮਰੋ ਨੂੰ ਸੁਣਾ ਕੇ ਕਿਹਾ, " ਵੇ ਕਮਲਿਆ, ਉਸ ਚੁੜੇਲ ਦਾ ਕੀ ਘਸਦੈ। ਚੰਦਰਿਆ ਤੇਰਾ ਘਰ ਵਸਜੂ। ਧੀਆਂ-ਪੁੱਤਾਂ ਲਈ ਤੀਵੀਆਂ ਚੋਰਾਂ ਸਾਧਾਂ ਕੋਲ ਤੁਰੀਆਂ ਫਿਰਦੀਆਂ ਨੇ। ਇਹਦੇ ਧੌਲੇ ਆਗੇ ਕਮਲੀ ਮਾਂ ਦਿਆ। ਫਿਰ ਕੁਛ ਨੀ ਬਣਨਾ-ਬੈਠਾ ਰੋਵੇਂਗਾ ਆਪਣੇ ਨਸੀਬਾਂ ਨੂੰ। ਫਿਰ ਇਸਨੇ ਕਿਹੜਾ ਕੋਠੇ ਟੱਪਣੇ ਐ? ਘਰ ਦੀ ਇੱਜ਼ਤ ਹੈ ਤਾਂ ਘਰ 'ਚ-। ਸਿਆਣੇ ਨਾ ਬਣੇ, ਸਾਰਾ ਕੁਝ ਸ਼ਰੀਕਾਂ ਦੇ ਜਾਊ, ਆਦਮੀ ਤੀਵੀਂ ਸੋਚ ਲੇ-।" ਸਾਧੋ ਮੂੰਹ ਢਕ ਕੇ ਪਰ੍ਹਾਂ ਹੋ ਗਈ।

ਨਾਰ੍ਹਾ ਮਾਂ ਦੀਆਂ ਗੱਲਾਂ ਸੁਣ ਕੇ ਪਾਣੀ ਪਾਣੀ ਹੋ ਗਿਆ। ਗੁੱਸੇ ਨਾਲ ਭੱਠੀ ਵਾਂਗ ਮਘਦਾ



ਉਸ ਦਾ ਬਦਨ ਠਰੀ ਹੋਈ ਸੁਆਹ ਬਣ ਗਿਆ, ਕੋਰਾ ਜੰਮ ਗਿਆ ਉਸ ਦੇ ਹੱਡਾਂ 'ਤੇ। ਉਸਨੂੰ ਜਾਪਿਆ ਜਿਵੇ ਮਾਂ ਨੇ ਉਸਨੂੰ ਸੰਨ੍ਹ ਲਾਉਂਦੇ ਨੂੰ ਫੜ ਲਿਆ ਹੋਵੇ। ਮਾਂ ਕੋਲੋਂ ਉਸਨੂੰ ਇੰਨੀ ਉਮੀਦ ਨਹੀਂ ਸੀ।

ਅੰਤਾਂ ਦੀ ਗਰਮੀ 'ਚ ਉਹ ਸਾਰਿਆਂ ਤੋਂ ਪੱਗ ਨਾਲ ਮੂੰਹ ਲੁਕਾਉਂਦਾ ਬਾਹਰਲੇ ਘਰ ਨੂੰ ਹੋ ਤੁਰਿਆ।

ਨਾਰ੍ਹੇ ਦੇ ਜਾਣ ਤੋਂ ਬਾਦ ਅਮਰੋ ਰੋ ਪਈ। ਉਸ ਨੂੰ ਆਪਣੇ ਔਰਤ ਹੋਣ 'ਤੇ ਗੁੱਸਾ ਆਇਆ। ਉਸਨੂੰ ਜਾਪਿਆ ਜਿਵੇਂ ਮਾਂ-ਪਿਉ ਨੇ ਉਸ ਦਾ ਨਾਰ੍ਹੇ ਨਾਲ ਵਿਆਹ ਕਰਕੇ ਧ੍ਰੋਹ ਕਮਾਇਆ ਹੋਵੇ ਉਸ ਨਾਲ। ਮਨ ਹੀ ਮਨ 'ਚ ਉਸਨੇ ਮਾਪਿਆਂ ਦੇ ਨਾਲ ਨਾਲ ਆਪਣੇ ਨਸੀਬਾਂ ਨੂੰ ਵੀ ਕੋਸਿਆ।

ਪਿੰਡ 'ਚ ਫਿਰ ਲਲਕਾਰਾ ਵੱਜਣ ਦੀ ਆਵਾਜ਼ ਆਈ। ਉਸਨੂੰ ਜਾਪਿਆ ਜਿਵੇ ਨਾਰ੍ਹਾ ਫਿਰ ਕੈਲੇ ਦੇ ਘਰ ਮੂਹਰੇ ਖੜ੍ਹਾ ਹੋਵੇ। ਉਸ ਨੇ ਦੂਜਾ ਲਲਕਾਰਾ ਸੁਣਨ ਲਈ ਕੰਨ ਖੜ੍ਹੇ ਕਰ ਲਏ। ਪਰ ਮੁੜ ਲਲਕਾਰਾ ਨਾ ਵੱਜਿਆ।

ਅਮਰੋ ਦੀ ਸੋਚ ਕੈਲੇ ਦੇ ਘਰ ਮੂਹਰੇ ਜਾ ਖੜ੍ਹੀ।

-ਨਾਰ੍ਹਾ ਮਰਾਸਣ ਪਿੱਛੇ ਕਿਉਂ ਜਾਂਦੈ? ਕੀ ਕੱਢੂਗਾ ਉਹ ਮਰਾਸਣ 'ਚੋਂ? ਕਿਤੇ ਅਜਿਹਾ ਕਰਕੇ ਉਹ ਮੈਨੂੰ ਸਤਾ ਤਾਂ ਨੀ ਰਿਹਾ?" ਉਸ ਦਾ ਜੀਅ ਕੀਤਾ ਉਹ ਇਨ੍ਹਾਂ ਸੁਆਲਾਂ ਦੇ ਜਵਾਬ ਸਾਧੋ ਕੋਲੋਂ ਪੁੱਛੇ ਪਰ ਆਥਣ ਦਾ ਚਿਹਰਾ ਵਾਰ ਵਾਰ ਉਸ ਦੀਆਂ ਅੱਖਾਂ ਅੱਗੋਂ ਲੰਘ ਰਿਹਾ ਸੀ। ਬਹੁਕਰ ਲਈ ਦਹਾੜ ਰਹੀ ਮਰਾਸਣ, ਮਰਾਸੀਆਂ ਦੇ ਘਰ ਮੂਹਰੇ ਲਲਕਾਰੇ ਮਾਰਦਾ ਨਾਰ੍ਹਾ, ਖੁੰਢਾਂ 'ਤੇ ਬੈਠੀ ਮੁੰਡੀਰ, ਸ਼ਰੀਕਾਂ ਦੇ ਦਿਲ ਚੀਰਵੇਂ ਬੋਲ ਤੇ ਉਸ ਦਾ ਸ਼ਰਮ 'ਚ ਡੁੱਬਿਆ ਆਪਾ ਉਸ ਦੀਆਂ ਅੱਖਾਂ ਤੇ ਕੰਨਾਂ ਮੂਹਰੇ ਖੌਰੂ ਪੱਟ ਰਹੇ ਸਨ। ਉਸਨੂੰ ਇੰਨਾ ਮਰਾਸਣ ਦੇ ਬੋਲਾਂ 'ਤੇ ਸ਼ਿਕਵਾ ਨਹੀਂ ਸੀ ਜਿੰਨੀ ਉਹ ਸ਼ਰੀਕਾਂ ਦੇ ਬੋਲਾਂ ਦੀ ਚੀਸ ਮਹਿਸੂਸ ਕਰ ਰਹੀ ਸੀ। ਉਸਨੂੰ ਚੈਨ ਨਹੀਂ ਸੀ ਆ ਰਿਹਾ। ਉਹ ਕਰੇ ਤਾਂ ਕੀ ਕਰੇ? ਉਹ ਸ਼ਰੀਕਾਂ ਨੂੰ ਕੀ ਮੋੜ ਦੇਵੇ? ਕਿਵੇਂ ਸਿੱਝੇ ਉਨ੍ਹਾਂ ਨਾਲ? ਉਸ ਨੂੰ ਨੀਂਦ ਨਹੀਂ ਸੀ ਆ ਰਹੀ।

ਸਾਧੋ ਨੂੰ ਲਗਾਤਾਰ ਖੰਘ ਛਿੜੀ ਹੋਈ ਸੀ। ਉਹ ਮੰਜੀ 'ਚ ਪਈ ਪਾਸੇ ਮਾਰ ਰਹੀ ਸੀ।

-ਕੀ ਗੱਲ ਨੀਂਦ ਨਹੀਂ ਆ ਰਹੀ ਬੇਬੇ?" ਅਮਰੋ ਨੇ ਮੰਜੀ 'ਚੋਂ ਉਠਦਿਆਂ ਪੁੱਛਿਆ।

-ਨੀਂਦ ਨੇ ਇਸ ਉਮਰ 'ਚ ਕੀ ਆਉਣੈ ਬਹੂ? ਨੀਂਦ ਜੋਗੀ ਵੱਡੇ ਨੇ ਛੱਡਿਆ ਈ ਕਿੱਥੇ ਐ? ਮੈਨੂੰ ਤਾਂ ਫਿਕਰ ਐ ਕਿ ਇਸ ਘਰ ਦਾ ਬਣੂ ਕੀ ਅਮਰੋ?" ਸਾਧੋ ਨੇ ਰੋਣਹਾਕੀ ਹੋ ਕੇ ਕਿਹਾ।

-ਚਾਹ ਬਣਾਵਾਂ ਬੇਬੇ?"

-ਤੇਰੀ ਮਰਜ਼ੀ ਆ ਧੀਏ। ਬਣਾਦੇ, ਜੇ ਚੰਦਰੀ ਅੱਖ ਲੱਗਜੇ। ਮੈਨੂੰ ਨੂਣ ਦੀ ਡਲੀ ਦੇ ਦੇ ਬਹੂ- ਮੂੰਹ 'ਚ ਰੱਖਲਾਂ। ਆਲੇ 'ਚ ਲੀਰ 'ਚ ਬੰਨ੍ਹ ਕੇ ਰੱਖਿਆ ਪਿਆ।"

ਅਮਰੋ ਨੇ ਚੁਲ੍ਹੇ 'ਚ ਅੱਗ ਬਾਲ ਲਈ। ਪਤੀਲੀ ਚੁਲ੍ਹੇ 'ਤੇ ਰੱਖਕੇ ਉਹ ਗੋਡਿਆਂ 'ਚ ਸਿਰ ਦੇ ਕੇ ਬੈਠ ਗਈ। ਉਸ ਨੂੰ ਸਾਧੋ ਦੀਆਂ ਕਹੀਆਂ ਗੱਲਾਂ ਯਾਦ ਆਈਆਂ। ਸਾਧੋ, ਨਾਰ੍ਹਾ ਤੇ ਸੁਨੱਖਾ ਤਿੰਨੇ ਉਸ ਦੀਆਂ ਅੱਖਾਂ ਸਾਹਮਣੇ ਸਨ। ਤਿੰਨੇ ਉਸ ਦੇ ਮਨ ਦੇ ਅਖਾੜੇ 'ਚ ਖੜ੍ਹੇ ਸਨ। ਉਸ ਦੀ ਮਿੱਟੀ 'ਚ ਦੰਗਲ ਕਰ ਰਹੇ ਸਨ। ਸ਼ਰੀਕਾਂ ਦੇ ਬੋਲ ਉਸ ਦੇ ਕੰਨਾਂ 'ਚ ਗੂੰਜ ਰਹੇ ਸਨ।

ਚਾਹ ਬਣ ਗਈ ਸੀ।

ਉਸ ਦੀ ਬੇੜੀ ਪੱਤਣਾਂ ਤੋਂ ਦੂਰ ਹੁੰਦੀ ਜਾ ਰਹੀ ਸੀ।

ਉਸਨੇ ਚਾਹ ਦੀ ਬਾਟੀ ਸਾਧੋ ਮੂਹਰੇ ਲਿਆ ਧਰੀ।

-ਪੀ ਲੈ ਬੇਬੇ। ਕਹੇਂ ਤਾਂ ਸਿਰ ਘੁੱਟਾਂ," ਅਮਰੋ ਨੂੰ ਸਾਧੋ 'ਤੇ ਤਰਸ ਜਿਹਾ ਆਇਆ।-ਉਹ ਸਾਧੋ ਦੀ ਬਾਹੀ 'ਤੇ ਬੈਠ ਗਈ।

-ਨਹੀਂ , ਜਿਉਂਦੀ ਰਹਿ ਧੀਏ। ਤੂੰ ਸੌਂ ਜਾਹ," ਸਾਧੋ ਨੇ ਚਾਹ ਦਾ ਘੁੱਟ ਭਰਦਿਆਂ ਕਿਹਾ।

- ਇਹ ਘੁਰਾੜੇ ਕਿਸੇ ਪਸ਼ੂ ਦੇ ਐ ਜਾਂ -?" ਉਸ ਨੇ ਤੁਰਦੀ ਅਮਰੋ ਨੂੰ ਪੁੱਛਿਆ।

- ਨਹੀਂ, ਸੁਨੱਖਾ ਐ ਬੇਬੇ।"

-ਊਂ ਦਿਲ ਦਾ ਮਾੜਾ ਨੀ ਚੰਦਰਾ। ਮੋਟੀ ਮੱਤ ਹੋਣ ਕਰਕੇ ਤਾਏ ਦੇ ਧੱਕੇ ਚੜ੍ਹਿਆ ਫਿਰਦੈ। ਸਿਧਰੇ ਬੰਦੇ ਤਾਂ ਰੱਬ ਦਾ ਰੂਪ ਹੁੰਦੇ ਐ ਧੀਏ। ਮੈਨੂੰ ਇਹਤੇ ਤਰਸ ਆਉਂਦਾ ਜੇ ਸਿਆਣਾ ਹੁੰਦਾ ਇਹਨੂੰ ਭਲਾਂ ਤੀਵੀਆਂ ਦਾ ਘਾਟਾ ਸੀ ਅਮਰੋ। ਅੱਜ ਕਲ੍ਹ ਇੰਨੀ ਧਰਤੀ ਕਿਹਨੂੰ ਆਉਂਦੀ ਐ। ਇਹਨੂੰ ਤਾਂ ਜੋੜੀਆਂ ਘੋੜੀਆਂ ਨਾਲ ਰਿਸ਼ਤੇ ਆਉਂਦੇ ਪਰ ਇਹਦੀ ਮਾੜੀ ਕਿਸਮਤ। ਪਰ ਵੱਡੇ ਵੱਲ ਦੇਖਕੇ ਸੋਚਦੀ ਆਂ ਕਿ ਰੱਬ ਏਹਦੇ ਵਰਗਾ ਇਕ ਹੋਰ ਦੇ ਦਿੰਦਾ," ਸਾਧੋ ਥੋੜ੍ਹਾ ਰੁਕ ਕੇ ਬੋਲੀ, "ਸਬਰ ਤਾਂ ਕਰ ਲੈਂਦੀ ਕਿ ਦੋਵੇਂ ਸਿਧਰੇ ਨੇ।" ਸਾਧੋ ਨੇ ਹਉਂਕਾ ਲਿਆ।

ਸਾਧੋ ਨੂੰ ਬੋਲਦੀ ਛੱਡ ਅਮਰੋ ਮੰਜੀ 'ਚ ਜਾ ਡਿੱਗੀ।

ਰਾਤ ਦਾ ਪਿਛਲਾ ਪਹਿਰ ਜਾ ਰਿਹਾ ਸੀ। ਸਾਧੋ ਅਜੇ ਵੀ ਪਾਸੇ ਮਾਰ ਰਹੀ ਸੀ। ਖੱਬੇ ਪਾਸੇ ਪਰਤਦੀ ਸੀ ਤਾਂ ਉਸ ਦੀ ਨਜ਼ਰ ਦਸ ਕੁ ਗਜ਼ ਦੂਰ ਪਈ ਅਮਰੋ ਦੀ ਮੰਜੀ 'ਤੇ ਜਾ ਟਿਕਦੀ ਸੀ ਤੇ ਸੱਜੇ, ਬਰਾਂਡੇ 'ਚ ਪਏ ਸੁਨੱਖੇ ਨੂੰ ਦੇਖਣ ਲੱਗ ਪੈਂਦੀ।

ਬੱਦਲਾਂ ਨਾਲ ਅੱਖ-ਮਚੋਲੀ ਕਰਦਾ ਚੰਦ ਕਿੱਕਰਾਂ ਤੇ ਨਿੰਮ ਦੇ ਦਰਖਤਾਂ 'ਚੋਂ ਦਿਖਣੋਂ ਹਟ ਗਿਆ ਸੀ। ਹਨੇਰੇ 'ਚ ਸਾਧੋ ਨੇ ਅਮਰੋ ਦੀ ਮੰਜੀ 'ਚੋਂ ਉਠਦਾ ਇਕ ਪ੍ਰਛਾਵਾਂ ਦੇਖਿਆ ਜੋ ਉਸ ਦੀ ਮੰਜੀ ਦੇ ਬਰਾਬਰ ਆ ਕੇ ਰੁਕ ਗਿਆ। ਸਾਧੋ ਨੇ ਅੱਖਾਂ ਮੀਚ ਲਈਆਂ। ਸਾਹ ਰੋਕ ਲਏ। ਪ੍ਰਛਾਵਾਂ ਸੁਨੱਖੇ ਦੀ ਮੰਜੀ ਵੱਲ ਚਲਾ ਗਿਆ। ਫਿਰ ਸਾਧੋ ਨੂੰ ਪਤਾ ਹੀ ਨਾ ਲੱਗਾ, ਨੀਂਦ ਨੇ ਉਸਨੂੰ ਕਦੋਂ ਆਂ ਦਬੋਚ ਲਿਆ।

ਪਰ ਨਾਰ੍ਹਾ ਬਾਹਰਲੇ ਘਰ ਅਜੇ ਵੀ ਜਾਗਦਾ ਪਿਆ ਸੀ। ਉਸ ਦਾ ਜੀਅ ਕਿਲਕਾਰੀਆਂ ਮਾਰਨ ਨੂੰ ਕਰਦਾ ਸੀ। ਖੌਰੂ ਪੱਟਣਾ ਚਾਹੁੰਦਾ ਸੀ ਉਹ। ਧਰਤੀ ਹਿਲਾਉਣੀ ਚਾਹੁੰਦਾ ਸੀ। ਲੋਕਾਂ ਨੂੰ, ਪਤਾ ਨਹੀਂ ਘਰਦਿਆਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਚਾਹੁੰਦਾ ਸੀ। ਪਰ ਉਸ ਦੇ ਬਦਨ 'ਚ ਸੱਤਾ ਨਹੀਂ ਸੀ। ਜੀਭ ਸੰਘ ਨਾਲ ਜਾ ਜੁੜੀ ਸੀ। ਲੱਤਾਂ ਬਾਹਾਂ ਜਿਵੇਂ ਬਰਫ਼ 'ਚ ਦਬ ਗਈਆਂ ਹੋਣ। ਉਹ ਹਿੱਲਣਾ ਚਾਹੁੰਦਾ ਸੀ ਪਰ ਅਧਰੰਗ ਦੇ ਮਰੀਜ਼ ਵਾਂਗ ਜੁੜਿਆ ਪਿਆ ਸੀ। ਉਹ ਬੋਲਣਾ ਚਾਹੁੰਦਾ ਸੀ ਪਰ ਉਸਨੂੰ ਜਾਪਿਆ ਜਿਵੇਂ ਉਸ ਦੇ ਜਬ੍ਹਾੜੇ ਆਪਸ 'ਚ ਫਸ ਗਏ ਹੋਣ।

ਲੰਮੀ ਚੌੜੀ ਸਵਾਤ ਦਾ ਹਨੇਰਾ ਉਸ ਵੱਲ ਮੂੰਹ ਅੱਡੀ ਖੜ੍ਹਾ ਸੀ। ਬੇਸ਼ੁਮਾਰ ਗਰਮੀ ਆਲੀ ਰਾਤ ਤੇ ਤੂੜੀ ਦੀ ਭੜਦਾਅ 'ਚ ਉਹ ਬਾਣ ਦੀ ਮੰਜੀ 'ਤੇ ਪਸੀਨੇ ਨਾਲ ਭਿੱਜਿਆ ਪਿਆ ਸੀ। ਚਾਮ ਚੜਿੱਕਾਂ ਉਸ ਦੀ ਮੰਜੀ 'ਤੇ ਮੰਡਲਾ ਰਹੀਆਂ ਸਨ। ਤੂੜੀ ਦੀ ਢਿੱਗ ਡਿੱਗ ਕੇ ਉਸ ਦੀ ਮੰਜੀ ਦੇ ਹੇਠਾਂ ਆ ਪਈ। ਧੂੜ ਉਸ ਦੇ ਦਿਮਾਗ ਨੂੰ ਚੜ੍ਹ ਗਈ। ਉਹ ਨੱਕ ਮੂੰਹ ਢਕਣਾ ਹੀ ਭੁੱਲ ਗਿਆ ਸੀ। ਉਹ ਜ਼ੋਰ ਲਾ ਕੇ ਖੰਘਿਆ ਤੇ ਸੜ੍ਹਾਕਾ ਮਾਰ ਕੇ ਨੱਕ ਸਾਫ ਕੀਤੀ। ਇਕ ਵਾਰ ਉਠਕੇ ਉਹ ਬਾਹਰ ਆਇਆ ਪਰ ਚੰਨ ਦੀ ਚਾਨਣੀ ਤੋਂ ਡਰਦਾ ਉਨ੍ਹੀਂ ਪੈਰੀਂ ਵਾਪਸ ਮੰਜੀ 'ਚ ਜਾ ਡਿੱਗਿਆ।



ਪਿਆਂ ਪਿਆਂ ਕਾਫੀ ਦੇਰ ਬਾਦ ਉਸਨੂੰ ਪਤਾ ਨਹੀਂ ਕੀ ਦੌਰਾ ਜਿਹਾ ਪਿਆ। ਉਸ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ। ਸਰੀਰ ਕੰਬਣ ਲੱਗ ਪਿਆ। ਜੋ ਮੂੰਹ ਆਇਆ ਉਚੀ ਉਚੀ ਬੋਲਣ ਲੱਗ ਪਿਆ। ਨੰਗੀਆਂ-ਗੰਦੀਆਂ ਗਾਲ੍ਹਾਂ ਕੱਢਣ ਲੱਗ ਪਿਆ। ਉਸ ਨੇ ਪੈਰੀਂ ਜੋੜੇ ਪਾਏ ਤੇ ਕਾਹਲੀ ਨਾਲ ਬਾਹਰ ਆ ਗਿਆ।

ਉਸਨੂੰ ਦੇਖ ਪਸ਼ੂ ਰੰਭੇ, ਤੇ ਮੂੰਹ ਚੁੱਕ ਉਸ ਵੱਲ ਕੰਨ ਹਿਲਾਏ। ਉਹ ਲੰਡੇ ਬਲਦ ਕੋਲ ਗਿਆ। ਲੰਡੇ ਨੇ ਕੰਨ ਹਿਲਾਏ ਤੇ ਨਾਰ੍ਹੇ ਦੀ ਬਾਂਹ ਚੱਟਣ ਲੱਗ ਪਿਆ। ਉਸ ਨੇ ਉਸ ਦੇ ਪਿੰਡੇ 'ਤੇ ਹੱਥ ਫੇਰਿਆ ਤੇ ਖੁਰਲੀ 'ਚ ਦੂਰ ਪਿਆ ਨੀਰਾ ਉਸ ਦੇ ਅੱਗੇ ਕੀਤਾ।

ਪਤਾ ਨਹੀਂ ਉਸ ਨੂੰ ਲੰਡੇ 'ਤੇ ਕਿਉਂ ਤਰਸ ਜਿਹਾ ਆਇਆ? ਵਿਆਹ ਦੇ ਸੱਤ ਸਾਲਾਂ ਬਾਦ ਉਸ ਨੇ ਇੰਜ ਕੀਤਾ ਸੀ। ਤੇ ਲੰਡੇ ਨੂੰ ਨੀਝ ਨਾਲ ਤੱਕਿਆ ਸੀ। ਉਸ ਦਾ ਸੱਜਾ ਹੱਥ ਆਪਣੇ ਪਸੀਨੇ ਨਾਲ ਭਿੱਜੇ ਵਾਲਾਂ ਵੱਲ ਖੁਰਕ ਕਰਨ ਲਈ ਉੱਠਿਆ। ਉਸਨੂੰ ਜਾਪਿਆ ਜਿਵੇਂ ਲੰਡੇ ਵਾਂਗ ਉਸ ਦੇ ਸਿਰ 'ਤੇ ਵੀ ਸਿੰਗ ਉਗ ਆਏ ਹੋਣ ਤੇ ਲੰਡੇ ਦੀ ਪੂਛ ਵਾਂਗ ਉਸ 'ਚੋਂ ਵੀ ਕੁਝ ਮਨਫੀ ਹੋ ਗਿਆ ਹੋਵੇ।

ਉਸ ਨੇ ਬਰਾਂਡੇ 'ਚ ਬੈਠੇ ਡੱਬੂ ਦੀ ਜੱਤ 'ਤੇ ਹੱਥ ਫੇਰਿਆ। ਉਸ ਦਾ ਜੀਅ ਕੀਤਾ ਉਹ ਡੱਬੂ ਵਾਂਗੂ ਭੌਂਕੇ। ਲੰਡੇ ਵਾਂਗ ਰੰਭੇ।

ਉਹ ਜਦੋਂ ਸਵਾਤ 'ਚ ਵਾਪਸ ਪਰਤਿਆ, ਉਸਨੂੰ ਬਾਣ ਦੀ ਮੰਜੀ ਵੀ ਪਲੰਘ ਵਰਗੀ ਜਾਪੀ। ਉਸਨੂੰ ਪਤਾ ਹੀ ਨਾ ਲੱਗਿਆ ਕਦੋਂ ਨੀਂਦ ਆ ਗਈ।

ਸਵੇਰੇ ਉਠਕੇ ਉਹ ਘਰ ਪਹੁੰਚਿਆ। ਘਰ ਸ਼ਾਂਤ ਸੀ। ਸਾਹਮਣੇ ਸਾਧੋ ਸੋਟੀ ਸਹਾਰੇ ਖੜ੍ਹੀ ਹੱਸ ਰਹੀ ਸੀ। ਅਮਰੋ ਨਲਕੇ 'ਤੇ ਦਾਤਣ ਕਰਦੇ ਸੁਨੱਖੇ ਨੂੰ ਟਿੱਚਰਾਂ ਕਰ ਰਹੀ ਸੀ। ਨਾਰ੍ਹੇ ਨੂੰ ਦੇਖ ਤਿੰਨੋਂ ਗੰਭੀਰ ਜਿਹੇ ਹੋ ਗਏ। ਸੁਨੱਖੇ ਦਾ ਦਾਤਣ ਆਲਾ ਹੱਥ ਜਿਥੇ ਸੀ, ਉਥੇ ਹੀ ਰੁਕ ਗਿਆ। ਤੇ ਉਸ ਨੇ ਦਾਤਣ ਨਲਕੇ ਨਾਲ ਬਣੀ ਖੇਲ੍ਹ 'ਚ ਵਗਾਹ ਮਾਰੀ। ਅਮਰੋ ਹਾਰੇ 'ਚ ਪਾਥੀਆਂ ਲਾਉਣ ਲੱਗ ਪਈ। ਸਾਧੋ ਨੇ ਖਲ ਆਲੇ ਤੌੜੇ 'ਚ ਹੱਥ ਜਾ ਪਾਇਆ।

ਸਾਰਿਆਂ ਨੂੰ ਡਰ ਸੀ, ਹੁਣ ਮਹਾਂਭਾਰਤ ਛਿੜੇਗਾ। ਨਾਰ੍ਹਾ ਸਾਰਿਆਂ ਨੂੰ ਗਾਲ੍ਹਾਂ ਕੱਢੇਗਾ। ਖੌਰੂ ਪੱਟੇਗਾ ਤੇ ਧੌਲ-ਧੱਫਾ ਕਰੇਗਾ। ਪਰ ਨਾਰ੍ਹਾ ਖੜ੍ਹਿਆ ਰਿਹਾ।

ਕਾਫ਼ੀ ਚਿਰ ਖੜ੍ਹਿਆ ਰਿਹਾ। ਉਸਨੇ ਵਾਰੀ ਵਾਰੀ ਸਾਰਿਆਂ ਵੱਲ ਦੇਖਿਆ ਪਰ ਉਸ ਨਾਲ ਕਿਸੇ ਵੀ ਅੱਖ ਨਾ ਮਿਲਾਈ। ਸੁਨੱਖੇ ਨੂੰ ਪਹਿਲੀ ਵਾਰ ਦਾਤਣ ਚੱਬਦਾ ਵੇਖ ਨਾਰ੍ਹੇ ਦੇ ਮਨ ਦੇ ਸ਼ਾਂਤ ਪਾਣੀਆਂ 'ਚ ਬਿਜਲੀ ਜਿਹੀ ਗਿਰੀ, ਜਿਸ 'ਚ ਗੁੱਸੇ ਦੀਆਂ ਲਹਿਰਾਂ ਵੀ ਉਠੀਆਂ। ਉਸ ਅੰਦਰਲਾ ਜੱਟ ਉਸ ਦੇ ਡੌਲਿਆਂ 'ਚ ਫਰਕਿਆ ਪਰ ਬੁੱਢੀ ਮਾਂ ਅੱਗੇ ਭਿੱਜੀ ਬਿੱਲੀ ਬਣਿਆ ਰਾਤ ਆਲਾ ਨਾਰ੍ਹਾ ਅੱਖਾਂ ਸਾਹਮਣੇ ਖੜ੍ਹਾ ਸੀ। ਉਸ ਦੇ ਅੰਦਰ- ਬਾਰ੍ਹ ਬੈਠਾ ਸੀ।

ਨਾਰ੍ਹਾ ਸੁਨੱਖੇ ਕੋਲ ਜਾ ਕੇ ਰੁਕ ਗਿਆ। ਸੁਨੱਖਾ ਡਰ ਗਿਆ। ਉਸ ਨੇ ਅਮਰੋ ਤੇ ਦੂਰ ਖੜ੍ਹੀ ਮਾਂ ਵੱਲ ਵਾਰੀ ਵਾਰੀ ਦੇਖਿਆ। ਅਮਰੋ ਤੇ ਸਾਧੋ ਡਰੀਆਂ ਖੜੀਆਂ ਸਨ। ਸੁਨੱਖਾ ਦੋ ਕਦਮ ਪਿੱਛੇ ਹਟ ਗਿਆ।

- ਦਾਤਣ ਕਿਉਂ ਸੁਟਤੀ ਸੁਨੱਖੇ - ਤੈਨੂੰ ਦਾਤਣ ਤਾਂ ਨਸੀਬ ਐ ਮੇਰੇ ਯਾਰ -ਤੂੰ ਡਰਦੈਂ ਕਿਉਂ ਐ ਸੁਨੱਖੇ?" ਥੋੜ੍ਹੀ ਚਿਰ ਚੁੱਪ ਰਹਿ ਕੇ ਨਾਰ੍ਹਾ ਬੋਲਿਆ।

-ਮੇਰਾ ਕਲ੍ਹ ਦਾ ਗੁੱਸਾ ਨਾ ਕਰੀਂ ਛੋਟੇ ਭਾਈ", ਉਸ ਨੇ ਸੁਨਖੈ ਦੇ ਮੋਢੇ 'ਤੇ ਹੱਥ ਰੱਖਿਆ "ਮੈਥੋਂ ਰਾਤ ਵੱਧ ਘੱਟ ਕਿਹਾ ਗਿਆ ਹੋਣੈ," ਉਸ ਨੇ ਕੰਧੋਲੀ ਕੋਲ ਖੜੀ ਅਮਰੋ ਨੂੰ ਸੁਣਾ ਕੇ ਕਿਹਾ, "ਐਵੇਂ ਡਰਿਆ ਨੀ ਕਰਦੇ- ਆਪਣਾ ਭਾਈਆਂ ਦਾ ਕੁਝ ਵੰਡਿਐ ਭਲਾ- ਤੀਵੀਂ ਸਾਲੀ ਕੋਈ ਤੈਥੋਂ ਵੱਡੀ ਚੀਜ਼ ਐ?" ਉਸ ਨੇ ਸੁਨਖੈ ਦਾ ਮੋਢਾ ਥਪਥਪਾਇਆ।

ਅਮਰੋ ਨੇ ਜੇਤੂਆਂ ਵਾਂਗ ਹਾਰੇ ਤੋਂ ਰੋੜ ਪੁੱਟ ਕੇ ਮੂੰਹ 'ਚ ਪਾਇਆ ਤੇ ਨਾਰ੍ਹੇ ਵੱਲ ਮੁਸਕਰਾ ਕੇ ਚਾਹ ਧਰਨ ਲੱਗ ਪਈ।

(1137, ਗੁਰਬਖਸ਼ ਕਾਲੋਨੀ, ਪਟਿਆਲਾ- 147001.)

## ਗ਼ਜ਼ਲ / ਹਰਬੰਸ ਮਾਛੀਵਾੜਾ

ਫੁੱਲ ਕਿਰਨਾਂ ਦੇ ਉਗਾਈਏ ਜ਼ਿੰਦਗੀ ਦੇ ਨਾਮ 'ਤੇ।
ਆ ਨਵਾਂ ਕੁਝ ਕਰ ਵਿਖਾਈਏ ਜ਼ਿੰਦਗੀ ਦੇ ਨਾਮ 'ਤੇ।

ਖੈਰ ਚਾਵਾਂ ਦੀ ਮਨਾਈਏ ਜ਼ਿੰਦਗੀ ਦੇ ਨਾਮ 'ਤੇ।
ਆ ਕਦੇ ਮਨ ਦੀ ਪੁਗਾਈਏ ਜ਼ਿੰਦਗੀ ਦੇ ਨਾਮ 'ਤੇ।

ਆ ਕਦੇ ਦੰਭੀ ਸਦਾਚਾਰਾਂ ਦੀ ਵਲਗਣ ਤੋੜ ਕੇ,
ਸਹਿਜਤਾ ਨੂੰ ਗਲ ਲਗਾਈਏ ਜ਼ਿੰਦਗੀ ਦੇ ਨਾਮ 'ਤੇ।

ਐ ਦਿਲਾ! ਲਾਹ ਕੇ ਕਦੇ ਭੱਦਰਪੁਣੇ ਦੇ ਖੋਲ ਨੂੰ,
ਆ ਜ਼ਰਾ ਹੁੱਲੜ ਮਚਾਈਏ ਜ਼ਿੰਦਗੀ ਦੇ ਨਾਮ 'ਤੇ।

ਆ ਭੁਲਾ ਕੇ ਰੰਜਸ਼ਾਂ, ਸ਼ਿਕਵੇ, ਗਿਲੇ ਤੇ ਤਲਖੀਆਂ,
ਪ੍ਰੀਤ ਦਾ ਪਰਚਮ ਝੁਲਾਈਏ ਜ਼ਿੰਦਗੀ ਦੇ ਨਾਮ 'ਤੇ।

ਐ ਖੁਦਾ! ਆ ਕੇ ਕਦੇ ਇਕ ਵਾਰ ਤਾਂ ਤੂੰ ਵੇਖ ਲੈ,
ਕਿ ਅਸੀਂ ਕੀ ਕੁਝ ਹੰਢਾਈਏ ਜ਼ਿੰਦਗੀ ਦੇ ਨਾਮ 'ਤੇ।

ਨ੍ਹੇਰ ਦੇ ਚੰਗੁਲ 'ਚੋਂ ਕੱਢਣ ਵਾਸਤੇ ਹਰ ਇਕ ਨੂੰ,
ਚਲ ਸ਼ਮਆ ਦਿਲ ਦੀ ਜਲਾਈਏ ਜ਼ਿੰਦਗੀ ਦੇ ਨਾਮ 'ਤੇ।

ਹਾਂ, ਅਸੀਂ ਉਹ ਮਨਚਲੇ ਹਾਂ ਜੋ ਨਿਰਾਸ਼ਾ ਵਿਚ ਵੀ,
ਗੀਤ ਉਮੀਦਾਂ ਦੇ ਗਾਈਏ ਜ਼ਿੰਦਗੀ ਦੇ ਨਾਮ 'ਤੇ।

[ਮਾਛੀਵਾੜਾ., ਜ਼ਿਲ੍ਹਾ ਲੁਧਿਆਣਾ]



# ਮਿੱਸ ਫਿੱਟ

ਅਵਤਾਰ ਸਿੰਘ ਬਿਲਿੰਗ

ਉਹਨੀਂ ਦਿਨੀਂ ਤਾਂ ਜੇ ਕਿਤੇ ਆਪਣਾ 'ਬੌਸ' ਸਾਹਮਣਿਓਂ ਆਉਂਦਾ ਟੱਕਰ ਜਾਂਦਾ ਤਾਂ ਮੇਰੇ ਤਨ-ਬਦਨ 'ਚੋਂ ਲਾਟਾਂ ਨਿਕਲਦੀਆਂ ਦਿਲ ਦੀ ਧੜਕਣ ਮੱਲੋ-ਮੱਲੀ ਹੀ ਤੇਜ਼ ਹੋ ਜਾਂਦੀ। ਦੰਦੀਆਂ ਕਿਰਚ ਰਹੇ ਦੇ ਮਨ 'ਚ ਬਦੀ ਆ ਜਾਂਦੀ ਕਿ ਸਕੂਟਰ 'ਚ ਸਕੂਟਰ ਮਾਰ ਕੇ ਕਰੀਹ ਕਰ ਦੇਵਾਂ.-- ਯਾਰ ਗੁਪਤਾ, ਅਜੇ ਤੂੰ ਕਹਿੰਦਾ ਏਂ; ਐਨਾ ਗੁੱਸਾ ਵੀ ਕਾਹਦਾ? ਸ਼ਰੀਫ ਤੋਂ ਸ਼ਰੀਫ ਆਦਮੀ ਨੂੰ ਵੀ ਚੰਡਾਲ ਚੜ੍ਹ ਜਾਂਦੈ, ਸੱਜਣਾ! ਸਾਊ ਬੰਦੇ ਦਾ ਗੁੱਸਾ ਸਗੋਂ ਜ਼ਿਆਦਾ ਖਤਰਨਾਕ ਹੁੰਦੈ। ਹੁਣ ਜੇ ਕੋਈ ਥੋੜੇ ਚੰਗੇ ਭਲਿਆਂ ਦੇ, ਆਪਣਾ ਫਰਜ਼ ਨਿਭਾਉਂਦਿਆਂ ਦੇ ਹੀ ਢਿੱਡ 'ਤੇ ਲੱਤ ਮਾਰ ਦੇਵੇ ਤਾਂ ਤੁਸੀਂ ਸੁੱਖ ਗੁਜ਼ਾਰੋਗੇ? ---- ਲਓ ਜੀ, ਸੁਣ ਲੋ ਸਲੋਕ! ਅਖੇ: ਸਹੀ ਡਿਊਟੀ ਕਰਦੇ ਬੰਦੇ ਦੀ ਤਾਂ ਕੋਈ ਹਵਾ ਵੱਲ ਵੀ ਨਹੀਂ ਝਾਕ ਸਕਦਾ। ਭਾਈ ਸਾਹਬ! ਸਹੀ ਸਹੀ ਕੰਮ ਕਰਦੇ ਆਦਮੀ ਨੂੰ ਹੀ ਮਾਰ ਪੈਂਦੀ ਐ, ਏਸ ਘੋਰ ਕਲਯੁੱਗ ਵਿਚ! ਗਲਤ ਲੋਕ ਤਾਂ ਬੁੱਲੇ ਵੱਢਦੇ ਨੇ!ਅਸੂਲਾਂ 'ਤੇ ਚਲਦਾ ਸਿੱਧਾ- ਪੱਧਰਾ ਸ਼ਖਸ ਹੀ 'ਮਿੱਸਫਿੱਟ' ਹੋ ਕੇ ਰਹਿ ਜਾਂਦੈ। --- ਨਹੀਂ ਗੁਪਤਾ ਸਾਹਿਬ, ਸਿਧਾਂਤਾਂ ਦੀ ਲੜਾਈ ਤਾਂ ਹੋਰ ਈ ਹੁੰਦੀ ਐ। --- ਪੜ੍ਹਾਈ ਦਾ ਏਸ ਨਾਲ ਕੋਈ ਸਬੰਧ ਨਹੀਂ! ਆਦਮੀ ਚਾਹੇ ਜਿੰਨਾ ਮਰਜ਼ੀ ਪੜ੍ਹ ਜਾਵੇ, ਉਹਦੇ ਧੁਰ ਅੰਦਰੋਂ ਜਹਾਲਤ ਨਹੀਂ ਜਾਂਦੀ। ਉਹਦੀ ਜੰਗਲੀ ਬਿਰਤੀ ਆਪਣੀ 'ਹੋਂਅ' ਮਨਾਉਣ ਲਈ ਹਮੇਸ਼ਾਂ ਖੌਰੂ ਪਾਉਂਦੀ ਰਹਿੰਦੀ ਐ। ਧਰਮਾਂ ਦੇ ਜੰਗ-ਯੁੱਧ ਵੀ ਆਪਣੀ ਈਨ ਮਨਾਉਣ ਤਕ ਹੀ ਸੀਮਿਤ ਸਨ, ਭਾਈ ਸਾਹਬ! ਹੋਰ ਗੱਲ ਕੁਝ ਵੀ ਨਹੀਂ! --- ਲੈ, ਤੈਂ ਹੁਣ ਦੀਨ-ਈਮਾਨ ਦੀ ਮੁਹਾਰਨੀ ਛੇੜ ਲਈ --- ਮੈਂ ਮੰਨਦਾ ਹਾਂ, ਤੇਰੀ ਗੱਲ, ਬਈ, ਵਿਚਾਰਾਂ ਦੀ ਲੜਾਈ ਮੁੱਢ ਕਦੀਮ ਤੋਂ ਹੀ ਹੁੰਦੀ ਆਈ ਐ। ਪਰ ਫੇਰ ਵੀ ਉਹਦਾ ਕੋਈ 'ਸਟੈਂਡਰਡ' ਸੀ, ਯਾਰ! ਅਸੂਲਾਂ ਦੀ ਜੰਗ ਲੜ ਰਹੇ, ਇਕ ਰਹਿਬਰ ਨੇ ਆਪਣੇ ਵਿਰੋਧੀ ਨੂੰ ਭੁੰਜੇ ਸਿੱਟ ਲਿਆ। ਉਹਦੀ ਹਿੱਕ 'ਤੇ ਚੜ੍ਹ ਕੇ , ਜਦ ਉਸ ਨੇ ਖੰਜਰ ਉਗਾਸਿਆ ਤਾਂ ਢਹੇ ਹੋਏ 'ਕਾਫਰ' ਨੇ ਹੇਠੋਂ ਹੀ ਜੇਤੂ ਦੀ ਦਾੜ੍ਹੀ 'ਚ ਥੁੱਕ ਦਿੱਤਾ -- ਹੋਣਾ ਕੀ ਸੀ? -- ਢਾਹੁਣ ਵਾਲਾ ਛੱਡ ਕੇ ਖੜ੍ਹਾ ਹੋ ਗਿਆ। ਕਹਿੰਦਾ; ਹੁਣ ਤਕ ਆਪਾਂ ਵਿਚਾਰਾਂ ਲਈ ਲੜ ਰਹੇ ਸੀ ਪਰ ਤੈਂ ਜ਼ਾਤੀ ਹਮਲਾ ਕਰ ਦਿੱਤਾ। ਆਪਣੀ ਲੜਾਈ ਖਤਮ! -- ਨਹੀਂ ਨਹੀਂ. ਮੈਂ ਭੂਮਿਕਾ ਕੋਈ ਨਹੀਂ ਬੰਨ੍ਹ ਰਿਹਾ। ਗੱਲ ਡਿਊਟੀ ਨਿਭਾਉਣ ਦੀ ਨਹੀਂ ਹੁੰਦੀ ਜਿੰਨੀ ਆਪਣੇ "ਸਾਹਬ' ਨੂੰ ਖੁਸ਼ ਰੱਖਣ ਜਾਂ ਨਰਾਜ਼ ਕਰਨ ਦੀ!-- ਯਾਰ, ਏਥੇ ਆ ਕੇ ਹੀ ਤਾਂ ਬਿੱਜ ਪੈਂਦੀ ਐ। -- ਕੰਮਚੋਰ ਲੋਕ ਆਪਣੇ ਆਕਾ ਨੂੰ ਪ੍ਰਸੰਨ ਰੱਖਣ ਦੀ ਕਲਾ 'ਚ ਪੂਰੇ ਪਰਬੀਨ ਹੁੰਦੇ ਨੇ। --- ਹੈਂ? ਫੇਰ ਉਹੀ ਗੱਲ? --- ਸਹੀ ਰਾਹ 'ਤੇ ਚੱਲਣ ਵਾਲਿਆਂ 'ਚ ਆਕੜ ਤਾਂ ਹੋਣੀ ਹੀ ਹੋਈ, ਜਨਾਬ! ਭਲਾ ਉਹ ਖੁਸ਼ਾਮਦ ਕਿਉਂ ਕਰਨ? ਜਦ ਉਹਨਾਂ 'ਚ ਕਾਣ ਹੀ ਕੋਈ ਨਹੀਂ? ---

ਤੈਨੂੰ ਪਤੈ, ਆਪਣੇ ਮਹਿਮਕਮੇ 'ਚ ਸਾਰੀ 'ਪਬਲਿਕ-ਡੀਲਿੰਗ' ਐ। ਸਾਡਾ ਕਰਤੱਵ ਹੀ ਨਹੀਂ ਸਗੋਂ ਧਰਮ ਹੈ ਕਿ ਅਸੀਂ ਆਪਣੇ 'ਕਲਾਇੰਟ-ਸ' ਨੂੰ ਸੰਤੁਸ਼ਟ ਰੱਖੀਏ! ਅੱਛਾ, ਏਹ ਵੀ ਆਪਣੇ ਰਿਵਾਜ ਐ, ਬਈ , ਆਪਾਂ ਸੀਟ ਤੋਂ ਨਹੀਂ ਉੱਠਣਾ ਭਾਵੇਂ 'ਬੌਸ' ਦਾ ਪਿਓ ਆ ਜਾਵੇ। --- ਨਹੀਂ, ਮਿੱਤਰ ਜੀ, ਵਾਧਾ ਏਸ ਗੱਲ ਤੋਂ ਨਹੀਂ ਵਧਿਆ। ਏਨਾ ਬੇਵਿਚਾਰਾ ਤਾਂ ਆਪਣਾ 'ਸਾਹਬ' ਵੀ ਨਹੀਂ ਸੀ। --- ਯਾਰ, ਮੈਂ ਐਵੇਂ ਬਦਖੋਹੀ ਨਹੀਂ ਕਰ ਸਕਦਾ, ਓਸ ਵਿਚਾਰੇ ਦੀ। ਦਾਨਾ ਦੁਸ਼ਮਣ ਉਹੀ ਹੁੰਦੈ, ਜਿਹੜਾ ਵਿਰੋਧੀ ਦੇ ਚੰਗੇ ਕਾਰਨਾਮੇ ਦੀ ਵੀ ਸਿਫ਼ਤ ਕਰੇ। --- ਮਹਾਂ ਭਾਰਤ 'ਚ ਜਦ ਕਰਣ ਨੇ ਪੂਰੇ ਰੋਹ ਨਾਲ ਬਾਣ ਮਾਰਨਾ ਤਾਂ ਅਰਜਨ ਦਾ ਰੱਥ ਮਸਾਂ ਹੱਥ ਡੇਢ ਹੱਥ ਹੀ ਪਿੱਛੇ ਹਟਿਆ ਕਰੇ। ਪਰ ਉਸ ਦੇ ਸਾਰਥੀ ਕ੍ਰਿਸ਼ਨ ਮਹਾਂਰਾਜ ਨੇ ਗ਼ਦ ਗ਼ਦ ਹੋ ਕੇ ਆਖਣਾ- ਸ਼ਾਬਾਸ਼! ਨਹੀਂ ਰੀਸਾਂ ਤੇਰੀਆਂ! ਮਹਾਂਬਲੀ

ਕਰਣ।---- ਚੰਗਾ ਯਾਰ, ਲੈ, ਮੈਂ ਕਹਾਣੀ ਨਹੀਂ ਪਾਉਂਦਾ। ਏਹ ਤਾਂ ਐਵੇਂ ਗੱਲ 'ਚੋਂ ਗੱਲ ਨਿਕਲ ਆਉਂਦੀ ਐ। ---

--- ਉਹਨੀਂ ਦਿਨੀਂ ਇਕ ਮਹਾਨ ਧਰਮ ਸਥਾਨ ਢਾਹਿਆ ਗਿਆ ਸੀ। ਤਿੰਨ ਵਜੇ ਤੋਂ ਬਾਅਦ ਆਪਣਾ ਮਹਿਕਮਾ ਦੇਖ ਲੈ, ਵਿਹਲਾ ਈ ਹੁੰਦੈ। ਬਹਿਸ ਛਿੜ ਪਈ, ਧਰਮ-ਮੰਦਰ ਬਾਰੇ। ਦੇਸ ਦੀ ਸਿਆਸਤ ਬਾਰੇ। "ਨਿੱਘਰ ਗਈ ਆਪਣੀ ਸਿਆਸਤ! ਫਿੱਟੇ-ਮੂੰਹ ਇਹੋ ਜਿਹੀ ਰਾਜਨੀਤੀ ਦੇ! ਜਿਹੜੀ ਹਾਲੇ ਵੀ ਧਰਮਾਂ, ਜਾਤਾਂ, ਨਸਲਾਂ ਦੀ ਆੜ 'ਚ ਰਾਜ ਹਥਿਆਉਣਾ ਲੋਚਦੀ ਐ।" ਮੈਂ ਕਹਿ ਤਾਂ ਬੈਠਿਆ। --- ਲਓ ਜੀ, ' ਸਾਹਬ' ਨੂੰ ਤਾਂ ਸੁਣਦੇ ਸਾਰ ਹੀ ਅੱਗ ਲੱਗ ਗਈ। ਲੰਬੀ ਅਚਕਨ ਲਹਿਰਾਉਂਦੇ , ਉਹ ਭਬੂਕੇ ਵਾਂਗ ਉੱਠੇ। ਹੁਣ 'ਬੌਸ' ਸਾਡੇ ਨੂੰ ਤਾਂ ਤੂੰ ਜਾਣਦਾ ਹੀ ਐਂ। ਕਹਿੰਦੇ 'ਇਤਿਹਾਸ ਏਸੇ ਤਰ੍ਹਾਂ ਆਪਣੇ ਆਪ ਨੂੰ ਦੁਹਰਾਉਂਦਾ ਰਹੇਗਾ ਜਦੋਂ ਤੀਕ ਤੁਹਾਡੇ ਜਿਹੇ ਤੰਗ ਦਿਲ ਲੋਗ ਏਸ ਦੇਸ 'ਚ ਮੌਜੂਦ ਨੇ।' --- ਏਹ ਤੂੰ ਆਪ ਸਮਝ ਲੈ, ਬਈ ਮੈਂ ਕਿਵੇਂ ਤੰਗ ਦਿਲ ਹੋ ਗਿਆ? --- ਨਹੀਂ ਯਾਰ, ਇਤਿਹਾਸ ਜਾਂ ਧਰਮ-ਸਥਾਨ ਦਾ ਰੌਲਾ ਤਾਂ ਜਿਵੇਂ ਫੇਰ ਖਤਮ ਹੀ ਹੋ ਗਿਆ। ਕਦੇ-ਕਦਾਈਂ ਗੱਲ ਤੁਰਦੀ ਤਾਂ ਮੈਂ ਸੁਭਾਵਕ ਹੀ ਮੂਹਰਿਓਂ 'ਸਾਹਬ' ਦੀ ਗੱਲ ਕੱਟ ਦਿੰਦਾ। -- ਯਾਰ, ਸੁਭਾਅ ਕਾਹਦਾ ਹੋਇਆ, ਜੇ ਬਦਲ ਜਾਵੇ?--- ਬਾਕੀਆਂ ਦਾ ਕੀ ਐ ਯਾਰ? --- ਸਾਰੇ ਸਹਿਯੋਗੀ ਕਠਪੁਤਲੀਆਂ ਵਾਂਗ- 'ਹਾਂ ਜਨਾਬ,' 'ਜੀ ਹਜ਼ੂਰ', ਜੀ ਸਰ' ਆਖ ਕੇ ਹੁੰਗਾਰਾ ਭਰਦੇ ਰਹਿੰਦੇ। ---ਏਹ ਘਟਨਾ ਤਾਂ ਕਈ ਦਿਨਾਂ ਮਗਰੋਂ ਦੀ ਐ। ਉਦਣ ਸੁਬ੍ਹਾ ਹੀ ਮੈਂ ਹਾਜ਼ਰੀ ਲਾ ਕੇ , ਆਪਣੀ ਸੀਟ 'ਤੇ ਜਾਣ ਲੱਗਿਆ ਤਾਂ ਸਫੈਦ ਜਾਕਟ ਪਾਈਂ, 'ਸਾਹਬ' ਮੂਹਰਿਓਂ ਮਿਲ ਪਏ। ਧਰਮ ਦੀ ਜਗ੍ਹਾ ਢਾਹੀ ਜਾ ਚੁੱਕੀ ਸੀ। 'ਅਸੀਂ ਲੋਕ ਚਾਰ ਸਦੀਆਂ ਪਿੱਛੇ ਚਲੇ ਗਏ ਹਾਂ' -- ਮੇਰਾ ਮਨ ਮੱਚ ਰਿਹਾ ਸੀ।

"ਆਓ ਜੀ, ਸਿਆਸਤਦਾਨੋ" --- ਬੌਸ ਨੇ ਜਿਵੇਂ ਲਾ ਕੇ ਆਖਿਆ ਹੋਵੇ।---ਖ਼ੈਰ, ਸਮਝਾਉਂਦਾ ਤਾਂ ਮੈਂ ਆਪਣੇ ਮਨ ਨੂੰ ਕਈ ਦਿਨਾਂ ਤੋਂ ਸਾਂ। ਘਰ ਆ ਕੇ ਵੀ ਮੈਂ ਕਈ ਕਈ ਘੰਟੇ ਇਕੋ ਥਾਂ ਬੈਠਾ ਸੋਚੀ ਜਾਂਦਾ ਜਿਵੇਂ ਉਥੇ ਹੀ ਨੂੜਿਆ ਗਿਆ ਹੋਵਾਂ। ਮੇਰੇ ਖੱਬੇ ਕੁੱਲੇ ਵਿਚ ਤਿੱਖਾ ਦਰਦ ਉਠ ਖੜ੍ਹਦਾ ਅਤੇ ਚੀਸ ਖੁੱਚ ਵੱਲ ਨੂੰ ਤੁਰਦੀ। ਮੇਰੇ ਸਮਝ 'ਚ ਨਾ ਆਉਂਦਾ। --- ਮਨ 'ਤੇ ਵਜ਼ਨ ਪੈਣ ਨਾਲ ਤਾਂ ਸਿਰ ਚਕਰਾਉਣਾ ਚਾਹੀਦੈ ਜਾਂ ਫੇਰ ਛਾਤੀ 'ਚ ਤਕਲੀਫ ਹੋਵੇ। ਪਰ ਏਹ ਚੀਸ ਵੀ ਅਜੀਬ ਸੀ। -- ਹਾਂ, ਹਾਂ, ਰੁਜ਼ਗਾਰ ਦੇ ਖੁੱਸ ਜਾਣ ਦੀ ਖੁਤਖੁਤੀ ਕਹਿ ਲੈ, ਤੂੰ ਏਹਨੂੰ! ---

ਧਰਮ-ਮੰਦਰ ਤਾਂ ਕਿੱਦਣ ਦਾ ਢਹਿ-ਢੇਰੀ ਕਰ ਦਿੱਤਾ ਗਿਆ ਸੀ, ਗੁਪਤਾ ਯਾਰ! ਪਰ ਮਨਾਂ 'ਚ ਕੁੜੱਤਣ ਤਾਂ ਹੈ ਗੀ ਸੀ ਨਾ! ਮੈਂ ਸਮਝਦਾਂ ਮੇਰੇ ਅੰਦਰਲੀ ਕੋਈ ਧਰਮ ਨਾਲੋਂ ਵੀ ਪਵਿੱਤਰ ਜਗ੍ਹਾ ਪਲੀਤ ਹੋ ਗਈ ਸੀ---- ਸ਼ਾਇਦ ਤੂੰ ਠੀਕ ਹੋਵੇਂ। ਫੇਰ ਵੀ ਪੁਰਾਣਾ ਪਾਪੀ ਐ, ਯਾਰ! ---ਹਾਂ ਹਾਂ, ਤੂੰ ਮੇਰੀ ਹਉਮੈ ਦਾ ਮੰਦਰ ਹੀ ਸਮਝ ਲੈ। --- ਹੱਸਣ ਵਾਲੀ ਗੱਲ ਨਹੀਂ, ਗੁਪਤਾ ਜੀ! ਬੰਦੇ ਦੀ 'ਹਉਮੈਂ' ਜ਼ਖ਼ਮੀ ਹੋਣੀ ਬੜੀ ਖਤਰਨਾਕ ਹੁੰਦੀ ਐ। --- ਯਾਰ, ਬਾਕੀ ਤਾਂ ਸਭ ਬਹਾਨੇ ਹੀ ਹੁੰਦੇ ਨੇ। ਗਲ ਪੈਣ ਦੇ!--- ਪਰ ਨੌਕਰੀ ਤਾਂ ਕਰਨੀ ਹੀ ਹੋਈ, ਬਾਦਸ਼ਾਹੋ। --- ਕੀ ਕਿਹੈ? ਬਾਹਰਲਾ ਮੁਲਕ? --- ਤੇਰੇ ਖਿਆਲ 'ਚ ਉਥੇ ਇਹੋ ਜਿਹੇ ਝੰਜਟ ਨਹੀਂ ਹੋਣਗੇ? --- ਏਹ ਤਾਂ ਮੈਂ ਮੰਨਦੈਂ ਬਈ ਚਾਪਲੂਸੀ ਦੀ ਉਹਨਾਂ ਕੋਲ ਵਿਹਲ ਨਹੀਂ। ਖੁਸ਼ਾਮਦੀ ਲੋਕ, 'ਬੌਸ' ਦੁਆਲੇ ਮੱਖੀਆਂ ਵਾਂਗ ਨਹੀਂ ਭਿਣ ਭਿਣਾਉਂਦੇ ਹੋਣੇ, ਪਰ ਉਥੇ 'ਬਟਰਿੰਗ' ਦਾ ਕੋਈ ਹੋਰ ਰੂਪ , ਹੋਊਗਾ ਜ਼ਰੂਰ। ਆਖ਼ਰ ਮਨੁੱਖੀ ਫਿਤਰਤ ਜੋ ਹੋਈ, ਏਹ! --- ਧਰਮ ਨਾਲੋਂ ਵੀ ਰੋਟੀ ਜ਼ਰੂਰੀ ਐ, ਗੁਪਤਾ ਸਾਹਬ! --- ਹਾਂ, ਏਹ ਗੱਲ ਤੁਸਾਂ ਲੱਖ ਰੁਪੈ ਦੀ ਆਖੀ ਐ; ਸਿਆਸੀ ਵਿਚਾਰ ਵੀ ਰੋਟੀ ਨਾਲ ਹੀ ਜੁੜੇ ਹੁੰਦੇ ਨੇ। ਆਪੋ ਆਪਣੀ ਗਰਜ਼ ਨਾਲ!--- ਨਹੀਂ, ਮਿੱਤਰਾ। ਤੇਰੀ ਏਸ ਧਾਰਨਾ ਨਾਲ ਮੈਂ ਸਹਿਮਤ ਨਹੀਂ। --- ਇਕੋ ਜਿਹੇ ਸਿਆਸੀ ਅਕੀਦਿਆਂ ਵਾਲੇ ਲੋਕ,



ਕਿਹੜਾ ਆਪਸ 'ਚ ਨਹੀਂ ਭਿੜਦੇ? ਸਮਾਂ ਪੈਣ 'ਤੇ ਵਿਰੋਧ ਅੰਦਰੋਂ ਹੀ ਪੈਦਾ ਹੋ ਜਾਂਦੇ। ਏਹ ਕੁਦਰਤ ਦਾ ਅਸੂਲ ਐ। ਅਸਲ ਭੇਤ ਪਤੈ , ਕੀ ਐ?--- ਅਸੀਂ ਲੋਕ ਕਿਸੇ ਦੀ ਸ਼ਖਸੀ ਆਜ਼ਾਦੀ ਨੂੰ ਬਰਦਾਸ਼ਤ ਹੀ ਨਹੀਂ ਕਰ ਸਕਦੇ। ਸਾਡੀ ਧੁਰ ਅੰਦਰਲੀ ਹੈਂਕੜ ਦਾ ਨਾਗ ਉਸੇ ਵਖਤ ਵਿਸ਼ ਘੋਲਣ ਲੱਗ ਜਾਂਦੈ। ਏਥੇ ਆ ਕੇ ਅਸਲੀ ਪਿੱਟਣਾ ਪੈਂਦੈ। ਅਸੀਂ ਵਿਰੋਧੀ ਵਿਚਾਰਾਂ ਵਾਲੇ ਨੂੰ ਵੀ ਆਪਣੇ ਰੰਗ 'ਚ ਰੰਗਣਾ ਲੋਚਦੇ ਹਾਂ। ਭੀੜ 'ਚੋਂ ਪਰੇ ਨਿਕਲ ਕੇ ਨਿਵੇਕਲਾ ਤੁਰਨ ਵਾਲੇ ਨੂੰ ਵੀ ਭੇਡ-ਚਾਲ 'ਚ ਮਿਲਾਉਣਾ,ਸਾਡਾ ਖਾਸਾ ਹੈ, ਖਾਸ ਕਰਕੇ ਸਾਡੇ 'ਸਾਹਬ' ਲੋਕਾਂ ਦਾ।---

--- ਮੇਰਾ ਕਸੂਰ ਕੀ ਸੀ?--- ਹਾਲੇ ਵੀ ਤੇਰੇ ਸਮਝ 'ਚ ਨਹੀਂ ਆਇਆ, ਮੇਰੇ ਯਾਰ? ਦੇਖ, ਦੂਹਰੀ ਜ਼ਿੰਦਗੀ ਮੈਂ ਜੀਅ ਨਹੀਂ ਸਕਦਾ। ਜੋ ਮਨ 'ਚ ਹੈ, ਉਹੀ ਮੂੰਹ 'ਤੇ ਆ ਜਾਂਦੈ। --- ਲੋਕਾਂ ਦਾ ਕੀ ਐ, ਮਿੱਤਰਾ! ਇਹਨਾਂ ਦੇ ਤਾਂ ਅਣਗਣਿਤ ਰੂਪ ਨੇ। --- 'ਸਾਹਬ' ਨੇ ਫਰੁਸਤ ਮਿਲੀ ਤੋਂ ਆਪਣੀ ਪਾਰਟੀ ਦੇ ਸੋਹਿਲੇ ਗਾਉਣੇ ਸ਼ੁਰੂ ਕਰ ਦੇਣੇ। ਫੇਰ, 'ਕੱਲੇ 'ਕੱਲੇ ਸਟਾਫ-ਮੈਂਬਰ ਤੋਂ ਹੁੰਗਾਰਾ ਭਰਾਉਣਾ। --- ਮੈਂ ਪਹਿਲਾਂ ਵੀ ਤੈਨੂੰ ਦੱਸਿਐ। ਮੇਰੇ ਸਾਥੀਆਂ ਦਾ ਕੀ ਸੀ? ਭੇਡ ਤੂ ਗਈ ਜਾਂ ਸੂ ਪਈ; ਇਕ ਬਰਾਬਰ। --- ਸਾਰੇ ਹੀ 'ਸਤਿ ਬਚਨ, ਮੇਰੇ ਆਕਾ' ਆਖਦੇ, ਉਚੀ ਸੁਰ ਮਿਲਾਉਂਦੇ।

"ਤੁਹਾਡਾ ਕੀ ਵਿਚਾਰ ਏ, ਮਿਸਟਰ ਸਿੰਘ?" 'ਬੌਸ' ਫੇਰ ਮੇਰੇ ਵੱਲ ਤਿਰਛਾ ਝਾਕਦਾ, ਮੁਸਕਰਾ ਕੇ ਪੁੱਛਦਾ।

--- ਏਹੀ ਤਾਂ ਕਮਜ਼ੋਰੀ ਐ, ਯਾਰ! 'ਟੈਕਟ' ਜਾਂ ਹੁਸ਼ਿਆਰੀ ਮੈਨੂੰ ਆਉਂਦੀ ਹੀ ਨਹੀਂ। ਮੇਰੀ ਚੰਦਰੀ ਜ਼ਬਾਨ ਸੜ ਕਿਉਂ ਨਹੀਂ ਜਾਂਦੀ। ਰੋਕਦੇ ਰੋਕਦੇ ਵੀ ਏਹਨੇ ਫੁੱਟ ਪੈਣਾਂ। "ਮਜ਼ਹਬ ਦੇ ਨਾਉਂ 'ਤੇ ਜਨਤਾ ਨੂੰ ਲੜਾਇਆ ਜਾ ਰਿਹੈ, ਸ੍ਰੀ ਮਾਨ ਜੀ।"

"ਫੇਰ ਵੀ ਤਰੱਕੀ ਤਾਂ ਹੋ ਹੀ ਰਹੀ ਹੈ ਨਾ ? 'ਪਰੋਗਰੈੱਸ' ਤਾਂ ਅਸੀਂ ਕਰ ਹੀ ਰਹੇ ਹਾਂ, ਮਿਸਟਰ ਸਿੰਘ?" --- 'ਬੌਸ' ਦੀ ਏਸ ਦਲੀਲ 'ਚ ਵਜ਼ਨ ਤਾਂ ਜ਼ਰੂਰ ਸੀ। ਲੜਦਾ-ਝਗੜਦਾ ਮਨੁੱਖ, ਆਰਥਿਕ ਪੱਖੋਂ ਤਾਂ ਅੱਗੇ ਵਧ ਹੀ ਰਿਹੈ। --- ਫੇਰ ਇਕ ਦਿਨ 'ਸਾਹਬ' ਨੇ ਮੀਸਣਾ ਜਿਹਾ ਬਣ ਕੇ, ਨਵੀਂ ਬਣੀ ਸਿਆਸੀ ਪਾਰਟੀ ਬਾਰੇ ਚਰਚਾ ਛੇੜ ਦਿੱਤੀ--- ਏਹ ਨਹੀਂ ਪਤਾ, ਬਈ ਉਪਰਲੇ ਮਨੋਂ ਗੁਣਗਾਨ ਹੋ ਰਿਹਾ ਸੀ ਜਾਂ ਧੁਰ ਅੰਦਰੋਂ।

"ਮਾਅਰਾਜ। ਏਹ ਜ਼ਾਤ-ਪਾਤ ਦੇ ਆਧਾਰ 'ਤੇ ਭੇੜ ਪੁਆ ਦੇਣਗੇ।" ਮੈਂ ਆਖਿਆ। ---

ਹੋਣਾ ਕੀ ਸੀ ਯਾਰ? 'ਸਾਹਬ'ਦੇ ਮੂੰਹ 'ਚ ਜਿਵੇਂ ਕੁਨੀਨ ਦੀ ਗੋਲੀ ਖੁਰ ਗਈ ਹੋਵੇ।

---ਦਫਤਰੋਂ ਬਾਹਰ ਨਿਕਲੇ ਤਾਂ ਮੇਰੇ ਇਕ 'ਕੁਲੀਗ' ਸੰਧੂ ਸਾਹਬ ਨੇ ਮੇਰਾ ਮੋਢਾ ਥਾਪੜਿਆ, "ਬੀ ਟੈਕਟਫੁੱਲ! ਸਿੰਘ ਸਾਹਬ! ਸਰਵਿਸ ਕਰਨ ਲਈ ਵੀ ਕੁਝ ਚਾਲਾਂ ਸਿਖਣੀਆਂ ਜ਼ਰੂਰੀ ਨੇ। ਇਕੱਲੀ ਡਿਊਟੀ ਵਜਾਉਣ ਨਾਲ ਹੀ ਅਸੀਂ 'ਚੇਅਰ' ਦੀ 'ਗੁੱਡਵਿਲ' ਹਾਸਿਲ ਨਹੀਂ ਕਰ ਸਕਦੇ।"

--- ਮੈਂ ਕੀ ਕਹਿਣਾ ਸੀ, ਯਾਰ? ਮੈਂ ਚੁੱਪ ਰਿਹਾ। ਮਾਹੌਲ 'ਚ ਤਲਖੀ ਹੋਵੇ ਤਾਂ ਚੁੱਪ ਸਾਧਣੀ ਹੀ ਸਿਆਣਪ ਐ। --- ਨਹੀਂ ਵੀਰਨਾ, ਅਸੀਂ ਲੋਕ ਤਾਂ ਆਪਣੇ ਪੁਰਖਿਆਂ ਨਾਲੋਂ ਵੀ ਅੱਗੇ ਲੰਘ ਗਏ ਹਾਂ। --- ਆਹੋ, ਤੂੰ ਨਿੱਘਰ ਗਏ ਹੀ ਸਮਝ ਲੈ। ---ਅਸਲ 'ਚ ਕਈ ਬਾਰ ਬੰਦਾ ਹਾਲਾਤ ਦੇ ਅਜਿਹੇ ਗੇੜ 'ਚ ਆ ਜਾਂਦੈ, ਬਈ , ਫੇਰ ਮੁੜਨਾ ਸੰਭਵ ਹੀ ਨਹੀਂ ਹੁੰਦਾ। ---

--- ਮਿੱਟੀ ਦਾ ਮਟੁੰਨ ਬਣੇ ਬੈਠੇ ਨੂੰ, ਘਰ ਵਾਲੀ ਨੇ ਬਥੇਰਾ ਸਮਝਾਉਣਾ," ਤੁਸੀਂ ਆਪਣਾ ਮਤਲਬ ਹੱਲ ਕਰੋ ਜੀ। " ਆਪਣਾ ਦਿਲ ਫੜੀਂ ਖੜ੍ਹੀ ਉਹ ਆਖਦੀ, "ਆਪਣੇ ਵਾਸਤੇ ਤਾਂ ਦੋ ਅਤੇ ਦੋ ਬਰਾਬਰ ਹੈ, ਚਾਰ ਰੋਟੀਆਂ। ਤੁਸੀਂ ਨਵੇਂ ਨਵੇਂ ਸਰਵਿਸ 'ਚ ਆਏ ਹੋ।"-- ਫੇਰ ਘਰੋਂ ਚੱਲਣ ਲੱਗੀ

ਨੂੰ ਉਸ ਨੇ ਅੱਖਾਂ 'ਚ ਹੰਝੂ ਭਰ ਕੇ ਸਹੁੰ ਖਿਲਾਈ ਸੀ ਕਿ ਮੈਂ ਡਿਊਟੀ ਨਿਭਾਉਂਦਾ ਹੋਇਆ, ਆਪਣੇ ਘਰ-ਪਰਿਵਾਰ ਨੂੰ ਹਮੇਸ਼ਾਂ ਯਾਦ ਰੱਖਾਂਗਾ। ਮੈਂ ਵੀ ਕੰਨ ਮਰੋੜ ਲਿਆ ਕਿ 'ਸਾਹਬ' ਤੋਂ ਪਰੇ ਹੀ ਰਹਿਣਾ ਹੈ। --- ਚਲੋ, ਹੱਥ ਤਾਂ ਮਿਲਾਉਣਾ ਹੀ ਹੋਇਆ। ਫੇਰ ਸੋਚਿਆ ਸੀ ਕਿ 'ਸਾਹਬ-ਸਲਾਮ' ਤੋਂ ਅੱਗੇ ਗੱਲ ਨਹੀਂ ਛੇੜਨੀ। ਪਰ ਉਦਣ ਤਾਂ 'ਬੌਸ' ਨੇ ਜਿਵੇਂ ਮੈਨੂੰ ਬਾਹੋਂ ਹੀ ਫੜ ਲਿਆ; "ਆਓ ਤਾਂ ਸਹੀ। ਆਪਾਂ ਚਾਹ ਦਾ ਕੱਪ ਪੀਂਦੇ ਹਾਂ, ਮਿਸਟਰ ਸਿੰਘ! --- ਸੀਟ ਦਾ ਫ਼ਿਕਰ ਨਾ ਕਰੋ, ਤੁਸੀਂ। ਮੈਂ ਵਰਮਾ ਜੀ ਦੀ ਡਿਊਟੀ ਲਗਾ ਦਿੱਤੀ ਐ" --- ਲੈ, ਸੁਆਹ ਡਿਊਟੀ ਦਿੰਦਾ ਸੀ, ਵਰਮਾ, ਉਲੂ ਦਾ ਪੱਠਾ। ਸਾਰਾ ਸਾਰਾ ਦਿਨ 'ਸਾਹਬ' ਦੇ ਗੋਡੇ ਮੁੱਢ ਬੈਠਾ ਰਹਿੰਦਾ। 'ਲੰਚ' ਵੀ 'ਬੌਸ' ਦੇ ਨਾਲ ਹੀ ਕਰਦਾ। ਵੇਲੇ-ਕੁਵੇਲੇ ਕੋਠੀ ਵੀ ਫੇਰਾ ਪਾ ਆਉਂਦਾ। 'ਸਾਹਬ' ਦੀ ਭਤੀਜੀ ਦਾ ਸਹੁਰਾ ਗੁਜ਼ਰ ਗਿਆ ਤਾਂ ਵੀ ਵਰਮਾ ਮਕਾਣ ਜਾ ਆਇਆ। --- ਯਾਰ, ਬੜਾ ਪਧੱਰੀ ਬੰਦਾ ਸੀ, ਉਹ । ਜੇ 'ਸਾਹਬ' ਦੇ ਕੰਡਾ ਵੀ ਵੱਜਦਾ ਤਾਂ ਚੀਸ ਵੀ ਵਰਮਾ ਹੀ ਵੱਟਦਾ। --- ਨਹੀਂ ਨਹੀਂ। ਸੀਟ 'ਤੇ ਬੈਠਣ ਦੀ ਇਹੋ ਜਿਹੇ ਸ਼ਖਸਾਂ ਨੂੰ ਜ਼ਰੂਰਤ ਹੀ ਨਹੀਂ ਹੁੰਦੀ। ਆਪਣੀ ਕੁਰਸੀ 'ਤੇ ਉਹਦਾ ਦਿਲ ਵੀ ਕਿਥੋਂ ਲੱਗਦਾ ਸੀ?--- ਜੇ ਕਿਸੇ ਦਿਨ 'ਬੌਸ' ਛੁੱਟੀ 'ਤੇ ਹੁੰਦੇ ਮਜਬੂਰਨ ਉਹਨੂੰ ਆਪਣੀ ਕੁਰਸੀ ਮੱਲਣੀ ਪੈਂਦੀ ਤਾਂ ਉਹ ਬਾਹਰ ਖੜ੍ਹੇ ਗਾਹਕਾਂ ਨੂੰ "ਵੱਢੂੰ ਖਾਊਂ" ਕਰੀ ਜਾਂਦਾ। ਸਿਗਰਟ ਪੀਣ ਦੇ ਬਹਾਨੇ, ਉਠ ਕੇ ਬਾਹਰ ਚਲਿਆ ਜਾਂਦਾ ਤਾਂ ਪੂਰਾ ਇਕ ਘੰਟਾ ਕੰਨਟੀਨ 'ਚ ਲਾ ਆਉਂਦਾ। --- ਲੈ , 'ਕਮਪਲੇਂਟ' ਕੀਹਨੇ ਕਰਨੀ ਸੀ? ਦੂਜੇ ਦਿਨ, ਜੇ ਕੋਈ ਤਿੜਫਿੜ ਜਿਹੀ ਕਰਦਾ ਵੀ ਤਾਂ 'ਸਾਹਬ' ਝੱਟ ਮਾਫੀ ਦੇ ਦਿੰਦੇ; "ਨਹੀਂ ਨਹੀਂ , ਸ੍ਰੀ ਮਾਨ ਜੀ। ਇਹ ਬਾਤ ਤਾਂ ਮੈਂ ਮੰਨ ਹੀ ਨਹੀਂ ਸਕਦਾ। ਵਰਮਾ ਜੀ, ਸਾਡੇ ਸਟਾਫ ਦੇ ਸਭ ਤੋਂ ਜ਼ਿਆਦਾ ਬੁਧੀਮਾਨ ਅਤੇ ਸਤਿਕਾਰਤ ਮੈਂਬਰ ਨੇ। ਟਾਈਮ ਦੇ ਵੀ ਪੂਰੇ ਪਾਬੰਦ ਅਤੇ ਡਿਊਟੀ ਦੇ ਵੀ। ਤੁਸੀਂ ਹੋਰ ਕਿਸੇ ਵੱਲ ਉਂਗਲੀ ਉਠਾਉਂਦੇ ਤਾਂ ਸ਼ਾਇਦ ਮੰਨੀ ਵੀ ਜਾਂਦੀ। ਏਹ ਸ਼ਖਸ ਤਾਂ ਬ-ਰਦਰ, ਨਿਰਾ ਹੀਰਾ ਹੈ, ਹੀਰਾ। --- ਕੋਈ ਬਾਤ ਨਹੀਂ, ਕਈ ਬਾਰ ਆਦਮੀ ਦਾ 'ਮੂਡ' ਸਹੀ ਵੀ ਨਹੀਂ ਹੁੰਦਾ। ਆਖਰ, ਇਨਸਾਨ ਤਾਂ ਇਨਸਾਨ ਹੈ! ਮਸ਼ੀਨ ਤਾਂ ਨਹੀਂ! ਤੁਹਾਡੀ 'ਇਨਕਨਵੀਨੀਐਂਸ' ਮੇਰਾ ਮਤਲਬ ਹੈ, ਪਰੇਸ਼ਾਨੀ ਲਈ, ਮੈਂ ਮੁਆਫੀ ਮੰਗ ਲੈਂਦਾ ਹਾਂ।"

ਗਾਹਕ ਵਿਚਾਰਾ ਢੈਲ੍ਹਾ ਜਿਹਾ ਹੋ ਕੇ ਤੁਰ ਜਾਂਦਾ। ---ਸਿਰ ਨੂੰ ਆਉਣ ਵਾਲੇ, ਸਾਰੇ ਹੀ ਤਾਂ ਨਹੀਂ ਹੁੰਦੇ, ਯਾਰ!

---ਅਸੀਂ ਉਪਰ 'ਰਿਟਾਇਰਿੰਗ ਰੂਮ' 'ਚ ਜਾ ਬੈਠੇ। --- ਧਰਮ ਦੀ ਬੇਅਦਬੀ ਤੋਂ ਚੱਲੀ ਗੱਲਾਂ ਦੀ ਲੜੀ ਫੇਰ ਆਪਣੀ ਸੰਸਥਾ 'ਤੇ ਆ ਕੇ ਰੁਕ ਗਈ। ਹੈੱਡ ਆਫਿਸ ਨੂੰ ਕਈ ਸ਼ਿਕਾਇਤਾਂ ਗਈਆਂ ਸਨ ਕਿ ਬਾਬੂ ਲੋਕ ਕੰਮ ਨਹੀਂ ਕਰਦੇ। ਆਮ ਪਬਲਿਕ ਨਾਲ , ਸਲੀਕੇ ਨਾਲ ਪੇਸ਼ ਨਹੀਂ ਆਉਂਦੇ।

"ਮਿਸਟਰ ਸਿੰਘ! ਤੁਸੀਂ ਦੇਸ ਦੀ ਸਿਆਸਤ ਨੂੰ ਛੱਡੋ। ਤੁਸੀਂ ਇਹ ਦਸੋ, ਪਈ ਆਪਾਂ ਆਪਣੀ ਬਰਾਂਚ ਦੀ ਬੇਹਤਰੀ ਲਈ ਕੀ ਕਦਮ ਪੁੱਟ ਸਕਦੇ ਆਂ?"

'ਸਾਹਿਬ' ਨੇ ਖਚਰੀ ਹਾਸੀ ਹੱਸਦਿਆਂ ਸੁਆਲ ਕੀਤਾ।

"ਸਰ, ਤੁਸੀਂ 'ਮਾਈਂਡ' ਤਾਂ ਨਹੀਂ ਕਰੋਗੇ? --" ਮੈਂ ਬੋਲਿਆ --"ਦੇਖੋ ਜੀ, ਸੁਧਾਰ ਤਾਂ 'ਕੁਰਸੀ' ਨੇ ਹੀ ਕਰਨਾ ਹੁੰਦੈ।"

"ਓ ਵੀਰ ਮੇਰਿਆ। 'ਚੇਅਰ' ਇਕੱਲੀ ਵੀ ਕੀ ਕਰੇਗੀ? ਆਖ਼ਰ ਸਮੁੱਚੀ ਟੀਮ ਹੀ ਜੇ ਜ਼ਿੰਮੇਵਾਰੀ ਨਾ ਸੰਭਾਲੇ? --- ਦੇਖੋ, ਗੁੱਸਾ ਨਾ ਕਰਨਾ, ਆਪਣੇ ਸਟਾਫ ਵਿਚ ਸਾਰੇ ਹੀ ਵਰਮਾ ਜੀ ਵਰਗੇ ਕੰਮ ਦੇ ਕਰਿੰਦੇ ਨਹੀਂ।"

--- ਯਾਰ, ਗੁਪਤਾ, ਤੂੰ ਚੰਗਾ ਭਲਾ ਜਾਣਦੈਂ, 'ਸਾਹਬ' ਲੋਕਾਂ ਨੂੰ ਤਾਂ ਸਾਉਣ ਦੇ ਅੰਨ੍ਹਿਆਂ



ਵਾਂਗ ਹਰਾ ਹੀ ਹਰਾ ਦਿਖਾਈ ਦੇਣਾ ਹੋਇਆ। --- ਅੱਗੇ ਵੀ ਦੱਸਦਾ ਹਾਂ। --- ਮੈਂ ਕਿਹਾ, " ਦੇਖੋ 'ਸਰ', ਵਿੱਲ ਤਾਂ 'ਕੁਰਸੀ' 'ਚ ਹੀ ਆਈ ਹੋਈ ਐ।"

ਗੁਪਤਾ ਜੀ , ਉਸੇ ਵਖਤ ਮੈਨੂੰ ਸ਼ੈਕਸਪੀਅਰ ਦਾ ਇਕ ਮਖੌਲੀਆ ਯਾਦ ਆ ਗਿਆ। --- ਹਾਂ ਹਾਂ, ਆਪਾਂ ਕੱਠੇ ਪੜ੍ਹਦੇ ਰਹੇ ਹਾਂ ਨਾ -----ਲਓ ਜੀ, ਉਹਤੋਂ ਕਿਸੇ ਨੇ ਹਾਲ-ਚਾਲ ਪੁੱਛਿਆ ਤਾਂ ਕਹਿੰਦਾ --- 'ਦੁਸ਼ਮਣਾਂ' ਵਾਸਤੇ ਚੰਗਾ ਅਤੇ ਦੋਸਤਾਂ ਲਈ ਮਾੜਾ' ---

'ਇਹ ਕਿਉਂ ਬਈ?' ਅਗਲੇ ਨੇ ਫੇਰ ਸੁਆਲ ਕੀਤਾ। 'ਦੇਖੋ ਜਨਾਬ, ਮਿੱਤਰ ਮੇਰੀ ਚਾਪਲੂਸੀ ਕਰਦੇ ਨੇ, ਮੈਨੂੰ ਹਨੇਰੇ 'ਚ ਰੱਖਦੇ ਨੇ। ਪਰ ਦੁਸ਼ਮਣ ਮੇਰੇ ਨੁਕਸ ਕੱਢਦੇ ਨੇ, ਮੇਰਾ ਸੁਧਾਰ ਕਰਦੇ ਨੇ।" ਲੈ ਵੀਰ ਮੇਰਿਆ! ਮੈਂ ਇਹੀ ਕਹਾਣੀ 'ਸਾਹਬ' ਨੂੰ ਸੁਣਾ ਦਿੱਤੀ।

"ਤੁਹਾਡੀ ਗੁੱਝੀ ਰਮਜ਼ ਮੇਰੀ ਸਮਝ 'ਚ ਨਹੀਂ ਆਈ, ਮਿਸਟਰ ਸਿੰਘ?" 'ਬੌਸ' ਮਚਲਾ ਹੋ ਗਿਆ। --- ਨਹੀਂ ਯਾਰ, ਬੜਾ ਚੁਸਤ ਸੀ, ਉਹ ਬਾਜ਼-ਅੱਖਾ ਮੈਨੇਜਰ। --- ਚਲੋ , ਲਾਈਲੱਗ ਤਾਂ ਏਹ ਸਾਰੇ ਹੁੰਦੇ ਹੀ ਨੇ। --- ਕੰਮ ਦੀ ਵੀ ਬਹੁਤਿਆਂ ਨੂੰ ਕਦਰ ਨਹੀਂ ਹੁੰਦੀ। --- ਆਗੇ ਨਾ ਟਿਕਾਣੇ ਤੁਸੀਂ ਵੀ ਗੁਪਤਾ ਸਾਹਿਬ ਖਰੀ ਗੱਲ ਆਖੀ ਐ, ਤੁਸੀਂ। ਕੰਮ'ਹੋਰ ਬਲਾ ਦਾ ਨਾਉਂ' ਹੈ ਅਤੇ 'ਸਾਹਬ' ਦੀ ਖੁਸ਼ੀ ਹੋਰ ਚੀਜ਼ ਦਾ ਨਾਂ। --- ਜਿਸ ਨੇ ਇਹ ਗੱਲ ਬੁੱਝ ਲਈ, ਸਮਝ ਲਓ, ਉਹ ਗਿਆਨੀ ਬਣ ਗਿਆ। --- ਪਰ ਸੁਭਾਅ ਕੀਹਦਾ ਲਿਆਵਾਂ, ਵੀਰਨਾ? --- ਦੇਖ, ਗੁਪਤਾ, ਅੱਜ ਮੈਨੂੰ ਇਹ ਮਹਿਸੂਸ ਹੋਇਐ ਕਿ ਜੇ ਨੌਂਕਰੀ ਕਰਨੀ ਹੈ ਤਾਂ ਥੋੜ੍ਹੀ-ਬਹੁਤੀ ਗੁਲਾਮੀ ਤਾਂ ਕਰਨੀ ਹੀ ਪਊ। --- ਮੇਰਾ ਰੂਟੀਨ ਸੀ, ਕਿ ਆਉਂਦਿਆਂ ਹੀ ਆਪਣੇ ਕੰਮ 'ਚ ਰੁਝ ਜਾਣਾ। 'ਬੌਸ' ਨਾਲ ਮੇਲ ਹੋ ਗਿਆ ਤਾਂ 'ਵਿਸ਼' ਕਰ ਦਿੱਤਾ ਜਾਂ 'ਹੈਲੋ' ਦਾ ਜਵਾਬ ਦੇ ਦਿੱਤਾ। ਨਹੀਂ ਤਾਂ ਕਈ ਕਈ ਦਿਨ 'ਸਾਹਬ' ਦੇ ਨੇੜੇ ਨਾ ਢੁਕਣਾ। --- ਹਾਂ, ਏਹ ਰਾਜ਼ ਤਾਂ ਮੇਰੇ ਬਹੁਤ ਦੇਰ ਬਾਅਦ ਸਮਝ 'ਚ ਆਇਆ। ---ਮੈਂ ਮੰਨਦਾ ਹਾਂ, ਥੋੜੀ ਗੱਲ। ਦੂਰ ਰਹਿਣ ਨਾਲ ਸਗੋਂ ਗਲਤ-ਫਹਿਮੀਂ ਵਧਦੀ ਐ। ਸ਼ਰੀਕਾਂ ਨੂੰ ਉਂਗਲੀ ਲਾਉਣ ਲਈ ਖੁੱਲ੍ਹਾ ਵਕਤ ਮਿਲ ਜਾਂਦੈ ---। ਦੇਖੋ, ਗੁਪਤਾ ਸਾਹਬ! ਇਕ ਵਾਰੀ ਤਕਰਾਰ ਹੋ ਗਿਆ, ਫੇਰ ਤਾਂ ਨੀਂਦ ਹਰਾਮ ਹੋਣੀ ਹੀ ਹੋਈ। --- ਹਾਂ ਹਾਂ, ਤੁਸੀਂ ਸੈਂਟ- ਪਰ- ਸੈਂਟ ਸਹੀ ਹੋ। ਸਮੁੰਦਰ 'ਚ ਰਹਿ ਕੇ ਮਗਰਮੱਛ ਨਾਲ ਵੈਰ ਸਹੇੜਨਾ ਸੌਂਹਦਾ ਨਹੀਂ। ਪਰ ਮਨ ਦੀ ਬਗਾਵਤ ਦਾ ਕੀ ਇਲਾਜ ਲੱਭੀਏ? ਉਦੋਂ ਤਾਂ ਏਹ ਲੱਖ ਸਮਝੌਤਿਆਂ ਨੂੰ ਵੀ ਨਹੀਂ ਸੀ ਮੰਨਦਾ।--- ਮੁਲਾਜ਼ਮ ਦਾ ਕੋਈ ਧਰਮ ਨਹੀਂ ਹੁੰਦਾ, ਪਿਆਰੇ ਗੁਪਤਾ ਜੀ! ,ਸਿਆਸੀ ਵਿਸ਼ਵਾਸ ਤਾਂ ਉਕਾ ਹੀ ਨਹੀਂ। 'ਬੌਸ' ਦਾ ਅਕੀਦਾ ਹੀ ਮਾਤਹਿਤ ਦਾ ਅਕੀਦਾ ਹੈ, ਵੀਰਨਾ। ---- ਨਹੀਂ ਨਹੀਂ, 'ਸਰਵਿਸ' ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ -- ਕੋਈ ਜ਼ਿਆਦਾ ਫਰਕ ਨਹੀਂ ਪੈਂਦਾ। ---- ਹਾਂ, ਮੈਂ ਮਨ ਸਮਝਾਉਣ ਦੀ ਗੱਲ ਕਰ ਰਿਹਾ ਸੀ। ਆਪਣੇ ਮਨੀ ਰਾਮ ਨੂੰ ਰਤਾ ਕੁ ਸੰਸਾਰਕ ਬਣਨ ਬਾਰੇ ਸੁਝਾਅ ਦਿੰਦਾ ਤਾਂ ਏਹ ਉਸੇ ਵਕਤ ਸੱਪ ਵਾਂਗੂੰ ਫੁੰਕਾਰਾ ਮਾਰਦਾ:- ਮੈਂ ਕੰਮ ਕਰਦਾ ਹਾਂ, ਤਨ ਤੇ ਮਨ ਨਾਲ! ਮੈਨੂੰ ਟੀ. ਸੀ. ਦੀ ਭਲਾ ਕੀ ਲੋੜ?-

--- 'ਸਾਹਬ' ਨਾਲ ਮਸ਼ਵਰਾ ਜਾਰੀ ਸੀ। ਹੈੱਡ-ਆਫਿਸ ਤੋਂ ਪੱਤਰ ਆਇਆ ਸੀ, ਬਰਾਂਚ ਦੀ ਕਾਰਗੁਜ਼ਾਰੀ ਬਾਰੇ---ਸ਼ਾਇਦ ਏਹ ਡਰਾਮਾ ਹੀ ਹੋਵੇ। --- ਪਰ ਉਹ ਮੈਥੋਂ ਸੁਝਾਅ ਪੁੱਛਦਾ ਰਿਹਾ, ਅਤੇ ਮੀਸਣਾ ਜਿਹਾ ਅਤੇ ਫੇਰ ਸੱਪ ਬਣ ਕੇ ਮੈਨੂੰ ਹੀ ਡੰਗ ਗਿਆ। --- ਮੈਨੂੰ ਤਾਂ ਪਤਾ ਹੀ ਉਦੋਂ ਲੱਗਿਆ ਜਦੋਂ ਮੇਰੀ ਟਰਾਂਸਫਰ ਦੇ 'ਆਰਡਰ' ਮੇਰੇ ਹੱਥ 'ਚ ਫੜਾ ਦਿੱਤੇ ਗਏ। 'ਬਾਰਡਰ' 'ਤੇ ਭੇਜਿਆ ਗਿਆ ਸੀ, ਮੈਨੂੰ। ਉਸ ਟਾਈਮ ਮੇਰੀ ਪਤਨੀ ਵੱਲੋਂ ਖੁਆਈ ਗਈ ਸਹੁੰ ਮੈਨੂੰ ਯਾਦ ਆਈ, ਘਰ-ਪਰਿਵਾਰ ਚੇਤੇ ਆਇਆ। ਇਕ ਬਾਰ ਤਾਂ ਜੀਅ ਕੀਤਾ ਕਿ 'ਸਾਹਬ' ਦੇ ਪੈਰ ਫੜ ਲਵਾਂ ਪਰ ਫੇਰ ਅੰਦਰਲੀ 'ਹਉਮੈਂ' ਨੇ ਫਣ ਚੁੱਕ ਲਿਆ।

"ਮਿਸਟਰ ਸਿੰਘ! ਤੁਹਾਨੂੰ ਕੋਈ ਖਤਰਾ ਨਹੀਂ ਉਥੇ। ਤੁਸੀਂ ਉਹਨਾਂ ਲੋਕਾਂ ਦੇ ਖੈਰ-ਖੁਆਹ ਜੋ ਹੋਏ। ਤੁਸੀਂ ਤਾਂ 'ਬੌਡਰ' ਛੱਡ ਭਾਵੇਂ ਸਰਹੱਦ ਕਰਾਸ ਕਰ ਜਾਓ।"

ਕੋਈ ਚਾਰਾ ਨਹੀਂ ਸੀ। ਯੂਨੀਅਨ ਰਾਹੀਂ ਹੈਡ-ਆਫਿਸ ਤਕ 'ਅਪਰੋਚ' ਕੀਤੀ। ਪਰ ਰੀਜਨਲ ਮੈਨੇਜਰ ਨੇ ਸਿਰ ਫੇਰਦਿਆਂ,ਬੌਸ ਵਲੋਂ ਲਿਖੀ ਏ. ਸੀ. ਆਰ. ਕੱਢਕੇ ਮੂਹਰੇ ਰੱਖ ਦਿੱਤੀ: "ਮਿਸਟਰ ਸਿੰਘ ਇਜ਼ ਦਾ ਮੋਸਟ ਇਨਐਫੀਸ਼ੈਂਟ ਪਰਸਨ ਇਨ ਮਾਈ ਬ੍ਰਾਂਚ " (ਮਿਸਟਰ ਸਿੰਘ ਹੀ ਮੇਰੀ ਬਰਾਂਚ ਦਾ ਸਭ ਤੋਂ ਨਿਕੰਮਾ ਵਿਅਕਤੀ ਹੈ)

— ਤੇ ਉਦੋਂ ਮੇਰਾ ਦਿਲ ਕਰਦਾ ਸੀ ਕਿ ਇਹੋ ਜਿਹੇ ਜਿਊਣ ਨਾਲੋਂ ਤਾਂ ਮਰਨਾ ਬਿਹਤਰ ਐ। ਮੇਰਾ ਮੱਥਾ ਤੰਦੂਰ ਵਾਂਗੂੰ ਤਪਣ ਲੱਗਦਾ। ਧੌਂਖਣੀ ਵਾਂਗੂੰ ਸਾਹ ਚਲਦਾ ਅਤੇ ਮੇਰਾ ਜੀਅ ਕਰਦਾ ਕਿ ਸਾਹਮਣਿਓਂ ਆਉਂਦੇ 'ਬੌਸ' ਦੇ ਸਕੂਟਰ 'ਚ ਸਕੂਟਰ ਮਾਰ ਕੇ, ਕਰੀਹ ਕਰ ਦੇਵਾਂ। ਮਰ ਜਾਵਾਂ ਜਾਂ ਮਾਰ ਦੇਵਾਂ। ਭਲਾ ਏਹ ਵੀ ਕੋਈ ਜ਼ਿੰਦਗੀ ਐ, ਸਾਲੀ?

(ਪਿੰਡ ਤੇ ਡਾਕਘਰ ਸੇਹ, ਜ਼ਿਲ੍ਹਾ ਲੁਧਿਆਣਾ- 141417)

## ਗ਼ਜ਼ਲ / ਸੁਰਿੰਦਰ ਸੋਹਲ

ਇਸ ਵਰ੍ਹੇ ਕੁਝ ਦੋਸਤਾਂ ਨੇ ਇੰਝ ਦੁਆਵਾਂ ਭੇਜੀਆਂ।
ਕਿ ਗਰੀਟਿੰਗ ਕਾਰਡ 'ਤੇ ਘਲੀਆਂ ਨੇ ਵਾਹਕੇ ਸੂਲੀਆਂ।
ਦਿਲ ਦੀ ਚਾਦਰ 'ਤੇ ਕੁੜੀ ਕਢਦੀ ਕਿਵੇਂ ਫੁਲ-ਤਿਤਲੀਆਂ।
ਉਸ ਨੂੰ ਵਿਰਸੇ ਵਿਚ ਮਿਲੇ ਜਦ ਬੰਦ ਬੂਹੇ ਬਾਰੀਆਂ।
ਜਦ ਸਰੂ ਦੀ ਜੂਨ ਆਏ, ਅੱਗ ਦੇ ਮੌਸਮ ਮਿਲੇ,
ਅੱਕ ਬਣ ਉਗੇ ਜਦੋਂ, ਵਰ੍ਹਨੋਂ ਨਾ ਹਟੀਆਂ ਬੱਦਲੀਆਂ ।
ਬਿਰਖ ਬੌਣੀ ਸੋਚ ਵਾਲੇ, ਸੋਚਦੇ ਨੇ ਇਸ ਤਰ੍ਹਾਂ,
ਬਿਨ- ਇਜਾਜ਼ਤ ਫੈਲ ਰਹੀਆਂ ਨੇ ਭਲਾ ਕਿਉਂ ਡਾਲੀਆਂ।
ਉਸ ਦੀ ਡੂੰਘੀ ਸੂਝ ਦਾ ਏਨਾ ਹੈ ਬਸ ਕਾਫੀ ਸਬੂਤ,
ਭਾਸ਼ਣਾਂ ਵਿਚ ਉਹ ਦਰਖਤਾਂ 'ਤੇ ਚੜ੍ਹਾਵੇ ਮਛਲੀਆਂ।
ਉਮਰ ਦੇ ਉਸ ਪੱਖ ਨੂੰ ਮੈਂ ਲੋਚਦਾ ਹਾਂ ਅੱਜ ਤੀਕ,
ਚੰਨ 'ਤੇ ਜਦ ਉਸ ਦੀ ਮਾਂ ਕਤਦੀ ਪਈ ਸੀ ਪੂਣੀਆਂ।
ਸ਼ਾਖ ਸੁੱਕੀ ਤੇ ਛਿਣਾਂ ਵਿਚ ਖਿੜ ਪਿਆ ਸੂਹਾ ਗੁਲਾਬ,
ਅੱਗ ਨੇ ਇਸ 'ਤੇ ਟਿਕਾਈਆਂ ਜਦ ਗੁਲਾਬੀ ਬੁਲ੍ਹੀਆਂ।
ਕੌਣ ਕਹਿੰਦਾ ਹੈ ਸਮਾਨੰਤਰ ਲਕੀਰਾਂ ਨਾ ਮਿਲਣ,
ਕੱਲ੍ਹ ਮੇਰੀ ਪਤਨੀ ਤੇ ਮਹਿਬੂਬਾ ਸੀ ਹੱਸ ਕੇ ਮਿਲਦੀਆਂ।
ਮੋਤੀਆ ਬਾਲਣ, ਕਲੀ ਖੱਫਣ ਜਿਹੀ, ਲਾਂਬੂ ਗੁਲਾਬ,
ਪੋਹਲੀਆਂ ਦੇ ਨਾਲ ਤਿਤਲੀ ਕਰ ਰਹੀ ਸੀ ਚੁਗਲੀਆਂ।

[ਪਿੰਡ ਸੰਗਲ ਸੋਹਲ, ਡਾਕ. ਮੰਡ, ਜ਼ਿਲ੍ਹਾ ਜਲੰਧਰ]



# ਬੌਣਾ

ਬਿੰਦਰ ਬਸਰਾ

ਉਦੋਂ ਲੱਗਦਾ ਸੀ ਲੋਕ ਜੋ ਸੋਚਦੇ ਜਾਂ ਕਰਦੇ ਨੇ ਉਹ ਸਭ ਝੂਠ ਤੇ ਗਲਤ ਹੈ। ਸੱਚ ਤੇ ਠੀਕ ਉਹ ਹੈ ਜੋ ਮੈਂ ਕਰਦਾ ਹਾਂ। ਜਿਵੇਂ ਹਰ ਠੀਕ ਕੰਮ ਕਰਨ ਦਾ ਠੇਕਾ ਲੈ ਰੱਖਿਆ ਸੀ ਮੈਂ। ਬਸ ਇਹ ਠੀਕ ਹੋਣ ਦਾ ਭਰਮ ਹੀ ਲੈ ਡੁੱਬਾ ਹੈ ਮੈਨੂੰ। ਇਹ ਜੋ ਡਿਪਰੈਸ਼ਨ ਦੇ ਫਿਟ ਪੈਂਦੇ ਨੇ ਇਸ 'ਚ ਕਿਸੇ ਦਾ ਕੋਈ ਦੋਸ਼ ਨਹੀਂ। ਮੈਂ ਖੁਦ ਅਪੜਾਇਆ ਆਪਣੇ ਆਪ ਨੂੰ ਇਨ੍ਹਾਂ ਨੌਬਤ ਦੇ ਬੀਆਂ ਨੂੰ। ਮੇਰੀ ਨਿੱਕੀ ਜਿਹੀ ਜ਼ਿੱਦ ਹੀ ਇਸ ਸਭ ਕੁਝ ਦਾ ਸਬੱਬ ਬਣੀ ਹੈ। ਉਦੋਂ ਇਹ ਸਭ ਕੁਝ ਕਰਕੇ ਮਨ ਨੂੰ ਖੁਸ਼ੀ ਜਿਹੀ ਹੋਈ ਸੀ। ਕਿਸੇ ਜਿੱਤ ਜਿਹੀ ਦਾ ਅਹਿਸਾਸ। ਪਰ.ਇਹ ਜਿੱਤ ਦਾ ਭਰਮ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਭਰਮ ਤਾਂ ਇਕ ਦਿਨ ਟੁੱਟਣਾ ਹੀ ਸੀ ਜਿਸ ਦੇ ਸਦਾ ਕਾਇਮ ਰਹਿਣ ਬਾਰੇ ਮੈਂ ਸੋਚ ਬੈਠਾ ਸੀ।

ਉਦੋਂ ਪਤਾ ਨਹੀਂ ਕਿਉਂ ਮੱਤ ਮਾਰੀ ਗਈ ਸੀ ਮੇਰੀ। ਇਕ ਬਦਲਾ-ਲਊ ਭਾਵਨਾ ਜਿਹੀ ਜਾਗ ਪਈ। ਇਕ ਝੱਲ ਜਿਹਾ ਉਠ ਖੜ੍ਹਿਆ ਸੀ। ਬਸ ਉਸ ਝੱਲ ਜਿਹੇ ਨੇ ਮੇਰੀ ਅਕਲ 'ਤੇ ਪਰਦਾ ਪਾ ਦਿੱਤਾ ਸੀ। ਤੇ ਏਹ ਜੋ ਅੱਜ ਕਲ੍ਹ ਸਭ ਘਟ ਰਿਹਾ ਏ, ਏਸ ਦੀ ਨੀਂਹ ਰੱਖੀ ਗਈ ਸੀ। ਅਚੇਤ ਹੀ। ਉਦੋਂ ਮੈਂ ਜੋ ਵੀ ਸੋਚਦਾ, ਕਹਿੰਦਾ ਜਾਂ ਕਰਦਾ, ਠੀਕ-ਠੀਕ ਲੱਗਦਾ। ਜ਼ਿੰਦਗੀ ਦੇ ਆਖਰੀ ਸੱਚ ਵਰਗਾ। ਹੁਣ ਕਈ ਵਾਰ ਮੈਨੂੰ ਆਪੂੰ ਕੀਤਾ ਉਹ ਫੈਸਲਾ ਗਲਤ ਲੱਗਦਾ ਏ ਤੇ ਕਦੇ ਠੀਕ।

ਇਕ ਨਵ-ਵਿਆਹੀ ਦੇ ਪਹਿਲੀ ਵਾਰ ਗਰਭ ਧਾਰਨ ਵਾਂਗ ਜਦੋਂ ਇਸ ਬੀਮਾਰੀ ਦੀ ਜੜ੍ਹ ਸ਼ੁਰੂ ਹੋਈ ਉਦੋਂ ਮੈਂ ਬਹੁਤ ਖੁਸ਼ ਹੋਇਆ ਸਾਂ। ਲੱਗਦਾ ਸੀ ਦੁਨੀਆਂ 'ਚ ਮੇਰੇ ਤੋਂ ਵੱਧ ਕੋਈ ਖੁਸ਼ ਨਹੀਂ। ਮਨ ਤੋਂ ਕੋਈ ਗੁਬਾਰ ਜਿਹਾ ਲਹਿ ਗਿਆ ਸੀ। ਵਿਆਹ ਦਾ ਚਾਅ ਘੱਟ ਸੀ ਤੇ ਘਰਦਿਆਂ ਨੂੰ ਦੁਖੀ ਕਰਨ ਦਾ ਬਹੁਤਾ। ਪਰ ਮੇਰਾ ਏਹ ਚਾਅ ਹੌਲਾ ਹੋਣ ਨੂੰ ਬਹੁਤੀ ਦੇਰ ਨਹੀਂ ਸੀ ਲੱਗੀ। ਵਿਆਹ ਤੋਂ ਮਹੀਨਾ ਕੁ ਬਾਅਦ ਮੇਰੇ ਅੰਦਰ ਕੁਝ ਤਿੜਕਿਆ ਸੀ। ਉਹ ਤ੍ਰੇੜ ਇਸ ਦੌਰਾਹੇ ਤੀਕ ਲੈ ਆਈ ਏ ਮੈਨੂੰ ਜਿਥੇ, ਫੈਸਲਾ ਕਰਨਾ ਮੁਸ਼ਕਲ ਹੈ ਕਿਹੜੇ ਪਾਸੇ ਜਾਇਆ ਜਾਵੇ।

ਆਪਣੀ ਮਨ ਪਸੰਦ ਕੁੜੀ ਨਾਲ ਪ੍ਰੇਮ-ਵਿਆਹ ਨਾ ਹੋਣ ਪਿਛੋਂ ਮੈਂ ਜ਼ਿੰਦਗੀ ਭਰ ਉਸ ਦੀ ਆਪਣੇ ਨਾਲ ਖਿਚਵਾਈ ਫੋਟੋ ਸਹਾਰੇ ਜਿਊਣ ਦੀ ਠਾਣੀ ਸੀ। ਸੋਚਿਆ ਸੀ ਬਸ ਅਤੀਤ ਦੀਆਂ ਯਾਦਾਂ ਸਹਾਰੇ ਜੀਉਂ ਕੇ ਉਸ ਦੀ ਪੂਜਾ ਕਰਾਂਗਾ। ਤੇ ਇਸੇ ਸੋਚ ਅਧੀਨ ਮੈਂ ਜ਼ਿੰਦਗੀ ਭਰ ਵਿਆਹ ਨਾ ਕਰਾਉਣ ਲਈ ਸ਼ਰਤ ਰਖੀ ਸੀ ਕਿ ਮੇਰਾ ਵਿਆਹ ਉਸ ਕੁੜੀ ਨਾਲ ਹੋਵੇਗਾ ਜੋ ਘਰ 'ਚ "ਸਾਡੀ" 'ਜੁੱਟ' ਫੋਟੋ ਰੱਖਣ ਲਈ ਰਾਜ਼ੀ ਹੋਵੇਗੀ। ਘਰਦਿਆਂ ਨੂੰ ਵਿਆਹ ਲਈ ਰੱਖੀ ਆਪਣੀ ਇਸ ਸ਼ਰਤ ਅੱਗੇ ਛਟਪਟਾਉਂਦੇ ਦੇਖ ਮੈਨੂੰ ਸਕੂਨ ਜਿਹਾ ਮਿਲਦਾ ਸੀ ਉਦੋਂ। ਅੰਦਰੋਂ ਠੰਢ ਜਿਹੀ ਪੈਂਦੀ ਸੀ। ਉਦੋਂ ਦੀ ਜੰਮੀ ਠੰਢ ਹੁਣ ਦਿਨੋ ਦਿਨ ਪਿਘਲ ਰਹੀ ਹੈ, ਜਿਸ 'ਚ ਮੇਰਾ ਆਪਾ ਵੀ ਖੁਰ ਰਿਹਾ ਏ।

ਕਿਸ ਨੂੰ ਪਤਾ ਸੀ ਕਿ ਇਹ ਵੀ ਹੋ ਜਾਏਗਾ। ਮੈਨੂੰ ਤੇ ਬਿਲਕੁਲ ਇਲਮ ਨਹੀਂ ਸੀ ਏਸ ਦਾ ਕਿ ਜਿਹੜੀ ਕੁੜੀ ਨਾਲ ਵਿਆਹ ਕਰਾਕੇ ਮੈਂ ਘਰਦਿਆਂ ਤੋਂ ਆਪਣੀ ਹਾਰ ਦਾ ਬਦਲਾ ਲਿਆ ਸੀ, ਉਹਦੇ 'ਤੇ ਹੀ ਆਪਣੀ ਏਸ ਹਾਲਤ ਦਾ ਦੋਸ਼ ਮੜ੍ਹਾਂਗਾ। ਹਾਲਾਤ ਦੇ ਰੰਗ ਨੇ, ਜਿਹੜੀ ਫੋਟੋ ਮੈਨੂੰ ਜਾਨੋਂ ਵੱਧ ਪਿਆਰੀ ਏ ਜਿਸ ਨੂੰ ਮੈਂ ਆਪਣੇ ਹੱਥੀਂ ਵਿਆਹ ਦੇ ਪਹਿਲੇ ਦਿਨ ਕਨਸ 'ਤੇ ਟਿਕਾਇਆ ਸੀ, ਉਸੇ ਨੂੰ ਅੱਜ ਉਥੋਂ ਚੁੱਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਕਈਆਂ ਕੁੜੀਆਂ ਦੇ ਆਏ ਰਿਸ਼ਤੇ ਇਸ ਫੋਟੋ ਦੀ ਸ਼ਰਤ ਸੁਣ ਮੁੜ ਜਾਂਦੇ ਰਹੇ। ਪਰ ਮੈਂ ਆਪਣੀ ਜ਼ਿੱਦ 'ਤੇ ਅੜਿਆ ਸਾਂ। ਜ਼ਿੱਦ ਕਾਹਦੀ ਬਸ ਵਿਆਹ

ਨਾ ਕਰਾਉਣ ਦਾ ਇਕ ਬਹਾਨਾ ਘੜਿਆ ਸੀ। ਨੀਲੂ ਨਾਲ ਵਿਆਹ ਨਾ ਕਰਾ ਸਕਣ ਦੀ ਸਜ਼ਾ
ਰਿਹਾ ਸਾਂ ਆਪਣੇ ਆਪ ਨੂੰ। ਨਹੀਂ, ਸੱਚ ਘਰਦਿਆਂ ਨੂੰ ਦੁਖੀ ਕਰ ਰਿਹਾ ਸਾਂ। ਮੇਰੇ ਚਿੱਤ-ਚੇਤੇ
ਨਹੀਂ ਸੀ ਕਿ ਕੋਈ ਕੁੜੀ ਏਡੀ ਛੇਤੀ ਮੇਰੀ ਇਸ ਬਕਵਾਸ ਜਿਹੀ ਸ਼ਰਤ ਨੂੰ ਮੰਨ ਜਾਵੇਗੀ। ਕੀ ਪ
ਸੀ ਕਿਸੇ ਨੇ ਮੇਰੀਆਂ ਹੱਡੀਆਂ ਖੋਰਨ ਲਈ ਏਨੀ ਛੇਤੀ ਮੰਨ ਜਾਣਾ ਏ।

ਵਿਆਹ ਦੀ ਪਹਿਲੀ ਰਾਤੇ ਜਦੋਂ ਮੈਂ ਕਣਸ 'ਤੇ ਫੋਟੋ ਟਿਕਾ ਪੈਰ ਪਿਛਾਂਹ ਪੁੱਟਿਆ ਤਾਂ ਉ
ਮੈਨੂੰ ਲੱਗਦਾ ਰਿਹਾ ਸੀ ਕਿ ਉਸ ਨੇ ਫੋਟੋ ਵੱਲ ਵੇਖ ਨੀਵੀਂ ਪਾ ਲਈ ਏ। ਨੇੜੇ ਜਾ ਮੈਂ ਪਤਨੀ ਦੀ ਠੋ
ਨੂੰ ਪੋਟਿਆਂ ਨਾਲ ਉਪਰ ਚੁੱਕਿਆ ਤਾਂ ਉਸ ਦੀ ਝੁਕੀ ਨਜ਼ਰ ਉਤਾਂਹ ਉਠਦਿਆਂ ਹੀ ਮੈਂ ਜੇਤੂ ਅੰਦਾ
'ਚ ਨਜ਼ਰ ਭਰਕੇ ਫੋਟੋ ਵੱਲ ਤੱਕਿਆ ਸੀ। ਉਸ ਪਿੱਛੋਂ ਪਹਿਲੀ ਰਾਤ ਦੀਆਂ ਗੱਲਾਂ 'ਚੋਂ ਫੋਟੋ ਦਾ ਜ਼ਿਕ
ਕਰਨ ਤੋਂ ਰੋਕੀ ਰੱਖਿਆ ਸੀ ਆਪਣੇ ਆਪ ਨੂੰ। ਭਾਵੇਂ ਉਹ ਵਿਆਹ ਤੋਂ ਪਹਿਲਾਂ ਹੀ ਇਸ ਬਾਰੇ ਥੋ
ਬਹੁਤ ਜਾਣੂ ਸੀ। ਜਿੰਨਾ ਕੁ ਮੈਂ ਆਪਣੀ ਸ਼ਰਤ 'ਚ ਦੱਸਿਆ ਸੀ ਜਾਂ ਜਿੰਨਾ ਕੁ ਉਹਨੇ ਆਪਣੇ ਤੌਰ '
ਪਤਾ ਲਾ ਲਿਆ ਹੋਵੇਗਾ। ਪਰ ਹੋਰ ਜਾਨਣ ਲਈ ਉਸ ਨਾ ਤਾਂ ਇਕ ਦੂਜੇ ਦੇ ਸਾਹਾਂ ਦਾ ਨਿੱਘ ਮਾਨ
ਤੋਂ ਪਹਿਲਾਂ ਅਤੇ ਨਾ ਹੀ ਪਿਛੋਂ ਕੋਈ ਸਵਾਲ ਕੀਤਾ ਸੀ। ਜਿਸ ਨੂੰ ਵੇਖ ਉਦੋਂ ਔਰਤ-ਮਨੋ ਵਿਗਿਆ
ਬਾਰੇ ਜੋ ਮੈਂ ਕਿਤਾਬਾਂ 'ਚੋਂ ਪੜ੍ਹ ਰਖਿਆ ਸੀ ਜਾਂ ਤਜਰਬੇ 'ਚ ਦੇਖਿਆ ਸੀ, ਸਭ ਝੂਠ ਲੱਗਾ ਸੀ। ਮੈ
ਪੱਕਾ ਯਕੀਨ ਸੀ ਕਿ ਮੇਰੇ ਮੱਥੇ ਚੋਂ ਟੁੱਟਿਆ ਤਾਰਾ ਹਨੇਰੀ ਖੱਡ 'ਚ ਗੁੰਮ ਕੇ ਉਸ ਅੰਦਰੋਂ ਫੋਟੋ ਬਾ
ਕੋਈ ਸਵਾਲ ਬਾਹਰ ਕੱਢ ਲਿਆਵੇਗਾ। ਪਰ ਅਜਿਹਾ ਕੁਝ ਵੀ ਨਹੀਂ ਸੀ ਹੋਇਆ। ਕੁਝ ਨਾ ਹੋਣ
ਮੈਨੂੰ ਥੋੜਾ ਬੇਚੈਨ ਕਰ ਦਿੱਤਾ।

ਅਕਸਰ ਮਨੁੱਖ ਆਪਣਾ ਦੁੱਖ-ਸੁੱਖ ਉਸ ਨਾਲ ਸਾਂਝਾ ਕਰਦਾ ਹੈ ਜਿਥੇ ਉਸ ਦੀ ਦਿਲੀ ਸਾਂ
ਹੋਵੇ। ਜਿਥੇ ਉਸਨੂੰ ਦੁੱਖ ਦੱਸ ਕੇ ਸ਼ਾਂਤੀ ਮਿਲੇ। ਪਰ ਮੈਨੂੰ ਵਿਆਹ ਦੇ ਹਫਤਾ ਕੁ ਬਾਅਦ ਇਕ ਅੱਚਵ
ਜਿਹੀ ਲੱਗ ਗਈ ਸੀ, ਪਤਨੀ ਨੂੰ ਸਾਰੀ ਕਹਾਣੀ ਦੱਸਣ ਦੀ। ਇਸ ਲਈ ਨਹੀਂ ਕਿ ਮੈਂ ਉਸ ਨੂੰ ਆਪ
ਦੁੱਖਾਂ ਦੀ ਸਾਂਝੀ ਮੰਨ ਲਿਆ ਸੀ, ਸਿਰਫ ਇਸ ਲਈ ਕਿ ਮੈਂ ਇਹ ਸਭ ਦੱਸ ਕੇ ਉਸਨੂੰ ਦੁਖੀ ਕਰ
ਚਾਹੁੰਦਾ ਸਾਂ। ਮੈਨੂੰ ਇਉਂ ਲੱਗਣ ਲੱਗ ਪਿਆ ਸੀ ਕਿ ਜੇ ਇਹ ਸਭ ਕੁਝ ਮੈਂ ਉਸ ਸਾਹਮਣੇ ਨਾ ਉਛਲਿਆ
ਤਾਂ ਮੈਨੂੰ ਅਫਾਰਾ ਹੋ ਜਾਵੇਗਾ। ਫੋਟੋ ਬਾਰੇ ਸਭ ਕੁਝ ਦੱਸਣ ਲਈ ਮੈਂ ਮੌਕੇ ਦੀ ਭਾਲ 'ਚ ਰਹਿੰਦਾ
ਕੋਈ ਮੌਕਾ ਮਿਲਦਾ ਤਾਂ ਮੈਂ ਨੀਲੂ ਦਾ ਨਾਂ ਲੈ ਅਗੋਂ ਕੁਝ ਬੋਲਣ ਤੋਂ ਇਹ ਸੋਚ ਕੇ ਆਪਣੇ ਆਪ ਨੂੰ ਰੋ
ਲੈਂਦਾ ਕਿ ਉਹ ਆਪ ਹੀ ਪੁੱਛੇਗੀ ਇਕ ਦਿਨ। ਪਰ ਉਸ ਨੇ ਤਾਂ ਸੁਣਨ ਤੋਂ ਬਿਨਾਂ ਕਦੇ ਕੁਝ ਪੁੱਛਿਆ
ਹੀ ਨਹੀਂ ਸੀ। ਉਹ ਤੇ ਸਦਾ ਮੇਰੀ ਹਰ ਇੱਛਾ ਅਗੇ ਝੁਕੀ ਸੀ। ਅੜਨਾ ਤਾਂ ਜਿਵੇਂ ਉਸ ਸਿੱਖਿਆ
ਨਹੀਂ ਸੀ। ਇਹ ਸਭ ਵੇਖ ਮੈਥੋਂ ਫੈਸਲਾ ਨਹੀਂ ਸੀ ਹੋ ਰਿਹਾ ਕਿ ਉਹਦੇ ਮਨ 'ਚ ਫੋਟੋ ਬਾਰੇ ਕੋਈ ਗੁੰ
ਹੈ ਜਾਂ ਨਹੀਂ ਸੀ? ਇਕ ਦਿਲ ਕਹਿੰਦਾ ਜੇ ਉਸ ਦੇ ਮਨ 'ਚ ਕੋਈ ਤਣਾਓ ਹੁੰਦਾ ਤਾਂ ਉਹ ਜ਼ਰੂਰ ਮੋ
ਵਾਂਗ ਪਿਘਲਣਾ ਭੁੱਲ ਜਾਂਦੀ। ਪਰ ਦੂਜਾ ਦਿਲ ਸ਼ਾਹਦੀ ਭਰਦਾ ਕਿ ਜ਼ਰੂਰ ਉਸ ਦੇ ਮਨ 'ਚ ਕੋ
ਗੰਢ ਏ। ਤਦੇ ਹੀ ਤਾਂ ਰਾਤ ਨੂੰ ਗੱਲਾਂ ਕਰਦਿਆਂ ਕਰਦਿਆਂ ਕਈ ਵਾਰ ਕਿਤੇ ਖਿਆਲਾਂ 'ਚ ਡੁੱਬ ਜਾਂ
ਏ। ਇਹ ਸੋਚ ਮੈਂ ਅੰਦਰੋਂ ਖੁਸ਼ ਹੁੰਦਾ। ਪਰ ਅਗਲੇ ਪਲ ਮੇਰੀ ਸੋਚ ਫੇਰ ਗੇੜਾ ਕੱਢ ਉਥੇ ਆ ਜਾਂ
ਕਿ ਉਹ ਮੇਰੇ ਇਹ ਸਭ ਕੁਝ ਕਰਨ 'ਤੇ ਖਿੱਝਦੀ ਕਿਉਂ ਨਹੀਂ? ਮੇਰੇ ਨਾਲ ਲੜ ਝਗੜ ਕੇ ਘਰ ਸਿ
'ਤੇ ਕਿਉਂ ਨਹੀਂ ਚੁੱਕ ਲੈਂਦੀ? ਜਦ ਕਿ ਇਹ ਜਾਣਦੀ ਹੈ ਕਿ ਜਿਸ ਕੁੜੀ ਦੀ ਫੋਟੋ ਮੈਂ ਘਰ 'ਚ ਰੱ
ਹੋਈ ਏ ਉਸ ਨਾਲ ਮੇਰੇ 'ਸੰਬੰਧ' ਸਨ। ਮੈਂ ਜਾਣਦਿਆਂ ਵੀ ਕਿ ਵਿਆਹ ਤੋਂ ਪਹਿਲਾਂ ਮਨਾਈ ਸ਼ਰ
ਕਾਰਣ ਉਹ ਇਹ ਸਭ ਕੁਝ ਕਰਨ ਤੋਂ ਅਸਮਰੱਥ ਹੈ ਜੋ ਮੈਂ ਚਾਹੁੰਦਾ ਹਾਂ। ਪਰ ਫੇਰ ਵੀ ਮੇਰੀ ਇ
ਇੱਛਾ ਹੁੰਦੀ ਕਿ ਉਹ ਇਸ ਗੱਲ 'ਤੇ ਇੱਟ-ਖੜੱਕਾ ਕਰੇ ਤੇ ਮੈਂ ਅੰਦਰੋਂ ਖੁਸ਼ ਹੋਵਾਂ। ਇਸ ਦੇ ਦੁਖੀ ਹੋ



ਨਾਲ ਮੇਰੇ ਘਰ ਦੇ ਪ੍ਰੇਸ਼ਾਨ ਹੋਣ। ਮੈਂ ਸੋਚਿਆ ਸੀ ਕਿ ਕੁੜੀਆਂ ਭਾਵੁਕਤਾ ਦੇ ਵਹਿਣ 'ਚ ਵਹਿ ਕੇ ਕਈ ਵਾਰ ਅਜਿਹੀਆਂ ਸ਼ਰਤਾਂ ਮੰਨ ਲੈਂਦੀਆਂ ਨੇ ਪਰ ਬਾਅਦ 'ਚ ਸਭ ਭੁੱਲ ਜਾਂਦੀਆਂ ਨੇ। ਤੇ ਇਹ ਵੀ ਉਨ੍ਹਾਂ ਵਾਂਗ ਸਭ ਸ਼ਰਤਾਂ-ਸ਼ੁਰਤਾਂ ਛਿੱਕੇ ਟੰਗ ਕੇ ਘਰ 'ਚ ਤੂਫਾਨ ਖੜਾ ਕਰ ਦੇਵੇਗੀ। ਪਰ ਇਥੇ ਤਾਂ ਸਭ ਕੁੱਝ ਉਲਟ ਹੋਇਆ। ਉਸ ਦੀ ਇਸ ਚੁੱਪ ਤੋਂ ਮੈਨੂੰ ਲੱਗਦੈ ਉਹ ਜ਼ਰੂਰ ਆਪਣਾ ਕੋਈ ਭੇਦ ਖੁੱਲ੍ਹਣ ਦੇ ਡਰੋਂ ਅਜਿਹਾ ਨਹੀਂ ਕਰਦੀ। ਨਹੀਂ ਤਾਂ ਤੀਮੀਂ ਕਿਥੇ ਜਰਦੀ ਏ ਕਿ ਉਹਦਾ ਪਤੀ ਕਿਸੇ ਬੇਗਾਨੀ ਕੁੜੀ ਦੀ ਫੋਟੋ ਨੂੰ ਚੁੰਮੇ। ਮੈਨੂੰ ਉਹ ਘਟਨਾ ਅੱਜ ਵੀ ਯਾਦ ਏ ਜਦੋਂ ਨੀਲੂ ਨਾਲ ਮੇਰੀ ਇਸ਼ਕ-ਕਹਾਣੀ ਸ਼ੁਰੂ ਹੀ ਹੋਈ ਸੀ। ਬੱਸ 'ਚ ਕਾਲਿਜ ਜਾਂਦਿਆਂ ਕਿਸੇ ਕੁੜੀ ਦਾ ਡਿੱਗਿਆ ਪਾਸ ਚੁੱਕ ਜਦੋਂ ਮੈਂ ਸ਼ਰਾਰਤ ਨਾਲ ਫੋਟੋ ਨੂੰ ਚੁੰਮਿਆ ਸੀ ਤਾਂ ਨਾਲ ਬੈਠੀ ਨੀਲੂ ਨੇ ਬੱਸ ਪਾਸ ਮੈਥੋਂ ਝਪਟ ਕੇ ਟੁਕੜੇ-ਟੁਕੜੇ ਕਰ ਬਾਰੀ ਵਿਚੋਂ ਬਾਹਰ ਮਾਰਿਆ ਸੀ। ਪਰ ਇਹ ਅਜਿਹਾ ਕਿਉਂ ਨਹੀਂ ਕਰਦੀ?

ਆਪਣੇ ਸ਼ੱਕ ਨੂੰ ਯਕੀਨ 'ਚ ਬਦਲਣ ਲਈ ਮੈਂ ਵਲ ਵਿੰਗ ਪਾ ਪਾ ਗੱਲ ਸ਼ੁਰੂ ਕਰਨ ਦੀ ਕੋਸ਼ਿਸ਼ ਕਰਦਾ। ਹੁਣ ਮੇਰਾ ਮਕਸਦ ਉਸ ਨੂੰ ਦੁਖੀ ਕਰਨਾ ਨਹੀਂ ਸਗੋਂ ਉਸ ਅੰਦਰੋਂ ਉਹਦੇ ਅਤੀਤ ਦਾ ਸੱਚ ਬਾਹਰ ਕੱਢਣਾ ਸੀ। ਪਰ ਉਹ ਮੇਰੀ ਹਰ ਪੁੱਠੀ-ਸਿੱਧੀ ਹਰਕਤ ਦੇਖ ਕੇ ਵੀ ਚੁੱਪ ਹੀ ਰਹਿੰਦੀ। ਇਕ ਮਨ ਕਹਿੰਦਾ ਸੋਚਦੀ ਹੋਊ ਫੋਟੋ ਈ ਹੈ ਲਈ ਫਿਰੇ, ਕਿਹੜਾ ਨਾਲ ਸੌਣ ਲੱਗੀ ਏ ਆ ਕੇ। ਰਾਤ ਤਾਂ ਮੇਰੇ ਕੋਲ ਹੀ ਰਹਿੰਦਾ। ਆਪੇ ਹੀ ਲੀਹ 'ਤੇ ਆ ਜਾਊ ਹੌਲੀ-ਹੌਲੀ।

ਪਰ ਇਹ ਸੋਚ ਬਹੁਤੀ ਦੇਰ ਤਸੱਲੀ ਨਾ ਦਿੰਦੀ।

ਰਾਤ ਨੂੰ ਜਦ ਕਦੇ ਮੇਰੀ ਅੱਖ ਖੁਲ੍ਹਦੀ ਉਹ ਅੱਖਾਂ ਮੀਟੀ ਆਰਾਮ ਨਾਲ ਸੌਂ ਰਹੀ ਹੁੰਦੀ। ਉਸ ਦੇ ਲਿਪਸਟਿਕ ਉਤਰੇ ਬੁਲ੍ਹਾਂ 'ਤੇ ਖੇਡਦੀ ਮੁਸਕਾਨ ਮੈਨੂੰ ਹੋਰ ਸ਼ੱਕ ਦੀ ਗਾਰ 'ਚ ਧੱਕ ਦੇਂਦੀ। ਮੇਰਾ ਸੁਭਾਅ ਸ਼ੱਕੀ ਤੇ ਚਿੜਚੜਾ ਹੋ ਗਿਆ। ਨਿੱਕੀ -ਨਿੱਕੀ ਗੱਲ 'ਤੇ ਘਰ ਸਿਰ 'ਤੇ ਚੁੱਕ ਲੈਂਦਾ। ਪੁੜਪੁੜੀਆਂ ਦੀਆਂ ਨਾੜਾਂ ਟੱਕ-ਟੱਕ ਵਜਦੀਆਂ। ਜਿਉਂ-ਜਿਉਂ ਇਹ ਸ਼ੱਕ ਵੱਧਦਾ ਜਾ ਰਿਹਾ ਏ, ਮੇਰੇ ਅੰਦਰ ਹੀਣ-ਭਾਵਨਾ ਘਰ ਕਰੀ ਜਾਂਦੀ ਏ। ਉਸ ਦਿਨ ਦਾ ਮੈਂ ਰਾਤ ਨੂੰ ਘਬਰਾਉਂਦਾ ਹਾਂ ਜਿਸ ਦਿਨ ਦੀ ਉਤੇਜਨਾ ਦੇ ਛਿਣਾਂ ਦੀ ਤਪਸ਼ ਪਹਿਲਾਂ ਦੇ ਮੁਕਾਬਲੇ ਇਕ ਦਮ ਠੰਡੀ ਪੈ ਗਈ। ਭਾਵੇਂ ਉਹ ਅਜੇ ਤੀਕ ਚੁੱਪ ਹੈ ਪਰ ਮੇਰੀ ਘਬਰਾਹਟ ਤੇ ਸ਼ੱਕ ਨਿਰੰਤਰ ਵਧ ਰਿਹਾ ਹੈ। ਡਾਕਟਰ ਨੂੰ ਸਾਰੀ ਕਹਾਣੀ ਦੱਸਣ 'ਤੇ ਉਸ ਟੌਨਿਕ ਦੇ ਸ਼ੰਕਾ-ਮੁਕਤ ਹੋਣ ਲਈ ਕਹਿ ਘਰ ਭੇਜ ਦਿੱਤਾ। ਪਰ ਘਰ ਆ ਕੇ ਇਹ ਸ਼ੱਕ ਘਟਣ ਦੀ ਥਾਂ ਵਧਣ ਲੱਗਦਾ ਹੈ, ਜਦ ਉਹ ਇਹ ਪੁੱਛਦੀ ਹੈ ਕਿ ਹੁਣ ਸਿਹਤ ਕਿਵੇਂ ਹੈ?

ਉਸ ਦਿਨ ਨੀਲੂ ਨਾਲ ਮੇਰੀ ਮੁਹੱਬਤ ਦੇ ਉਹ ਦਿਨ ਦੀ ਛੇਵੀਂ ਵਰ੍ਹੇ-ਗੰਢ ਸੀ ਜਿਸ ਦਿਨ ਮੈਂ ਉਸ ਨਾਲ ਹਨੇਰੀ ਸੁਰੰਗ 'ਚ ਉਤਰਿਆ ਸਾਂ। ਉਨ੍ਹਾਂ ਦਿਨਾਂ ਦੀ ਇਕ-ਇਕ ਘਟਨਾ ਦਾ ਵੇਰਵਾ ਮੇਰੀ ਡਾਇਰੀ 'ਚ ਦਰਜ ਸੀ ਜੋ ਮੈਂ ਉਸ ਨੂੰ ਪੜ੍ਹਾ ਕੇ ਆਪਣੇ ਮਨ ਦਾ ਬੋਝ ਹਲਕਾ ਕਰਨਾ ਚਾਹੁੰਦਾ ਸਾਂ। ਉਹ ਬਾਥਰੂਮ 'ਚ ਫੁਹਾਰਾ ਛੱਡ ਨਹਾ ਰਹੀ ਸੀ ਕਿ ਮੈਂ ਜਾਣ-ਬੁੱਝ ਕੇ ਆਪਣੀ ਡਾਇਰੀ ਤੇ ਨੀਲੂ ਦੀਆਂ ਚਿੱਠੀਆਂ ਮੇਜ਼ 'ਤੇ ਛੱਡ ਬਹਾਨਾ ਘੜ ਬਾਜ਼ਾਰ ਤੁਰ ਗਿਆ। ਕਾਫੀ ਦੇਰ ਬਾਅਦ ਜਦ ਘਰ ਮੁੜਿਆ ਤਾਂ ਡਾਇਰੀ ਤੇ ਚਿੱਠੀਆਂ ਅਲਮਾਰੀ 'ਚ ਰੱਖ ਜਿੰਦਰਾ ਮਾਰ ਚਾਬੀ ਮੇਜ਼ 'ਤੇ ਟਿਕਾਈ ਪਈ ਸੀ। ਘਰ ਆਏ ਨੂੰ ਉਸ ਮੈਨੂੰ ਪਾਣੀ ਦਾ ਗਿਲਾਸ ਫੜਾਇਆ ਅਤੇ ਮੇਰੇ ਨਾਲ ਢੁਕ ਕੇ ਬੈਠ ਗਈ। ਮੈਨੂੰ ਲੱਗਿਆ ਹੁਣ ਉਹ ਜ਼ਰੂਰ ਕੋਈ ਗੱਲ ਛੇੜੇਗੀ। ਪਰ ਉਹ ਮੈਨੂੰ ਚੁੱਪ ਵੇਖ ਕੇ ਥੱਕਿਆ ਤੇ ਉਦਾਸ ਜਿਹਾ ਸਮਝ ਮੇਰੇ ਵਾਲਾਂ 'ਚ ਉਂਗਲਾਂ ਨਾਲ ਕੰਘੀ ਕਰਦੀ ਉਹ ਸ਼ਰਾਰਤਾਂ ਕਰਦੀ ਰਹੀ ਜਿਨ੍ਹਾਂ ਨੂੰ ਉਹ ਪਹਿਲਾਂ ਰਾਤ ਲਈ ਰਾਖਵੀਆਂ ਕਹਿ ਟਾਲ ਛੱਡਦੀ ਸੀ। ਮੇਰੇ ਮਨ 'ਚ ਕਿਆਸਿਆ ਉਸ ਦਾ ਗੁੱਸੇ 'ਚ ਤਣਿਆ ਚਿਹਰਾ ਨੇੜੇ ਤੇੜੇ ਕਿਤੇ ਵੀ ਨਜ਼ਰ ਨਾ ਆਇਆ।

ਬਸ ਉਸ ਦਿਨ ਤੋਂ ਹਰ ਰੋਜ਼ ਮੇਰੀਆਂ ਸੋਚਾਂ 'ਚ ਕੁਝ ਨਾ ਕੁਝ ਤਿੜਕਦਾ ਰਹਿੰਦਾ ਹੈ। ਉਸ ਦੇ ਕੁਆਰੇ ਅਤੀਤ ਬਾਰੇ ਮੇਰੇ ਮਨ 'ਚ ਕਈ ਸੁਆਲ ਗੁੰਮੀਆਂ ਦੇ ਕੰਢਿਆਂ ਵਾਂਗ ਚੁਭਦੇ ਨੇ ਕਿ ਜ਼ਰੂਰ ਇਸ ਦਾ ਕਿਧਰੇ ਕੋਈ ਚੱਕਰ ਹੈ। ਜਦੋਂ ਮੈਂ ਆਪਣੀ ਸ਼ਰਤ ਮਨਾਈ ਸੀ ਉਦੋਂ ਮੈਨੂੰ ਅਜਿਹਾ ਕੁਝ ਵੀ ਨਹੀਂ ਸੀ ਲੱਗਾ। ਮੈਂ ਸਮਝਦਾ ਰਿਹਾ ਸੀ ਉਸ ਨੇ ਭਾਵਕਤਾ ਵੱਸ ਜਾਂ ਮੇਰੀ ਉਚੀ ਨੌਕਰੀ ਕਰਕੇ ਇਹ ਸ਼ਰਤ ਪ੍ਰਵਾਨ ਕੀਤੀ ਹੈ। ਪਰ ਹੁਣ ਲੱਗਦਾ ਹੈ ਕਿ ਉਸ ਦੇ ਸ਼ਾਂਤ ਚਿਹਰੇ ਪਿੱਛੇ ਪਤਾ ਨਹੀਂ ਕਿੰਨੇ ਬਦਸੂਰਤ ਚਿਹਰੇ ਛੁਪੇ ਨੇ। ਬਸ ਇਹੀ ਸੋਚ ਦਿਨੋਂ ਦਿਨ ਮੇਰੀ ਨੀਂਦ ਹਰਾਮ ਕਰਦੀ ਰਹਿੰਦੀ। ਜਿਸ ਨਾਲ ਭੁੱਖ ਲੱਗਣੀ ਘਟ ਗਈ। ਸਿਰ ਭਾਰਾ ਰਹਿਣ ਲੱਗਾ। ਮੌਰਾਂ 'ਚ ਦਰਦ ਆਮ ਗੱਲ ਹੋ ਗਈ। ਪਰ ਉਹ ਹਮੇਸ਼ਾਂ ਨਾ ਸੋਚਣ ਦੀਆਂ ਹਦਾਇਤਾਂ ਕਰਦੀ ਮੇਰੀ ਵੱਖ ਨਾਲ ਜੁੜ ਕੇ ਘੂਕ ਸੋ ਜਾਂਦੀ।

ਇਕ ਦਿਨ ਇਸ ਆਪੇ ਸਿਰਜੇ ਮਾਨਸਿਕ ਤਨਾਓ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਮੇਰੇ ਦਿਮਾਗ ਵਿਚ ਆ ਵੜਿਆ। ਮਨ ਦੇ ਫੈਸਲੇ ਮੁਤਾਬਿਕ ਆਪਣੀ ਪ੍ਰੇਮਿਕਾ ਨਾਲ ਖਿਚਵਾਈ ਉਹ ਫੋਟੋ ਕਣਸ ਤੋਂ ਚੁੱਕ ਮੈਂ ਮੁੜ ਅਟੈਚੀ ਵਿਚ ਧਰ ਦਿੱਤੀ। ਮਨ ਨੂੰ ਕੁਝ ਰਾਹਤ ਜਿਹੀ ਮਿਲੀ। ਅੰਦਰੋਂ ਭਾਵੇਂ ਦੁਖੀ ਸਾਂ ਪਰ ਰੋਜ਼ ਦੀ ਵਧ ਰਹੀ ਟੈਨਸ਼ਨ ਦਾ ਹੋਰ ਕੋਈ ਇਲਾਜ ਹੀ ਨਹੀਂ ਸੀ ਸੁੱਝਿਆ। ਉਸ ਰਾਤ ਉਸ ਦੇ ਚਿੱਤ ਰਾਜ਼ੀ ਨਾ ਹੋਣ ਦੇ ਬਹਾਨੇ ਨੂੰ ਹੀ ਮੈਂ ਅਣਗੌਲਿਆਂ ਕਰ ਛਡਿਆ। ਅਚਾਨਕ ਇਕ ਦਿਨ ਮੈਨੂੰ ਪ੍ਰਸ਼ਾਸਨਕ ਕੰਮ ਲਈ ਦੋ ਦਿਨ ਘਰ ਤੋਂ ਬਾਹਰ ਰਹਿਣਾ ਪਿਆ। ਜਦ ਘਰ ਪਰਤਿਆ ਤਾਂ ਉਹ ਫੋਟੋ ਪਹਿਲਾਂ ਵਾਲੀ ਥਾਂ 'ਤੇ ਸਾਫ ਕਰਕੇ ਟਿਕਾਈ ਹੋਈ ਸੀ। ਬਸ ਉਸ ਦਿਨ ਦਾ ਸ਼ੱਕ ਯਕੀਨ 'ਚ ਬਦਲ ਗਿਆ ਹੈ ਕਿ ਜ਼ਰੂਰ ਇਹਦੀ ਫੋਟੋ ਕਿਸੇ ਪ੍ਰੇਮੀ ਦੇ ਡਰਾਇੰਗ ਰੂਮ ਦਾ ਸ਼ਿੰਗਾਰ ਜਾਂ ਜੇਬ ਦਾ ਨਿੱਘ ਬਣੀ ਹੋਈ ਹੋਵੇਗੀ।

ਉਸ ਦਿਨ ਮੈਂ ਸਾਰੀ ਰਾਤ ਕੁੰਡੀ 'ਚ ਫਸੀ ਮੱਛੀ ਵਾਂਗ ਤੜਪਦਿਆਂ ਕੱਟੀ। ਸਵੇਰੇ ਉਠਦਿਆਂ ਮੇਰੇ ਮੋਢਿਆਂ 'ਚ ਮੱਠਾ ਮੱਠਾ ਦਰਦ ਸੀ। ਲੱਤਾਂ ਦੀਆਂ ਪਿੰਡਲੀਆਂ 'ਚ ਚੀਰ ਪੈਂਦੇ ਸਨ। ਜਦ ਉਹ ਸਵੇਰੇ ਉਠ ਘਰ ਦੇ ਕੰਮਾਂ 'ਚ ਰੁੱਝ ਗਈ ਤਾਂ ਮੇਰੇ ਦਿਮਾਗ ਵਿਚ ਭਰੀ ਉਸ ਪ੍ਰਤੀ ਸ਼ੱਕ ਦੀ ਭੁੱਬਲ ਹੋਰ ਤੇਜ਼ੀ ਨਾਲ ਉਡਣ ਲੱਗੀ। ਪਤਾ ਨਹੀਂ ਮੈਨੂੰ ਕੀ ਹੋਇਆ, ਉਹ ਫੋਟੋ ਚੁੱਕ ਮੈਂ ਪੂਰੇ ਜ਼ੋਰ ਨਾਲ ਕੰਧ 'ਚ ਵਗਾਹ ਮਾਰੀ। ਸ਼ੀਸ਼ਾ ਚੂਰ-ਚੂਰ ਹੋ ਗਿਆ। ਟੁੱਟੇ ਫਰੇਮ 'ਚ ਫਸੀ ਫੋਟੋ ਮੇਰੀ ਹਾਲਤ 'ਤੇ ਮੁਸਕਰਾ ਰਹੀ ਸੀ। ਖੜਾਕ ਸੁਣ ਕੇ ਪਤਨੀ ਘਬਰਾਈ ਹੋਈ ਦੌੜੀ ਆਈ। ਉਸ ਵੱਲ ਵੇਖ ਮੇਰੇ ਦਿਮਾਗ ਨੂੰ ਹੋਰ ਜ਼ਹਿਰ ਚੜ੍ਹ ਗਿਆ। ਮੈਂ ਜ਼ੋਰ ਦੀ ਚੀਕ ਮਾਰ ਉਸ ਨੂੰ ਮਾਰਨ ਲਈ ਔਹਲਿਆ ਤਾਂ ਉਸ ਦੌੜ ਕੇ ਬੂਹਿਓਂ ਬਾਹਰ ਹੋ ਘਰ ਦੇ ਸਭ ਇਕੱਠੇ ਕਰ ਲਏ।

ਉਸ ਤੋਂ ਪਿੱਛੋਂ ਘਰ ਤੋਂ ਹਸਪਤਾਲ ਤਕ ਦੇ ਸਫਰ ਦੌਰਾਨ ਡਾਕਟਰ ਤੇ ਆਪਣਿਆਂ ਦੀਆਂ ਨਸੀਹਤਾਂ ਸੁਣਨ ਤੋਂ ਬਾਅਦ ਆਪਣੀ ਕਿਸੇ ਨਵੀਂ ਬਿਮਾਰੀ ਦੀ ਕੇਸ ਫਾਈਲ ਲਈ ਅੱਜ ਹਫਤੇ ਬਾਅਦ ਘਰ ਪਰਤਿਆ ਹਾਂ। ਡਰਾਇੰਗ ਰੂਮ 'ਚ ਕਣਸ 'ਤੇ ਉਹੀ ਫੋਟੋ ਨਵੇਂ ਫਰੇਮ 'ਚ ਜੜੀ ਮੇਰਾ ਮੂੰਹ ਚਿੜਾ ਰਹੀ ਹੈ। ਜਿਸ ਨੂੰ ਵੇਖ ਮੇਰੇ ਦਿਮਾਗ ਦੀਆਂ ਨਸਾਂ ਫੇਰ ਤਣ ਰਹੀਆਂ ਹਨ। ਅੱਖਾਂ ਅੱਗੇ ਹਨੇਰਾ ਛਾ ਰਿਹਾ ਹੈ। ਪਰ ਇਹ ਸਾਰਾ ਕੁਝ ਉਸ ਨੂੰ ਕਿਵੇਂ ਦੱਸਾਂ?

(ਪਿੰਡ ਜੰਡਿਆਲੀ, ਡਾਕ: ਜਮਸ਼ੇਰ, ਜਿਲ੍ਹਾ ਜਲੰਧਰ- 144020)



# ਤੇ ਬਾਹਰ ਤਾਲਾ ਸੀ

ਕਾਨਾ

ਮੋਟੇ ਨਕਸ਼, ਛੋਟਾ ਕੱਦ, ਕਰੜਾ ਜੁੱਸਾ ਤੇ ਕੁੜੀਆਂ ਵਰਗੇ ਹਾਵ ਭਾਵ— ਠੀਕ ਮੇਰੀ ਨਜ਼ਰ ਸਾਹਵੇਂ, ਕੋਨੇ ਦੀ ਮੇਜ਼ ਉਤੇ, ਦੋ ਸਜੀਆਂ-ਧਜੀਆਂ, ਫੈਸ਼ਨਦਾਰ ਕੁੜੀਆਂ ਨੂੰ ਹੱਥਾਂ ਦੀ ਮਦਦ ਨਾਲ ਕੁਝ ਸਮਝਾਂਦਾ, ਉਹ ਗੱਲਾਂ ਵਿਚ ਮਸਰੂਫ ਸੀ। ਲਾ ਬੋਹੀਮ ਕੌਫੀ ਹਾਊਸ ਵਿਚ ਆਪਣੀ ਸੀਟ ਉਤੇ ਮਸਾਂ ਬੈਠੀ ਹੀ ਸਾਂ ਕਿ ਮੇਰੀ ਨਜ਼ਰ ਉਸ ਉਤੇ ਪਈ, ਉਸ ਦੇ ਚਿਹਰੇ ਦੇ ਸੱਜੇ ਪਾਸੇ 'ਤੇ। ਉਹ ਸ਼ਾਇਦ ਉਹਨਾਂ ਕੁੜੀਆਂ ਨੂੰ ਕੁਝ ਸਮਝਾ ਰਿਹਾ ਸੀ। ਕਿਸੇ ਨਾਟਕ ਦਾ ਦ੍ਰਿਸ਼ ਜਾਂ ਪਾਤਰ ਦੀ ਭੂਮਿਕਾ, ਕੋਈ ਕਵਿਤਾ ਜਾਂ ਚਿਤਰ, ਕੁਝ ਵੀ ਅਨੋਖਾ ਜਿਹਾ— ਏਨਾ ਅਨੋਖਾ ਬੰਦਾ ਏਨੇ ਅਨੋਖੇ ਅੰਦਾਜ਼ ਵਿਚ ਭਲਾ ਕੋਈ ਆਮ ਜਿਹੀ ਗੱਲ ਕਿਵੇਂ ਕਰ ਸਕਦਾ ਸੀ? ਉਸ ਨੇ ਮੈਨੂੰ ਵੇਖ ਵੀ ਲਿਆ ਹੁੰਦਾ ਤਾਂ ਧਿਆਨ ਨ ਦੇਂਦਾ। ਮੇਰੇ ਆਮ ਜਿਹੇ ਵਜੂਦ ਵਿਚੋਂ ਆਰਪਾਰ ਹੋ ਜਾਂਦੀ ਉਸ ਦੀ ਇਕ ਸੁਰਤੀ ਨਜ਼ਰ। ਉਸ ਦੀ ਸਾਰੀ ਬਿਰਤੀ ਉਸ ਵੇਲੇ ਓਥੇ ਹੀ ਇਕਾਗਰ ਸੀ, ਉਸ ਦੀ ਮੁੱਠੀ ਵਿਚ।

-ਉਹ ਕੌਣ ਏ?

- ਗਾਰਗੀ ! ਬਲਵੰਤ ਗਾਰਗੀ'। ਸਵਰਨ ਨੇ ਦੱਸਿਆ, ਐਸ. ਸਵਰਨ-'ਚੇਤਨਾ' ਦੇ ਸੰਪਾਦਕ ਨੇ। ਅਸੀਂ ਨਵੇਂ ਨਵੇਂ ਹੀ ਮਿੱਤਰ ਬਣੇ ਸਾਂ।

- ਬਲਵੰਤ ਗਾਰਗੀ? 'ਲੋਹਾ ਕੁੱਟ' 'ਵਾਲਾ? ਹਾਇ ਉਸ ਦੀ 'ਪੱਤਣ ਦੀ ਬੇੜੀ' -- ਤੇ ਓਸੇ ਹੀ ਪਲ ਜਿਵੇਂ ਉਸ ਦੇ ਨਾਟਕ 'ਪੱਤਣ ਦੀ ਬੇੜੀ' ਦੀ ਨਾਇਕਾ, 'ਦੀਪੋ' ਮੇਰੇ ਅੰਦਰ ਪ੍ਰਵੇਸ਼ ਕਰ ਗਈ। ਉਸ ਦੇ ਗਰਮ ਗਰਮ ਪੋਟਿਆਂ ਦੀ ਝੁਣਝੁਣੀ ਮੇਰੇ ਲਹੂ ਵਿਚ ਘੁਲ ਗਈ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ।

ਇਹ ਸੀ ਜਨਵਰੀ, 1962 ਦੇ ਪਹਿਲੇ ਹਫ਼ਤੇ ਇਕ ਠੰਢੀ ਤੇ ਨਿੱਘੀ ਸ਼ਾਮ।

-ਕਦੇ ਮਿਲਾ ਨਾ ਗਾਰਗੀ ਨਾਲ'

-ਮਿਲਾ ਦਿਆਂਗਾ।' ਕੌਫ਼ੀ ਦਾ ਘੁੱਟ ਭਰਦਿਆਂ ਸਵਰਨ ਨੇ ਕਿਹਾ।

-ਹੁਣੇ ਐਸ ਵੇਲੇ' —ਚਾਹੁੰਦਿਆਂ ਹੋਇਆਂ ਵੀ ਆਖਣਾ ਮੈਂ ਮੁਨਾਸਿਬ ਨਾ ਸਮਝਿਆ। ਗਾਰਗੀ ਕੁੜੀਆਂ ਨਾਲ ਸੀ, ਸੁਹਣੀਆਂ, ਰੰਗੀਨ ਤੇ ਮੌਡ ਕੁੜੀਆਂ ਜਿੰਨ੍ਹਾਂ ਨੇ ਸਿਰਾਂ ਉਤੇ ਪੁੱਠੀ ਕੰਘੀ ਨਾਲ ਉਲਝਾਏ ਹੋਏ ਵਾਲਾਂ ਦੇ ਉੱਚੇ ਉੱਚੇ ਪੱਫ ਅਤੇ ਪਿੱਛੇ ਫਰੈਂਚ ਰੋਲਾਂ ਜਿਹੇ ਜੂੜੇ ਕੀਤੇ ਹੋਏ ਸਨ। ਤਿਰਛੇ ਤਰਾਸ਼ੇ ਤੇ ਕਾਲੀ ਪੈਂਸਿਲ ਨਾਲ ਗੂੜ੍ਹੇ ਕੀਤੇ ਕਮਾਨੀਦਾਰ ਭਰਵੱਟੇ, ਮਸਕਾਰੇ ਨਾਲ ਸ਼ਾਹ-ਕਾਲੀਆਂ ਕੀਤੀਆਂ ਅੱਖਾਂ ਦੀਆਂ ਗੰਨੀਆਂ, ਚਮਕਦੇ ਲਿਪਸਟਿਕੀ ਹੋਠਾਂ ਅਤੇ ਉਹਨਾਂ ਵਰਗੀ ਹੀ ਭਾਅ ਮਾਰਦੀਆਂ ਸੁਰਖੀ ਰੱਤੀਆਂ ਗਲ੍ਹਾਂ, ਲਿੰਮੇ-ਪੋਚੇ ਚਿਹਰੇ (ਓਦੋਂ ਬੜੀ ਸ਼ੋਖ ਮੇਕ-ਅੱਪ ਦਾ ਰਿਵਾਜ ਸੀ। ਦੇਸ਼ ਨੂੰ ਨਵੀਂ-ਆਜ਼ਾਦੀ ਮਿਲੀ ਹੋਣ ਕਾਰਣ ਸਭਿਅਤਾ ਦੀਆਂ ਅੱਖਾਂ ਚੁੰਧਿਆਈਆਂ ਜਾਪਦੀਆਂ ਸਨ) ਤੇ ਹੱਥਾਂ ਵਿਚ ਸਿਗਰਟ, ਉਹਨਾਂ ਕੁੜੀਆਂ ਦੇ ਮੁਕਾਬਲੇ 'ਤੇ ਫਬਵੀਂ ਸਾੜ੍ਹੀ, ਕੋਟ ਤੇ ਪਰਸ ਦੇ ਬਾਵਜੂਦ ਮੈਨੂੰ ਆਪਣਾ ਆਪ ਫਿੱਕਾ ਲੱਗ ਰਿਹਾ ਸੀ। ਉਸ ਸ਼ਾਮ ਸਾਡੀਆਂ ਗੱਲਾਂ ਦਾ ਵਿਸ਼ਾ ਗਾਰਗੀ ਹੀ ਰਿਹਾ ਤੇ ਅਗਲੇਰੇ ਦਿਨਾਂ ਵਿਚ 'ਪੱਤਣ ਦੀ ਬੇੜੀ' ਵਿਚ ਸਵਾਰ ਉਹ ਮੇਰੇ ਮਨ ਸਾਗਰ ਦੀ ਹਿੱਕ ਉਤੇ ਤੈਰਦਾ ਜਿਹਾ ਰਿਹਾ। ਸਵਰਨ ਨੇ ਜ਼ਰੂਰ ਮਿਲਾ ਦੇਣਾ ਸੀ। ਉਹ ਮੇਰੀ ਨਿੱਕੀ ਤੋਂ ਨਿੱਕੀ ਖਾਹਿਸ਼ ਦਾ ਵੀ ਪੂਰਾ ਆਦਰ ਕਰਦਾ ਸੀ, ਉਂਝ ਵੀ ਉਹ ਕੋਈ ਈਰਖਾਲੂ ਨੱਢਾ ਨਹੀਂ ਸੀ। ਪਰ ਕੋਈ ਸਬੱਬ ਵੀ ਤਾਂ ਬਣੇ !

ਗਾਰਗੀ ਦੇ ਨਾਟਕਾਂ ਤੋਂ ਇਲਾਵਾ ਮੈਂ ਉਸ ਦੀ ਰੇਖਾ-ਚਿਤਰਾਂ ਦੀ ਪੁਸਤਕ 'ਨਿੰਮ ਦੇ ਪੱਤੇ' ਵੀ ਪੜ੍ਹ ਚੁੱਕੀ ਸਾਂ ਜਿਸ ਵਿਚ ਉਸ ਦੇ ਖੁਦ ਬਾਰੇ ਲਿਖੇ ਲੇਖ ਵਿਚ ਉਸ ਦੀ ਆਧੁਨਿਕ ਰਸੋਈ, ਵਲੈਤੀ ਚੁਲ੍ਹੇ ਅਤੇ ਕੁੜੀ-ਦੋਸਤਾਂ ਦੀ ਉਸ ਦੇ ਘਰ ਵਿਚ ਖੁਲ੍ਹੀ ਆਮਦਰਫਤ ਦਾ ਜ਼ਿਕਰ ਸੀ (ਇਹ ਸਭ ਮੈਂ ਆਪਣੇ ਚੇਤੇ ਵਿਚ ਟਿਕੇ ਓਦੋਂ ਦੇ ਪ੍ਰਭਾਵਾਂ ਦੇ ਆਧਾਰ 'ਤੇ ਹੀ ਲਿਖ ਰਹੀ ਹਾਂ) ਮੈਨੂੰ ਆਪਣੇ ਘਰ ਵਿਚ ਸਭ ਤੋਂ ਵੱਧ ਅਗਰ ਕਿਸੇ ਕੋਨੇ ਤੋਂ ਨਫਰਤ ਸੀ ਤਾਂ ਉਹ ਸੀ ਬਰਾਂਡੇ ਵਿਚ ਬਣੀ ਰਸੋਈ, ਜਿਸ ਵਿਚ ਪੱਥਰੀ ਕੋਲਿਆਂ ਦੀ ਅੰਗੀਠੀ ਸਾਰਾ ਦਿਨ ਭਖੀ ਰਹਿੰਦੀ। ਮੈਨੂੰ ਰਸੋਈ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਸੀ। ਨਾ ਮੈਨੂੰ ਅੰਗੀਠੀ ਹੀ ਬਾਲਣੀ ਆਉਂਦੀ ਸੀ ਤੇ ਨਾ ਹੀ ਕੁਝ ਰਿੰਨ੍ਹਣਾ-ਪਕਾਣਾ। ਗਾਰਗੀ ਦੀ ਰਸੋਈ ਵੇਖਣ ਦੀ ਵੀ ਮੈਨੂੰ ਓਨੀ ਹੀ ਉਤਸੁਕਤਾ ਸੀ ਜਿੰਨੀ ਕਿ ਉਸਨੂੰ ਮਿਲਣ ਦੀ।

ਉਸ ਲੇਖ ਅਨੁਸਾਰ ਗਾਰਗੀ ਕੁੜੀਆਂ ਦਾ ਚਹੇਤਾ ਸੀ। ਕੁੜੀਆਂ ਆਪੇ ਹੀ ਉਸ ਦੇ ਘਰ ਆ ਧਮਕਦੀਆਂ ਤੇ ਰਿੰਨ੍ਹ-ਪਕਾਕੇ, ਖਾ-ਖੁਆਕੇ ਤੁਰਦੀਆਂ ਬਣਦੀਆਂ। ਮੈਂ ਅਜਿਹੀਆਂ ਕੁੜੀਆਂ ਵਿਚੋਂ ਨਹੀਂ ਸਾਂ। ਮੈਂ ਤੇ ਸ਼ਰਮਾਕਲ ਸਾਂ। ਪਹਿਲ ਕਰਨੀ ਮੇਰੇ ਸੁਭਾ ਦਾ ਅੰਗ ਨਹੀਂ ਸੀ। ਫੇਰ ਵੀ ਪਤਾ ਨਹੀਂ ਕਿਉਂ, ਕਿਵੇਂ ਤੇ ਕਿਸ ਸ਼ਰਾਰਤੀ ਮੂਡ ਵਿਚ ਮੈਂ ਡਾਇਰੈਕਟਰੀ ਵਿਚੋਂ ਉਸਦਾ ਨੰਬਰ ਲੱਭ ਕੇ ਫੋਨ ਘੁਮਾ ਦਿੱਤਾ।

-'ਹੈਲੋ' ---'ਹੈਲੋ'

- ਬੁੱਝੋ ਕੌਣ?' ---'ਪਤਾ ਨਹੀਂ'

- ਕੋਸ਼ਿਸ਼ ਕਰੋ' --- 'ਯਾਦ ਨਹੀਂ ਆ ਰਿਹਾ'

-ਅੰਦਾਜ਼ਾ ਲਗਾਓ' ---'ਤੂੰ ਇਕ ਸੁਹਣੀ ਕੁੜੀ ਏਂ ਤੇ ਰੋਮਾਂਟਿਕ ਵੀ --- ਕੀ ਨਾਂ ਏ ਤੇਰਾ?'

- ਕੀ ਹੋ ਸਕਦੈ ਭਲਾ?'

- ਕਹਿ ਨਹੀਂ ਸਕਦਾ। ਇਹੋ ਜਿਹੀ ਆਵਾਜ਼ ਦਾ ਤਾਂ ਚੰਗਾ ਹੀ ਨਾਂ ਹੋਣਾ ਚਾਹੀਦੈ। ਦੱਸ ਨਾ ਕੌਣ ਏਂ'? ਕੀ ਕੰਮ ਕਰਦੀ ਏਂ?'

-ਕਿਆਫ਼ਾ ਲਗਾਓ।'

-ਤੂੰ ਕਿਸੇ ਦਫਤਰ ਵਿਚ ਰਿਸੈਪਸ਼ਨਿਸਟ ਏਂ---- ਨਹੀਂ ਨਹੀਂ ਦਫਤਰ ਤਾਂ ਪੰਜ ਵਜੇ ਬੰਦ ਹੋ ਜਾਂਦੇ ਨੇ। --- ਤੂੰ ਕਿਸੇ ਫਰਮ ਦੀ ਡਾਇਰੈਕਟਰ ---?

— ਨਹੀਂ --- ਤੂੰ ਟੈਲੀਫੋਨ ਅਪਰੇਟਰ ਏਂ ?' 'ਨਹੀਂ -ਨਹੀਂ --- ਸਮਝ ਗਿਆ, ਤੂੰ ਪੰਜਾਬੀ ਦੀ ਪ੍ਰੋਫੈਸਰ ਏਂ----' ਉਸ ਦੇ ਨਾਟਕ 'ਪੱਤਣ ਦੀ ਬੇੜੀ' ਬਾਰੇ ਮੇਰੇ ਮੂੰਹੋਂ ਸੁਣੀ ਪ੍ਰਸ਼ੰਸਾ ਤੋਂ ਸ਼ਾਇਦ ਉਸ ਅੰਦਾਜ਼ਾ ਲਗਾਇਆ। 'ਪਰ ਤੇਰੀ ਅੰਗ੍ਰੇਜ਼ੀ ਬੋਲਣ ਦੀ ਮੁਹਾਰਤ ਤੋਂ ਮੈਨੂੰ ਇਸ ਵਿਚ ਵੀ ਸ਼ੱਕ ਏ।'

ਦਰਅਸਲ ਓਦੋਂ ਮੈਂ ਪ੍ਰਗਤੀ ਮੈਦਾਨ ਵਿਚ ਲੱਗੇ ਅੰਤਰ ਰਾਸ਼ਟਰੀ ਉਦਯੋਗ ਮੇਲੇ ਦੇ ਫਿਲਿਪਜ਼ ਡਵੀਜ਼ਨ ਦੇ ਨੁਮਾਇਸ਼ੀ ਮੰਡਪ ਵਿਚ ਕੰਮ ਕਰ ਰਹੀ ਸਾਂ। ਸਵੇਰੇ ਸਕੂਲ ਵਿਚ ਪੱਕੇ ਤੌਰ 'ਤੇ ਅਧਿਆਪਕ ਦੀ ਨੌਕਰੀ ਦੇ ਨਾਲ ਨਾਲ ਸ਼ਾਮੀਂ ਚਾਰ ਵਜੇ ਤੋਂ ਨੌਂ ਵਜੇ ਤਕ ਦੀ ਇਹ ਆਰਜ਼ੀ ਨੌਕਰੀ ਵੀ ਮੈਂ ਫੜ ਲਈ ਸੀ। ਇਹ ਨੌਕਰੀ ਮੈਨੂੰ ਦਿੱਲੀ ਯੂਨੀਵਰਸਿਟੀ ਦੇ ਇੰਪਲਾਇਮੈਂਟ ਐਕਸਚੇਂਜ ਵਲੋਂ ਚੰਗੀ ਅੰਗ੍ਰੇਜ਼ੀ ਬੋਲ ਸਕਣ ਕਰਕੇ ਮਿਲੀ ਸੀ। ਇਹ ਹਿੰਦੁਸਤਾਨ ਦਾ ਪਹਿਲਾ ਵਿਸ਼ਵ ਮੇਲਾ ਲੱਗਿਆ ਸੀ ਜਿਸ ਵਿਚ ਹਰ ਦੇਸ਼ ਅਤੇ ਹਰ ਸੂਬੇ ਦੇ ਵਿਸ਼ੇਸ਼ ਉਦਯੋਗਾਂ ਦੇ ਮੰਡਪਾਂ ਲਈ ਬੇਸ਼ੁਮਾਰ ਕੁੜੀਆਂ ਚਾਹੀਦੀਆਂ ਸਨ, ਚੁਸਤ, ਆਕਰਸ਼ਕ ਤੇ ਪੜ੍ਹੀਆਂ-ਲਿਖੀਆਂ ਆਧੁਨਿਕ ਕੁੜੀਆਂ, ਜਿੰਨ੍ਹਾਂ ਦੀ ਓਹਨੀਂ ਦਿਨੀਂ ਬੜੀ ਘਾਟ ਸੀ। ਮੈਂ ਓਸੇ ਸਾਲ ਯੂਨੀਵਰਸਿਟੀ ਦੇ ਈਵਨਿੰਗ ਕਾਲਿਜ ਤੋਂ ਪੰਜਾਬੀ ਦੀ ਐਮ.ਏ. ਪਾਸ ਕੀਤੀ ਸੀ ਤੇ



ਪੀ.ਐਚ.ਡੀ. ਲਈ ਮਨ ਬਣਾ ਰਹੀ ਸਾਂ। ਐਮ.ਏ. ਦੀ ਪੜ੍ਹਾਈ ਤੋਂ ਫਾਰਗ ਹੋ ਜਾਣ ਕਰਕੇ ਮੇਰੀਆਂ ਸ਼ਾਮਾਂ ਵਿਹਲੀਆਂ ਸਨ। ਸੋ ਮੈਂ ਇਹ ਨਵਾਂ ਐਡਵੈਂਚਰ ਕਰਨਾ ਚਾਹਿਆ। ਜ਼ਿਆਦਾ ਕਰਕੇ ਰਿਸੈਪਸ਼ਨ ਉਤੇ ਹੀ ਮੇਰੀ ਡਿਊਟੀ ਹੋਣ ਕਾਰਣ ਫੋਨ ਮੇਰੇ ਹੱਥ ਵਿਚ ਹੀ ਹੁੰਦਾ ਸੀ। ਜਿਉਂ ਹੀ ਮੌਕਾ ਮਿਲਦਾ ਜਾਂ ਵਿਹਲ ਲਗਦੀ, ਮੈਂ ਗਾਰਗੀ ਦਾ ਨੰਬਰ ਘੁਮਾ ਦੇਂਦੀ। 'ਤੂੰ ਕਲ੍ਹ ਫੋਨ ਨਹੀਂ ਕੀਤਾ, ਮੈਨੂੰ ਉਡੀਕ ਸੀ' ਜਦੋਂ ਉਹ ਕਹਿੰਦਾ ਤਾਂ ਮੈਨੂੰ ਬਹੁਤ ਚੰਗਾ ਲੱਗਦਾ। 'ਇਹ ਉਡੀਕ ਕਦੇ ਨਾ ਮੁਕੇ'- ਮੈਂ ਲੋਚਦੀ। ਮੇਰੀ ਗੱਲਬਾਤ ਤੋਂ ਉਸ ਨੇ ਮੇਰਾ ਜੋ ਤਸਵੱਰ ਬਣਾ ਲਿਆ ਸੀ ਮੈਂ ਉਸਨੂੰ ਕਿਸੇ ਕੀਮਤ 'ਤੇ ਵੀ ਬਿਖਰਨ ਨਹੀਂ ਸੀ ਦੇਣਾ ਚਾਹੁੰਦੀ। ਸੋ ਨਾ ਤੇ ਮੈਂ ਉਸ ਨੂੰ ਆਪਣਾ ਨਾਂ ਹੀ ਦੱਸਿਆ ਤੇ ਨਾ ਹੀ ਕਿੱਤਾ ਜਾਂ ਥਹੁ-?ਟਿਕਾਣਾ।

-ਅੱਛਾ ਫੇਰ ਮੈਂ ਆਪੇ ਹੀ ਤੇਰਾ ਨਾਂ ਰੱਖ ਦੇਂਦਾ ਹਾਂ। ਤੂੰ ਹੈਨਾ ਏਂ, ਹੈਨਾ'--- ਹਾਰ ਕੇ ਉਸ ਇਕ ਦਿਨ ਕਿਹਾ।

ਹੈਨਾ? ਕੀ ਮਤਲਬ?'

-ਹੈਨਾ ਤੇਰਾ ਤਕੀਆ ਕਲਾਮ ਜੁ ਹੈ' ਮੈਂ ਗਾਰਗੀ ਉਤੇ ਪ੍ਰਭਾਵ ਪਾਉਣ ਲਈ ਜ਼ਿਆਦਾ ਕਰਕੇ ਅੰਗ੍ਰੇਜ਼ੀ ਵਿਚ ਹੀ ਗੱਲ ਕਰਦੀ ਸਾਂ ਪਰ ਅੰਤ ਵਿਚ ਪੰਜਾਬੀ ਵਿਚ 'ਹੈਨਾ?' ਬੋਲਣ ਦੀ ਮੇਰੀ ਆਦਤ ਜਿਹੀ ਸੀ।

-ਹੈਨਾ---ਹਿਨਾ---ਯਾਨੀ ਕਿ ਮਹਿੰਦੀ। ਮਹਿੰਦੀ ਵਰਗੀ ਖੁਸ਼ਬੂ ਏ ਤੇਰੀ ਆਵਾਜ਼ ਵਿਚ, 'ਗਾਰਗੀ ਨੇ ਕਿਹਾ ਸੀ। ਉਸ ਤੋਂ ਮਗਰੋਂ ਹੈਨਾ ਦੇ ਫੋਨਾਂ ਦੀ ਗਿਣਤੀ ਵਧਦੀ ਗਈ ਤੇ ਉਹ ਉਸਨੂੰ ਗਾਰਗੀ ਨਹੀਂ ਬਲਵੰਤ ਬੁਲਾਵੇ, ਗਾਰਗੀ ਦੀ ਪੁਰਜ਼ੋਰ ਤਾਕੀਦ ਸੀ।

-ਹੈਨਾ, ਮੈਂ ਤੈਨੂੰ ਨੇੜਿਉਂ ਵੇਖਣਾ ਚਾਹੁੰਦਾ ਹਾਂ, ਬਸ ਇਕ ਵਾਰ। ਦੱਸ ਕਦੋਂ ਆਵੇਂਗੀ?' ਗਾਰਗੀ ਨੇ ਇਕ ਦਿਨ ਪੁਛਿਆ। ਇਹਨਾਂ ਸ਼ਬਦਾਂ ਵਿਚ ਪੁੱਛ ਘੱਟ ਸੀ ਤੇ ਆਦੇਸ਼ ਬਾਹਲਾ।

-ਅੱਛਾ ਆਵਾਂਗੀ।'

-ਕਦੋਂ?' ਇਹ ਗੱਲਬਾਤ ਕਦੋਂ ਹੋਈ ਇਹ ਤਾਂ ਯਾਦ ਨਹੀਂ ਪਰ ਏਨਾ ਜ਼ਰੂਰ ਨਿਸ਼ਚਿਤ ਹੈ ਕਿ ਜਿਸ ਦਿਨ ਮੈਂ ਉਸਦੇ ਬੂਹੇ ਉਤੇ ਦਸਤਕ ਦਿੱਤੀ ਉਹ ਇਕ ਇਤਿਹਾਸਕ ਦਿਨ ਸੀ ਤੇ ਮੇਰੇ ਲਈ ਖਾਸ ਤੌਰ 'ਤੇ । ਜੇ ਨਹੀਂ ਸੀ ਹੋਣਾ ਤਾਂ ਗਾਰਗੀ ਲਈ। ਉਸ ਲਈ ਇਕ ਆਮ ਜਿਹੀ ਕੁੜੀ ਨਾਲ ਇਕ ਨਿੱਕੀ ਜਿਹੀ ਮੁਲਾਕਾਤ ਕਿੰਨੀ ਕੁ ਇਤਿਹਾਸਕ ਹੋ ਸਕਦੀ ਸੀ ਭਲਾ?

ਛਬੀ ਜਨਵਰੀ ਉਨੀ ਸੌ ਬਾਹਠ। ਗਣ ਤੰਤਰ ਦਿਵਸ ਤੇ ਸਵੇਰ ਦੇ ਸਾਢੇ ਯਾਰਾਂ ਵਜੇ। ਪਰੇਡ ਦੀ ਭੀੜ ਕਾਰਨ ਮੈਂ ਮਿਥੇ ਸਮੇਂ ਤੋਂ ਇਕ ਘੰਟਾ ਪਛੜਕੇ ਪੁੱਜੀ ਸੀ। ਮੀਂਹ ਪੈ ਰਿਹਾ ਸੀ। ਮੇਰਾ ਬਿਸਕੁਟੀ ਕੋਟ ਭਿੱਜਿਆ ਪਿਆ ਸੀ। ਪਤਲਾ ਮਹੀਨ, ਅਸਮਾਨੀ ਸਕਾਰਫ਼ ਵਾਲਾਂ ਨਾਲ ਚਿਪਕਿਆ ਹੋਇਆ ਸੀ। ਕਾਲ ਬੈੱਲ ਵੱਜਣ ਉਤੇ ਬੂਹਾ ਕਿਸ ਖੁਹਲਿਆ-ਯਾਦ ਨਹੀਂ । ਗਾਰਗੀ ਨਾਲ ਮੇਰੀ ਮੁਲਾਕਾਤ ਇਕ ਬੈਠਕਵੇਂ ਜਿਹੇ ਦੀਵਾਨ ਤੋਂ ਸ਼ੁਰੂ ਹੋਈ। ਉਹ ਤੇ ਇਕ ਹੋਰ ਬੰਦਾ, ਗੋਰਾ ਇਕਹਿਰਾ ਬਦਨ ਤੇ ਮੁਸਮੁਸ ਕਰਦਾ। ਗਾਰਗੀ ਨੇ ਉਸ ਨਾਲ ਇਕ ਦੋਸਤ ਵਜੋਂ ਪਰਿਚਯ ਕਰਾਇਆ ਸੀ ਪਰ ਹੁਣ ਮੈਨੂੰ ਉਸ ਦੇ ਨਾਂ ਦਾ ਕੋਈ ਚੇਤਾ ਨਹੀਂ। ਸਾਹਮਣੇ ਹੁੰਦਿਆਂ ਹੀ ਗਾਰਗੀ ਨੇ ਅੱਗੇ ਵਧ ਕੇ ਮੇਰਾ ਹੱਥ ਘੁੱਟ ਲਿਆ ਸੀ। ਮੇਰੇ ਲਈ ਜੇ ਅੰਮ੍ਰਿਤਾ ਦੀ ਸ਼ਖ਼ਸੀਅਤ ਦਾ ਬਿੰਬ ਉਸ ਦੇ ਹੋਠ ਹਨ ਤਾਂ ਗਾਰਗੀ ਦੇ ਹੱਥ। ਉਹ ਪੈਂਦੀ ਸਾਰ ਅਗਲੇ ਦੇ ਹੱਥ ਘੁੱਟ ਲੈਂਦਾ ਹੈ। ਬਸ ਮਿਲੇ ਨਹੀਂ ਕਿ ਤੁਹਾਡੇ ਹੱਥ ਉਸ ਦੀ ਮੁੱਠੀ ਵਿਚ।

ਫੇਰ ਉਸ ਦੀ ਉਹ ਹੱਥ-ਘੁੱਟਣੀ ਤੁਸੀਂ ਹਮੇਸ਼ਾਂ ਲਈ ਨਾਲ ਲਈ ਫਿਰਦੇ ਹੋ। ਕੁਝ ਮਿੰਟਾਂ ਵਿਚ ਹੀ ਉਸ ਦੇ ਮਿੱਤਰ ਨੇ ਵਿਦਿਆ ਲੈ ਲਈ। ਹੁਣ ਉਸ ਦੀਵਾਨ ਉਤੇ ਕੇਵਲ ਗਾਰਗੀ ਸੀ ਤੇ ਮੈਂ ਸਾਂ ਸੁੰਗੜੀ ਸੁੰਗੜੀ, ਸ਼ਰਮਾਈ ਸ਼ਰਮਾਈ। ਉਸ ਮੇਰਾ ਗਿੱਲਾ ਕੋਟ ਤੇ ਸਕਾਰਫ਼ ਲਾਹ ਕੇ ਹੈਂਗਰ ਉਤੇ ਟੰਗ ਦਿੱਤੇ ਤੇ ਮੇਰੀਆਂ ਲੱਤਾਂ ਉਪਰ ਕੰਬਲ ਪਾ ਦਿੱਤਾ।

-ਸੰਤੋਖ'- ਉਸ ਦੀ ਆਵਾਜ਼ ਦੇਣ 'ਤੇ ਸਾਫ਼-ਸੁਥਰਾ, ਪਤਲਾ ਗੋਰਾ ਤੇ ਖਿੜੇ ਮੱਥੇ ਵਾਲਾ ਇਕ ਜੁਆਨ ਚਾਹ ਦੀ ਟਰੇ ਲੈ ਕੇ ਹਾਜ਼ਰ ਹੋਇਆ। ਉਸ ਦਾ ਅਕਸ ਮੇਰੀਆਂ ਅੱਖਾਂ ਅੱਗੇ ਏਨਾ ਸਜੀਵ ਹੈ ਕਿ ਅੱਜ ਵੀ ਜੇ ਉਹ ਮੇਰੇ ਸਾਹਮਣੇ ਆ ਜਾਵੇ ਤਾਂ ਪਛਾਣਨ ਵਿਚ ਮੈਂ ਢਿੱਲ ਨਾ ਲਾਵਾਂ। ਉਹ ਚਾਹ ਰੱਖ ਕੇ ਚਲਾ ਗਿਆ। ਕਾਹਵਾ, ਦੁੱਧ ਤੇ ਚੀਨੀ ਵੱਖੋ-ਵੱਖ। ਨਾਲ ਬਿਸਕੁਟ, ਮਿੱਠੇ ਤੇ ਨਮਕੀਨ ਵੀ। ਝੱਟ ਕੁ ਮਗਰੋਂ ਗਾਰਗੀ ਨੇ ਉਸ ਨੂੰ ਫੇਰ ਆਵਾਜ਼ ਮਾਰੀ ਤੇ ਉਸ੍ਹ ਵੱਲ ਇਕ ਅਰਥ ਭਰਪੂਰ ਭਰਵੀਂ ਨਜ਼ਰ ਸੁੱਟੀ। ਉਹ ਚਾਹ ਦੀ ਟਰੇ ਲੈ ਕੇ ਤੁਰ ਗਿਆ। ਚਾਹ ਪੀ ਕੇ ਮਸਾਂ ਤਾਜ਼ੀ ਹੀ ਹੋਈ ਸਾਂ, ਅਲਸਾਈ ਤੇ ਸਹਿਜ ਕਿ:

'ਸੰਤੋਖ ਚਲਾ ਗਿਆ ਹੈ' ਗਾਰਗੀ ਦੇ ਕਹਿਣ ਉਤੇ ਮੈਂ ਚੌਂਕੀ। 'ਤੇ ਬਾਹਰੋਂ ਤਾਲਾ ਲਗਾ ਗਿਆ ਹੈ। ਹੁਣ ਚਾਰ ਵਜੇ ਤਕ ਸਾਨੂੰ ਕੋਈ ਵੀ ਡਿਸਟਰਬ ਨਹੀਂ ਕਰ ਸਕਦਾ। ਤੂੰ ਨਿਸ਼ਚਿੰਤ ਹੋ ਕੇ ਬੈਠ। ਤੂੰ ਏਥੇ ਬਿਲਕੁਲ ਸੇਫ਼ ਏਂ।' ਮੇਰੇ ਚਿਹਰੇ ਉਤੇ ਘਬਰਾਹਟ ਨੂੰ ਭਾਂਪਦਿਆ ਉਸ ਕਿਹਾ।

-ਪਰ?'

- ਪਰ ਕੀ ? ਮੈਂ ਬਿਲਕੁਲ ਹਾਰਮ ਲੈੱਸ ਹਾਂ। ਅਸਾਂ ਕੇਵਲ ਗੱਲਾਂ ਕਰਨੀਆਂ ਨੇ, ਸੁਹਣੀਆਂ ਸੁਹਣੀਆਂ। ਜੰਦਰਾ ਇਸ ਲਈ ਲਗਵਾ ਦਿੱਤਾ ਹੈ ਕਿ ਅੱਜ ਛੁੱਟੀ ਦਾ ਦਿਨ ਹੈ ਤੇ ਐਵੇਂ ਹੀ ਕੋਈ ਰਾਹ ਜਾਂਦਾ ਸਾਡਾ ਵਕਤ ਬਰਬਾਦ ਨਾ ਕਰੇ।'

ਮੇਰਾ ਪਾਲਣ-ਪੋਸ਼ਣ ਬਹੁਤਾ ਕਰਕੇ ਮੇਰੇ ਪਿਤਾ ਸਮਾਨ ਵੱਡੇ ਵੀਰ ਜੀ ਦੀ ਨਿਗਰਾਨੀ ਹੇਠ ਹੋਇਆ। ਮੇਰੀ ਕਿਸ਼ੋਰ ਅਵਸਥਾ ਦੀ ਉਮਰ ਤੋਂ ਉਹ ਕਦੇ ਪੜ੍ਹਾਈ ਤੇ ਕਦੇ ਨੌਕਰੀ ਦੇ ਸਬੱਬ ਘਰੋਂ ਬਾਹਰ ਹੀ ਰਹੇ। ਕਦੇ ਕਦਾਈਂ ਹੀ ਛੁੱਟੀ ਬਿਤਾਣ ਘਰ ਆਉਂਦੇ ਸਨ। ਜੁਆਨੀ ਵਿਚ ਮੇਰੀ ਸੰਭਾਲ ਲਈ ਉਹਨਾਂ ਦੀ ਚਿੰਤਾ ਸੁਭਾਵਕ ਹੀ ਸੀ। ਮੇਰੇ ਕਾਲਿਜ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਵੀਰ ਜੀ ਨੇ ਮੈਥੋਂ ਤਿੰਨ ਪ੍ਰਣ ਲਏ। ਪਹਿਲਾ ਕਿ ਮੈਂ ਕਦੇ ਕਿਸੇ ਮਿੱਤਰ ਮੁੰਡੇ ਨਾਲ ਇਕੱਲੀ ਕੌਫੀ ਹਾਊਸ ਜਾਂ ਰੈਸਤੋਰਾਂ ਵਿਚ ਨਹੀਂ ਜਾਵਾਂਗੀ ਤੇ ਜੇ ਜਾਣਾ ਹੀ ਪੈ ਜਾਵੇ ਤਾਂ ਉਸ ਨਾਲ ਸ਼ਰ੍ਹੇਆਮ ਹੀ ਬੈਠਾਂਗੀ ਨਾ ਕਿ ਫੈਮਿਲੀ ਰੂਮ ਜਾਂ ਕੈਬਿਨ ਵਿਚ। ਦੂਜਾ _ਕਿਸੇ ਵੀ ਦੋਸਤ ਨਾਲ ਸਿਨਮਾ ਵੇਖਣ ਨਹੀਂ ਜਾਵਾਂਗੀ ਤੇ ਤੀਜਾ_ ਕਦੇ ਕਿਸੇ ਛੜੇ ਮਿੱਤਰ ਨਾਲ ਆਪਣੇ ਜਾਂ ਉਸ ਦੇ ਘਰ ਇਕੱਲੀ ਨਹੀਂ ਬੈਠਾਂਗੀ ਤੇ ਜੇ ਰੱਬ-ਸਬੱਬੀ ਬਹਿਣਾ ਹੀ ਪੈ ਜਾਵੇ ਤਾਂ ਪਹਿਲਾਂ ਪੱਕੇ ਤੌਰ 'ਤੇ ਵੇਖ ਲਾਂ ਗੀ ਕਿ ਉਸ ਕਮਰੇ ਦੇ ਬੂਹੇ-ਬਾਰੀਆਂ ਤੇ ਪਰਦੇ ਖੁਲ੍ਹੇ ਹੋਣ। ਮੇਰੀ ਐਮ.ਏ. ਦੀ ਜਮਾਤ ਵਿਚ ਇੱਕੀ ਮੁੰਡੇ ਸਨ ਤੇ ਮੈਂ ਇਕੱਲੀ ਕੁੜੀ। ਅਕਸਰ ਮਿੱਤਰਾਂ ਦੇ ਝੁੰਡਾਂ ਵਿਚ ਘਿਰੀ ਰਹਿੰਦੀ ਪਰ ਇਹਨਾਂ ਵਾਹਿਦਿਆਂ ਦਾ ਉਲੰਘਣ ਮੈਂ ਕਦੇ ਵੀ ਨਾ ਹੋਣ ਦਿੱਤਾ। ਸਵਰਨ ਨੇ ਵੀ ਮੇਰੀਆਂ ਇਹਨਾਂ ਤਿੰਨਾਂ ਸ਼ਰਤਾਂ ਦੀ ਸਦਾ ਇੱਜ਼ਤ ਕੀਤੀ ਸੀ। ਤੇ ਅੱਜ ਮੈਂ ਗਾਰਗੀ ਨਾਲ ਬੈਠੀ ਸਾਂ, ਉਸ ਦੇ ਘਰ ਵਿਚ, ਉਸ ਨਾਲ ਇਕੱਲੀ ਤੇ ਬਾਹਰ ਤਾਲਾ ਸੀ। ਆਪਣੀ ਪਰੇਸ਼ਾਨੀ ਵਜੋਂ ਜਦੋਂ ਮੈਂ ਗਾਰਗੀ ਨੂੰ ਵੀਰ ਜੀ ਨਾਲ ਕੀਤੇ ਵਾਹਿਦਿਆਂ ਬਾਰੇ ਦੱਸਿਆ ਤਾਂ ਉਹ ਬੜਾ ਖੁਲ੍ਹ ਕੇ ਹੱਸਿਆ ਤੇ ਫਿਰ ਬੋਲਿਆ:

-ਜਿਸ ਮਕਸਦ ਲਈ ਤੇਰੇ ਭਰਾ ਨੇ ਤੈਥੋਂ ਇਹ ਪ੍ਰਣ ਲਏ ਹਨ ਉਸ ਦੀ ਉਲੰਘਣਾ ਬਿਲਕੁਲ



ਨਹੀਂ ਹੋਵੇਗੀ। ਤੂੰ ਮੇਰੇ ਵਿਚ ਭਰੋਸਾ ਰੱਖ।' ਉਸ ਦੀ ਹੱਥ-ਘੁੱਟਣੀ ਵਿਚ ਨਿੱਘ ਸੀ ਤੇ ਅੱਖਾਂ ਵਿਚ ਸਪਸ਼ਟ ਆਦਰ ਤੇ ਮੋਹ। ਉਸ ਦੀ ਸੁਹਿਰਦਤਾ ਮੇਰੇ ਦਿਲ ਨੂੰ ਛੋਹ ਗਈ। ਮੈਂ ਸਹਿਜ ਹੋ ਗਈ। 'ਚੰਗੀਆਂ ਕੁੜੀਆਂ ਰਾਹ ਜਾਂਦਿਆਂ ਕਦੇ ਪਿਛੇ ਪਰਤਕੇ ਨਹੀਂ ਵੇਖਦੀਆਂ ਤੇ ਨਾ ਹੀ ਆਪ ਪਹਿਲ ਕਰਕੇ ਕਿਸੇ ਮੁੰਡੇ ਨੂੰ ਬੁਲਾਂਦੀਆਂ ਹਨ'- ਵੀਰ ਜੀ ਮੈਨੂੰ ਸਮਝਾਇਆ ਕਰਦੇ ਸਨ। ਗਾਰਗੀ ਨਾਲ ਮੈਂ ਪਹਿਲ ਕੀਤੀ ਸੀ। ਆਪੇ ਫੋਨ ਕੀਤੇ ਤੇ ਆਪੇ ਹੀ ਉਸ ਦੇ ਘਰ ਮਿਲਣ ਤੁਰ ਗਈ। 'ਉਸ ਉਤੇ ਮੇਰਾ ਪਹਿਲਾ ਪ੍ਰਭਾਵ ਪਤਾ ਨਹੀਂ ਕਿੰਝ ਦਾ ਪਿਆ ਹੋਣੈ? ਉਹ ਮੈਨੂੰ ਚੰਗੀ ਕੁੜੀ ਨਹੀਂ ਸਮਝਦਾ ਹੋਣਾ।' ਮੈਂ ਮਨ ਹੀ ਮਨ ਸੋਚ ਹੀ ਰਹੀ ਸਾਂ ਕਿ 'ਤੂੰ ਸੋਫਿਸਟੀਕੇਟਿਡ ਏਂ' ਗਾਰਗੀ ਦੇ ਕਹਿਣ 'ਤੇ ਮੈਂ ਤ੍ਰਭਕੀ। 'ਇਹ ਤਾਂ ਕੋਈ ਜਾਣੀ ਜਾਣ ਜਾਪਦੈ। ਵੀਰ ਜੀ ਨਾਲੋਂ ਵੀ ਵੱਧ ਪੈਨੀ ਦ੍ਰਿਸ਼ਟੀ ਰੱਖਣ ਵਾਲਾ ਮਨ ਆਈਆਂ ਬੁੱਝਣ ਵਾਲਾ' ਮੈਂ ਸੋਚ ਰਹੀ ਸਾਂ। ਮੈਨੂੰ 'ਸੋਫਿਸਟਿਕੇਟਿਡ' ਸ਼ਬਦ ਦੇ ਸਹੀ ਅਰਥਾਂ ਬਾਰੇ ਨਹੀਂ ਸੀ ਪਤਾ। ਮੇਰੀ ਸਮਝ ਮੁਤਾਬਕ ਇਸ ਦਾ ਮਤਲਬ ਆਧੁਨਿਕ ਜਾਂ ਫੈਸ਼ਨਦਾਰ ਸੀ। ਪਰ ਮੈਂ ਤਾਂ ਗਾਰਗੀ ਨਾਲ ਬੈਠੀਆਂ ਉਹਨਾਂ ਕੁੜੀਆਂ ਸਾਹਵੇਂ ਬਹੁਤ ਸਾਦੀ ਸਾਂ। ਉਹ ਮੇਰੀ ਸਿਫਤ ਕਰ ਰਿਹਾ ਸੀ ਜਾਂ ਐਵੇਂ ਫੂਕ ਦੇ ਰਿਹਾ, ਮੈਨੂੰ ਸਮਝ ਨਹੀਂ ਸੀ ਆ ਰਹੀ।ਮੈਨੂੰ ਯਾਦ ਹੈ ਕਿ ਉਸ ਮਿਲਣੀ ਮਗਰੋਂ ਘਰ ਪੁੱਜਦਿਆਂ ਹੀ ਮੈਂ ਡਿਕਸ਼ਨਰੀ ਖੁਹਲਕੇ ਇਸ ਸ਼ਬਦ ਦੇ ਅਰਥ ਲੱਭਣ ਲੱਗ ਪਈ ਸਾਂ। ਮੇਰੇ ਲਈ ਇਸ ਲਫ਼ਜ਼ ਨਾਲ ਗਾਰਗੀ ਦੀ ਸਾਂਝ ਸਦਾ ਬਣੀ ਰਹੀ।

ਗੱਲਾਂ ਦਾ ਪ੍ਰਸੰਗ ਕਿਧਰੋਂ ਕਿਧਰ ਜਾਂਦਾ ਰਿਹਾ, ਏਨੇ ਸਮੇਂ ਬਾਦ ਮੇਰੇ ਲਈ ਯਾਦ ਕਰਨਾ ਔਖਾ ਹੈ ਪਰ ਗੱਲਾਂ ਕਾਫ਼ੀ ਚੇਤੇ ਹਨ- ਹੂ-ਬ-ਹੂ, ਇੰਨ-ਬਿੰਨ।

- ਹਰ ਬੰਦੇ ਦੇ ਚਿਹਰੇ ਉਤੇ ਕੋਈ ਇਕ ਖਾਸ ਨਕਸ਼ ਸਾਰਿਆਂ ਨਾਲੋਂ ਵਧੇਰੇ ਆਕਰਸ਼ਕ ਹੁੰਦਾ ਹੈ, ਉਸ ਦਾ ਕੇਂਦਰ ਬਿੰਦੂ' ਗਾਰਗੀ ਨੇ ਕਿਹਾ ਸੀ।

-ਮੇਰਾ ਕਿਹੜੈ?'

-ਹੋਠ। ਪਰ ਜੇ ਤੂੰ ਐਨਕ ਲਾਹ ਦੇਵੇਂ ਤਾਂ ਤੇਰੀਆਂ ਅੱਖਾਂ ਵੀ ਬੜੀਆਂ ਸੁਹਣੀਆਂ ਲੱਗਣ।' ਉਸ ਮੇਰੀ ਐਨਕ ਨੂੰ ਲਾਹ ਕੇ ਮੇਜ਼ ਉਤੇ ਰੱਖਦਿਆਂ ਕਿਹਾ। ਮੈਨੂੰ ਆਪਣੀਆਂ ਅੱਖਾਂ ਕਦੇ ਵੀ ਸੁਹਣੀਆਂ ਨਹੀਂ ਸਨ ਲੱਗੀਆਂ। ਨਿੱਕੀਆਂ, ਡੂੰਘੀਆਂ, ਸਿੱਧੇ ਭਰਵੱਟੇ ਤੇ ਪਲਕਾਂ ਵੀ ਵਿਰਲੀਆਂ ਵਿਰਲੀਆਂ। ਮੇਰੀ ਦੂਰ ਦੀ ਨਜ਼ਰ ਕਮਜ਼ੋਰ ਸੀ। ਤੇਰ੍ਹਾਂ ਸਾਲਾਂ ਦੀ ਉਮਰ ਤੋਂ ਮੈਂ ਐਨਕ ਲਗਾ ਰਹੀ ਸਾਂ। ਮੇਰੀਆਂ ਐਨਕਾਂ ਦਾ ਨੰਬਰ ਮਨਫ਼ੀ ਚਾਰ ਸੀ। ਤਿੰਨ ਚਾਰ ਫੁੱਟ ਦੀ ਦੂਰੀ ਤੋਂ ਵੀ ਬੰਦੇ ਦਾ ਚਿਹਰਾ ਧੁੰਦਲਾ ਧੁੰਦਲਾ ਨਜ਼ਰ ਆਉਂਦਾ ਸੀ। ਮੈਂ ਹਰ ਵੇਲੇ ਚਸ਼ਮਾ ਚੜ੍ਹਾਈ ਰੱਖਦੀ ਸਾਂ, ਕਈ ਵੇਰਾਂ ਤਾਂ ਸੁੱਤਿਆਂ ਵੀ । ਐਨਕ ਬਗੈਰ ਮੈਨੂੰ ਆਪਣਾ ਚਿਹਰਾ ਏਨਾ ਕੋਝਾ ਲਗਦਾ ਸੀ ਕਿ ਬਿਨਾ ਐਨਕ ਦੇ ਕਦੇ ਕਿਸੇ ਦੇ ਸਾਹਮਣੇ ਨਹੀਂ ਸਾਂ ਹੁੰਦੀ। ਤੇ ਗਾਰਗੀ ਮੇਰੀਆਂ ਉਹਨਾ ਹੀ ਅੱਖਾਂ ਦੀ ਸਿਫ਼ਤ ਕਰ ਰਿਹਾ ਸੀ। ਮੇਰੇ ਲਈ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਸੀ ਭਲਾ?

-ਤੂੰ ਐਵੇਂ ਹੀ ਖੋਪੇ ਚੜ੍ਹਾ ਕੇ ਅੱਖਾਂ ਨੂੰ ਬੇਰੰਗ ਕੀਤਾ ਹੋਇਆ ਹੈ। ਵੇਖ ਤੇਰੀ ਨੱਕ ਦੀ ਘੋੜੀ ਉਤੇ ਪੱਕਾ ਐਨਕ ਦਾ ਨਿਸ਼ਾਨ ਪੈ ਗਿਆ ਹੈ। ਜੇ ਤੇਰੀ ਦੂਰ ਦੀ ਨਜ਼ਰ ਕਮਜ਼ੋਰ ਹੈ ਤਾਂ ਫਿਰ ਨੇੜਿਉਂ ਵੇਖਣ ਲਈ ਐਨਕ ਦੀ ਕੀ ਲੋੜ? ਤੂੰ ਐਨਕ ਸਿਰਫ ਘਰੋਂ ਬਾਹਰ ਜਾਣ ਲਈ ਲਗਾਇਆ ਕਰ ਤੇ ਖਾਸ ਕਰਕੇ ਰਾਤ ਨੂੰ। ਐਨਕ ਵਾਲੀ ਕੁੜੀ ਦਾ ਰਾਤੀਂ ਮੁੰਡੇ ਪਿੱਛਾ ਨਹੀਂ ਕਰਦੇ। ਨਾਲੇ ਹਰ ਵੇਲੇ ਚਸ਼ਮਾ ਚੜ੍ਹਾਈ ਰੱਖਣ ਨਾਲ ਅੱਖਾਂ ਨੂੰ ਬਿਨਾ ਐਨਕ ਦੇ ਵੇਖਣ ਦੀ ਆਦਤ ਹੀ ਨਹੀਂ ਰਹਿੰਦੀ।'

ਵੀਰ ਜੀ ਦੀ ਨਜ਼ਰ ਮੇਰੇ ਤੋਂ ਵੀ ਜ਼ਿਆਦਾ ਕਮਜ਼ੋਰ ਸੀ। ਉਹ ਤਾਂ ਆਪ ਐਨਕ ਦੇ ਮੁਥਾਜ

ਸਨ। ਓਦੋਂ ਦੇ ਡਾਕਟਰਾਂ ਦੀ ਨਸੀਹਤ ਮੁਤਾਬਕ ਉਹ ਵੀ ਮੈਨੂੰ ਲਗਾਤਾਰ ਐਨਕ ਲਗਾਈ ਰੱਖਣ 'ਤੇ ਜ਼ੋਰ ਦੇਂਦੇ ਸਨ। ਇਸ ਮਾਮਲੇ ਵਿਚ ਵੀ ਮੈਨੂੰ ਗਾਰਗੀ ਵੀਰ ਜੀ ਤੋਂ ਵਧੇਰੇ ਪ੍ਰੌੜ ਲੱਗਾ। ਉਸ ਦੀ ਗੱਲ ਦਾ ਮੇਰੇ ਉਤੇ ਅਜਿਹਾ ਅਸਰ ਹੋਇਆ ਕਿ ਉਸ ਦਿਨ ਤੋਂ ਬਾਦ ਸੱਚ ਮੁੱਚ ਹੀ ਮੈਂ ਘਰ ਵਿਚ ਐਨਕ ਲਗਾਣੀ ਛੱਡ ਦਿੱਤੀ ਤੇ ਅੱਖਾਂ ਦੀ ਸਿਹਤ ਦਾ ਖਾਸ ਖਿਆਲ ਰੱਖਣ ਲੱਗੀ। ਦਿਨੇ ਬਾਰ ਬਾਰ ਠੰਢੇ ਪਾਣੀ ਦੇ ਛਟੈ ਮਾਰਦੀ,ਰਾਤੀਂ ਅੱਖਾਂ ਵਿਚ ਗੁਲਾਬ ਜਲ ਦੀਆਂ ਬੂੰਦਾਂ ਪਾ ਕੇ ਸੌਂਦੀ, ਅੱਖਾਂ ਦੀ ਵਰਜ਼ਿਸ਼ ਕਰਦੀ, ਜਿਥੇ ਵੀ ਅੱਖਾਂ ਦੀ ਸਿਹਤ ਤੇ ਸੰਭਾਲ ਲਈ ਕੋਈ ਟੋਟਕਾ ਲਿਖਿਆ ਮਿਲਦਾ, ਕਾਤਰਾਂ ਸੰਭਾਲ ਲੈਂਦੀ ਤੇ ਉਹਨਾਂ ਉਤੇ ਅਮਲ ਕਰਦੀ। ਗਾਰਗੀ ਨੇ ਮੇਰੀਆਂ ਅੱਖਾਂ ਦੀ ਸਿਫ਼ਤ ਕੀ ਕਰ ਦਿੱਤੀ ਸੀ ਕਿ ਮੈਨੂੰ ਆਪਣੀਆਂ ਅੱਖਾਂ ਨੂੰ ਆਕਰਸ਼ਕ ਬਨਾਣ ਦਾ ਮਾਨੋਂ ਖਪਤ ਜਿਹਾ ਹੀ ਹੋ ਗਿਆ। ਛੇਤੀ ਹੀ ਮੇਰੀਆਂ ਅੱਖਾਂ ਦੀ ਚਮਕ ਮੁੜ ਕਾਇਮ ਹੋ ਗਈ ਤੇ ਮੈਨੂੰ ਆਪਣਾ ਚਿਹਰਾ ਬਗੈਰ ਐਨਕ ਦੇ ਵੀ ਚੰਗਾ ਲੱਗਣ ਲੱਗ ਪਿਆ। ਵਿਆਹੁਤਾ ਜ਼ਿੰਦਗੀ ਦੌਰਾਨ ਜ਼ਿਆਦਾ ਕਰਕੇ ਘਰ ਵਿਚ ਹੀ ਰਹਿਣ ਕਾਰਣ (ਤੇ ਘਰ ਵਿਚ ਰਹਿੰਦਿਆਂ ਗਾਰਗੀ ਦੀ ਹਿਦਾਇਤ ਮੁਜਬ ਬਿਨਾਂ ਐਨਕ ਦੇ ਰਹਿਣ ਕਾਰਣ) ਅਤੇ ਚਾਲੀਵੇਂ ਵਰ੍ਹੇ ਤੋਂ ਯੋਗ ਅਭਿਆਸ ਵਿਚ ਵੀ ਪੈ ਜਾਣ ਕਾਰਣ ਅੱਜ ਪੰਜਾਹਵਿਆਂ ਦੇ ਗੇੜ ਵਿਚ ਮੇਰੀ ਨਜ਼ਰ ਚੰਗੀ ਭਲੀ ਹੈ, ਨੇੜੇ ਦੀ ਵੀ ਤੇ ਦੂਰ ਦੀ ਵੀ। 'ਤੇ ਛੋਟੀਆਂ ਹੋਣ ਦੇ ਬਾਵਜੂਦ ਮੈਨੂੰ ਆਪਣੀਆਂ ਅੱਖਾਂ ਕੋਝੀਆਂ ਨਹੀਂ ਲੱਗਦੀਆਂ।

-ਇਹ ਸਕਾਰਫ਼ ਤੇਰੀ ਸਾਹੜੀ ਨਾਲ ਮੈਚ ਨਹੀਂ ਕਰਦਾ' ਮੇਰਾ ਸਕਾਰਫ ਸੁੱਕ ਗਿਆ ਸੀ। ਉਸ ਤਹਿ ਕਰਕੇ ਮੇਰੇ ਪਰਸ ਵਿਚ ਪਾਉਂਦਿਆਂ ਕਿਹਾ। ਉਹ ਸਾਹੜੀ ਵੀਰ ਜੀ ਨੇ ਨਿਊਯਾਰਕ ਤੋਂ ਭੇਜੀ ਸੀ। ਗੁਲਾਬੀ ਸ਼ਿਫੋਨ ਉਤੇ ਕਾਲੀਆਂ ਟਿੱਪੀਆਂ ਅਤੇ ਕਾਲਾ ਹੀ ਮਖ਼ਮਲੀ ਬਾਰਡਰ।

-ਤੇਰੀ ਸਾਹੜੀ ਬਹੁਤ ਸੁਹਣੀ ਹੈ ਪਰ ਇਸ ਨਾਲ ਇਹ ਅਸਮਾਨੀ ਸਕਾਰਫ਼ ਮੇਲ ਨਹੀਂ ਖਾਂਦਾ। ਤੈਨੂੰ ਕਾਲਾ ਜਾਂ ਗੁਲਾਬੀ ਸਕਾਰਫ ਬੰਨ੍ਹਣਾ ਚਾਹੀਦਾ ਸੀ ਤੇ ਕੋਟ ਵੀ ਕਾਲਾ ਹੀ।'

- ਪਰ ਸਕਾਰਫ਼ ਕੋਈ ਦਰਜਨਾਂ ਖਰੀਦੇ ਜਾਂਦੇ ਨੇ? ਮੇਰੇ ਕੋਲ ਤਾਂ ਇਹੋ ਇਕੋ ਇਕ ਸਕਾਰਫ ਹੈ ਤੇ ਇਹ ਵੀ ਵੀਰ ਜੀ ਨੇ ਹੀ ਬਾਹਰੋਂ ਭੇਜਿਆ ਸੀ।'

ਓਦੋਂ ਕੋਈ ਵਿਰਲੀ ਕੁੜੀ ਹੀ ਕੋਟ ਖਰੀਦਣ ਦੀ ਤੌਫ਼ੀਕ ਰੱਖਦੀ ਸੀ। ਹਾਈਂ ਮਾਈਂ ਦੇ ਵਿਤ ਤੋਂ ਬਾਹਰ ਸੀ। ਮੈਨੂੰ ਯਾਦ ਹੈ ਕਿ ਮੈਂ ਇਕ ਮਹੀਨੇ ਦੀ ਪੂਰੀ ਤਨਖਾਹ ਨਾਲ ਉਹ ਲਾਲ ਇਮਲੀ ਦਾ ਕੋਟ ਬਣਾਇਆ ਸੀ। ਆਪਣੇ ਹਿਸਾਬ ਨਾਲ ਮੈਂ ਬੜੀ ਸਜ-ਧਜ ਕੇ ਗਈ ਸਾਂ, ਖਾਸ ਉਚੇਚ ਕਰਕੇ। ਪੁਸ਼ਾਕ ਨਾਲ ਢੁਕਵੇਂ ਚਾਂਦੀ ਵਿਚ ਮੜ੍ਹੇ ਹੋਏ ਕਸ਼ਮੀਰੀ ਕਾਲੇ ਪੱਥਰਾਂ ਦੀ ਗਾਨੀ ਤੇ ਬੁੰਦੇ, ਪੈਂਸਿਲ ਨੁਮਾ ਅੱਡੀ ਵਾਲੀ ਕਾਲੀ ਗੁਰਗਾਬੀ, ਮੋਢਿਆਂ ਉਤੇ ਝੂਲਦੀਆਂ ਭਾਰੀਆਂ ਭਾਰੀਆਂ ਦੋ ਗੁੱਤਾਂ ਤੇ ਮੱਥੇ ਉਤੇ ਘੁੰਗਰਾਲੀ ਲਿਟ। ਤੇ ਫੇਰ ਵੀ ਗਾਰਗੀ ਮੇਰੀਆਂ ਗਲਤੀਆਂ ਕੱਢ ਰਿਹਾ ਸੀ। ਉਹ ਜਿਉਂ ਜਿਉਂ ਮੇਰੇ ਨੁਕਸ ਕੱਢਦਾ, ਮੈਨੂੰ ਹੋਰ ਵੀ ਚੰਗਾ ਲੱਗਦਾ।

-ਇਹ ਦੋਸ਼ ਕੇਵਲ ਤੇਰੇ ਵਿਚ ਹੀ ਨਹੀਂ, ਸਾਡੀਆਂ ਕੁੜੀਆਂ ਵਿਚ ਰੰਗਾਂ ਦੀ ਸਮਝ ਬਹੁਤ ਘੱਟ ਹੈ। ਅੰਮ੍ਰਿਤਾ ਪ੍ਰੀਤਮ ਵਿਚ ਵੀ ਨਹੀਂ।'

-ਸੁਣਦੀ ਹਾਂ ਤੁਸੀਂ ਅੰਮ੍ਰਿਤਾ ਦੇ ਬਹੁਤ ਨੇੜੇ ਹੋ। ਉਹ ਬੰਬਈਉਂ ਵਾਪਸ ਆ ਕੇ ਤੁਹਾਡੇ ਹੀ ਘਰ ਵਿਚ ਰਹੀ ਸੀ ਨਾ।' ਮੈਥੋਂ ਕਹਿ ਹੋ ਗਿਆ।

ਨਾ ਹਾਂ ਤੇ ਨਾ ਨਾਂਹ। ਗਾਰਗੀ ਕੇਵਲ ਮੁਸਕਰਾਇਆ। ਮੈਂ ਸਮਝ ਗਈ ਕਿ ਮੈਨੂੰ ਇਹ ਸਵਾਲ



ਨਹੀਂ ਸੀ ਕਰਨਾ ਚਾਹੀਦਾ। ਵੀਰ ਜੀ ਵੀ ਏਸੇ ਤਰ੍ਹਾਂ ਹੀ ਆਪਣੀ ਪਸੰਦਗੀ ਜਾਂ ਨਾ ਪਸੰਦਗੀ ਦਸਿਆ ਕਰਦੇ ਸਨ। ਅੰਡਾਕਾਰ ਚਿਹਰਾ, ਗੰਦਮੀ ਰੰਗ, ਚਮਕਦੇ ਚਿੱਟੇ ਦੰਦ, ਤੀਖਣ ਅੱਖਾਂ, ਪ੍ਰਸ਼ੰਸਾਤਮਕ ਮੁਸਕਰਾਹਟ, ਖਲੂਸ, ਸਲੀਕਾ ਤੇ ਬੁਧੀਜੀਵੀਪਣ_ਮੈਨੂੰ ਗਾਰਗੀ ਵਿਚ ਬੜਾ ਕੁਝ ਵੀਰ ਜੀ ਵਰਗਾ ਲੱਗ ਰਿਹਾ ਸੀ।

-ਤੁਸੀਂ ਮੇਰੇ ਵੀਰ ਜੀ ਨਾਲ ਬਹੁਤ ਮਿਲਦੇ ਹੋ।'

- ਤੈਨੂੰ ਤੇਰੇ ਵੀਰ ਜੀ ਬਹੁਤ ਚੰਗੇ ਲੱਗਦੇ ਹਨ?

-ਹਾਂ ਬਹੁਤ ! ਮੈਂ ਜੋ ਕੁਝ ਵੀ ਹਾਂ, ਉਹਨਾਂ ਸਦਕੇ ਹੀ ਹਾਂ। ਉਹ ਮੇਰੇ ਮਿੱਤਰ ਵੀ ਹਨ, ਗੁਰੂ ਵੀ ਤੇ ਗਾਈਡ ਵੀ। ਮੈਂ ਉਹਨਾਂ ਕੋਲੋਂ ਕਦੇ ਕੁਝ ਨਹੀਂ ਲੁਕਾਇਆ।'

-ਫੇਰ ਤਾਂ ਤੂੰ ਉਹਨਾਂ ਨੂੰ ਇਸ ਮੁਲਾਕਾਤ ਬਾਰੇ ਵੀ ਜ਼ਰੂਰ ਦੱਸੇਂਗੀ।'

- ਹਾਂ, ਜ਼ਰੂਰ.'।

- ਮੇਰੇ ਖਿਆਲ ਵਿਚ ਤੈਨੂੰ ਨਹੀਂ ਦੱਸਣਾ ਚਾਹੀਦਾ।'

-ਕਿਉਂ?'

- ਇਹ ਤੇਰੇ ਹਿਤ ਵਿਚ ਨਹੀਂ ਹੋਵੇਗਾ।'

ਹੁਣ ਤਕ ਬਰਕਰਾਰ ਰੱਖੇ ਇਕਰਾਰਾਂ ਨੂੰ ਤੋੜਨ ਦਾ ਹਾਦਸਾ ਮੈਂ ਜਦ ਤਕ ਵੀਰ ਜੀ ਨੂੰ ਦੱਸ ਨਾ ਲੈਂਦੀ ਕੀਕੂੰ ਚੈਨ ਲੈਂਦੀ? ਵੀਰ ਜੀ ਅਮਰੀਕਾ ਤੋਂ ਵਾਪਸ ਆ ਚੁੱਕੇ ਸਨ। ਉਹ ਦਿੱਲੀ ਵਿਖੇ ਡਿਫੈਂਸ ਵਿਭਾਗ ਦੇ ਖੋਜ ਮਹਿਕਮੇ ਦੇ ਮੁੱਖ ਅਧਿਕਾਰੀ ਦੇ ਤੌਰ 'ਤੇ ਨਿਯੁਕਤ ਹੋਏ ਸਨ। ਗਾਰਗੀ ਨਾਲ ਹੋਈ ਮੁਲਾਕਾਤ ਦਾ ਪੂਰਾ ਵੇਰਵਾ ਮੈਂ ਓਸੇ ਸ਼ਾਮ ਵੀਰ ਜੀ ਨੂੰ ਦੇ ਕੇ ਹੀ ਸੁਰਖਰੂ ਹੋ ਸਕੀ।

-ਹੁਣ ਤੂੰ ਸਿਆਣੀ ਹੋ ਗਈ ਏਂ ਤੇ ਆਪਣਾ ਨਫ਼ਾ-ਨੁਕਸਾਨ ਸਮਝਦੀ ਏਂ। ਹੁਣ ਮੈਂ ਤੈਨੂੰ ਇਹਨਾਂ ਵਾਹਦਿਆਂ ਤੋਂ ਮੁਕਤ ਕਰਦਾ ਹਾਂ।' ਵੀਰ ਜੀ ਨੇ ਕਿਹਾ ਸੀ। ਪਰ ਸੱਚ ਤਾਂ ਇਹ ਹੈ ਕਿ ਇਹ ਵਾਹਿਦੇ ਮੇਰੇ ਜੀਵਨ ਵਿਚ ਅਜਿਹੇ ਘੁਲ-ਮਿਲ ਗਏ ਕਿ ਵੀਰ ਜੀ ਵੱਲੋਂ ਮੁਕਤ ਹੋ ਕੇ ਵੀ ਮੈਂ ਇਹਨਾਂ ਦੀ ਜਕੜ ਵਿਚੋਂ ਕਦੇ ਨਾ ਨਿਕਲ ਸਕੀ।

-ਕੀ ਸੱਚਮੁੱਚ ਹੀ ਤੁਹਾਡੀਆਂ ਬਹੁਤ ਸਹੇਲੀਆਂ ਨੇ? ਰਸੋਈ ਵਿਚ ਖੜੋਤਿਆਂ ਜਦੋਂ ਗਾਰਗੀ ਆਪਣੇ ਵਲੈਤੀ ਚੁਲ੍ਹੇ ਦਾ ਇਸਤੇਮਾਲ ਮੈਨੂੰ ਸਮਝਾ ਰਿਹਾ ਸੀ ਤਾਂ ਮੈਂ ਪੁਛਿਆ।

-ਹਾਂ ਬਹੁਤ।'

ਪਰ ਪਿਆਰ ਤਾਂ ਇਕੋ ਨਾਲ ਹੀ ਹੁੰਦਾ ਹੈ ਨਾ। ਸੱਚੋ ਸੱਚ ਦਸੋ ਤੁਹਾਡੀ ਪ੍ਰੇਮਕਾ ਕੌਣ ਹੈ?' ਮੈਨੂੰ ਯਾਦ ਹੈ ਮੈਂ ਜ਼ੋਰ ਦੇ ਕੇ ਪੁਛਿਆ ਸੀ।

- ਅਚਲਾ ਸਚਦੇਵ' ਆਖ ਉਹ ਮੁਸਕਰਾਇਆ।

ਅਚਲਾ ਸਚਦੇਵ ਨੂੰ ਉਸ ਤੋਂ ਕੁਝ ਸਾਲ ਪਹਿਲਾਂ ਮੈਂ ਇਪਟਾ ਦੀ ਕਾਨਫਰੰਸ ਵਿਖੇ ਮਿਲੀ ਸਾਂ। ਉਹਨੇ ਉਥੇ ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਮੰਚੀਕਰਣ ਕੀਤਾ ਸੀ, ਜਿਸਤੋਂ ਪ੍ਰਭਾਵਿਤ ਹੋ ਕੇ ਬਾਦ ਵਿਚ ਮੈਂ ਵੀ ਦਿੱਲੀ ਯੂਨੀਵਰਸਿਟੀ ਦੇ ਸਟੇਜ ਉਤੇ ਓਵੇਂ ਦਾ ਓਵੇਂ ਖੇਡ ਦਿੱਤਾ ਸੀ। ਭਰਵਾਂ ਜਿਸਮ, ਮੋਟੇ ਨਕਸ਼, ਚਿੱਟੇ ਦੰਦ ਤੇ ਖੁਲ੍ਹਾ ਵਾਤ, ਉਸ ਦਾ ਅਕਸ ਅੱਖਾਂ ਸਾਹਵੇਂ ਆਉਂਦਿਆਂ

ਹੀ ਮੈਂ ਮਹਿਸੂਸ ਕੀਤਾ ਕਿ ਗਾਰਗੀ ਤੇ ਅਚਲਾ ਦੇ ਨਕਸ਼ਾਂ, ਮੁਹਾਂਦਰਿਆਂ ਤੇ ਹਾਵਾਂ-ਭਾਵਾਂ ਵਿਚ ਬੜੀ ਸਮਾਨਤਾ ਹੈ। ਗਾਰਗੀ ਦੇ ਹੋਠਾਂ ਉਪਰ ਮੈਨੂੰ ਅਚਲਾ ਮੁਸਕਰਾਂਦੀ ਜਾਪੀ। ਗਾਰਗੀ ਦਾ ਨਿਰਦੇਸ਼ਿਤ ਕੀਤਾ ਹੋਇਆ ਮੈਂ ਕਦੇ ਕੋਈ ਨਾਟਕ ਨਹੀਂ ਵੇਖਿਆ ਤੇ ਨਾ ਹੀ ਉਸਦੀਆਂ ਪ੍ਰਵਾਨਿਤ ਅਦਾਕਾਰਾਂ ਬਾਰੇ ਮੈਨੂੰ ਕੁਝ ਪਤਾ ਹੈ। ਪਰ ਪਤਾ ਨਹੀਂ ਕਿਉਂ ਮੈਨੂੰ ਹਮੇਸ਼ਾਂ ਇੰਝ ਮਹਿਸੂਸ ਹੁੰਦਾ ਰਿਹਾ ਹੈ ਕਿ ਗਾਰਗੀ ਦੇ ਨਾਟਕਾਂ ਦੀਆਂ ਨਾਇਕਾਵਾਂ ਜ਼ਰੂਰ ਭਰੀਆਂ ਭਰੀਆਂ ਹੋਣਗੀਆਂ। ਉਹਨਾਂ ਦੇ ਨਕਸ਼ ਮੋਟੇ ਹੋਣਗੇ ਤੇ ਦੰਦ ਸੁਹਣੇ। ਉਹਨਾਂ ਦੀਆਂ ਛਾਤੀਆਂ ਭਾਰੀਆਂ ਹੋਣਗੀਆਂ। ਉਹ ਜੀਉਂਦੀਆਂ ਲਾਟਾਂ ਹੋਣਗੀਆਂ, ਬਲਦੀਆਂ ਮਿਸ਼ਾਲਾਂ.! ਅਜਿਹੀਆਂ ਔਰਤਾਂ ਨਾਲ ਮੇਰੀ ਕੋਈ ਸਮਾਨਤਾ ਨਹੀਂ। ਕੀ ਏਸੇ ਲਈ ਹੀ ਗਾਰਗੀ ਮੇਰੇ ਪ੍ਰਤੀ ਸੁਰੱਖਿਆ ਜਾਂ ਸਰਪ੍ਰਸਤੀ ਦੀ ਭਾਵਨਾ ਰੱਖਦਾ ਸੀ? ਇਹ ਵਿਚਾਰ ਮੈਨੂੰ ਅਕਸਰ ਆਉਂਦਾ ਰਿਹਾ ਹੈ।

ਕੁੜੀਆਂ ਬਾਰੇ ਗਾਰਗੀ ਦੀਆਂ ਕੁਝ ਵਿਸ਼ੇਸ਼ ਧਾਰਨਾਵਾਂ ਸਨ।

-ਕੁਝ ਕੁੜੀਆਂ ਮਾਵਾਂ ਹੁੰਦੀਆਂ ਹਨ, ਉਹ ਆਦਮੀ ਅੰਦਰਲੇ ਬੱਚੇ ਨੂੰ ਜਗਾਂਦੀਆਂ ਹਨ। ਉਹਨਾਂ ਦੀ ਗੋਦ ਵਿਚ ਸਿਰ ਰੱਖਕੇ ਸਕੂਨ ਮਿਲਦਾ ਹੈ। ਕੁਝ ਕੁੜੀਆਂ ਨਿਰੀ ਅੱਗ ਹੁੰਦੀਆਂ ਹਨ, ਲਟ ਲਟ ਬਲਦੀਆਂ, ਜਿੰਨ੍ਹਾਂ ਉਤੇ ਬੰਦਾ ਮਰ ਮਿਟ ਕੇ ਭਸਮ ਹੋਣ ਲਈ ਤੜਪਦਾ ਹੈ। ਤੇ ਕੁਝ ਡਰੀਆਂ ਡਰੀਆਂ, ਸਹਿਮੀਆਂ ਮਾਸੂਮ ਘੁੱਗੀਆਂ ਜਿਹੀਆਂ, ਜੋ ਮਰਦਾਂ ਵਿਚ ਸੁਰੱਖਿਆ ਦੀ ਭਾਵਨਾ ਉਤੇਜਿਤ ਕਰਦੀਆਂ ਹਨ। ਤੂੰ ਉਹਨਾਂ ਵਿਚੋਂ ਏਂ।' ਗਾਰਗੀ ਨੇ ਕਿਹਾ ਸੀ।

- ਤੂੰ ਹੁਣ ਤਕ ਕੀ ਲਿਖਿਆ ਹੈ?'

- ਨਜ਼ਮਾਂ ਕਹਾਣੀਆਂ।' ਤੇ ਮੈਂ ਗਾਰਗੀ ਨੂੰ ਆਪਣੀਆਂ ਪੋਠੋਹਾਰੀ ਨਜ਼ਮਾਂ ਤੋਂ ਇਲਾਵਾ ਇਕ ਨਵੀਂ ਲਿਖੀ ਨਜ਼ਮ 'ਲੋਹਿਓਂ ਪਾਰਸ' ਵੀ ਸੁਣਾਈ। ਗਾਰਗੀ ਅੱਖਾਂ ਬੰਦ ਕਰਕੇ ਬੜੀ ਇਕਾਗਰਤਾ ਨਾਲ ਸੁਣਦਾ ਰਿਹਾ, ਮੰਤਰ-ਮੁਗਧ। ਉਸ ਵਰਗਾ ਰਚਨਾ ਨਾਲ ਇਕ ਰਸ , ਇਕ ਸੁਰ ਹੁੰਦਾ ਸਰੋਤਾ ਮੈਂ ਮੁੜਕੇ ਕਦੇ ਨਹੀਂ ਡਿੱਠਾ।

ਦੁੰਹੀ ਹੱਥੀ ਸੂਰਜ ਦੱਘਦੇ, ਲੱਖ ਸੈ ਲਾਟਾਂ ਲਗੀਆਂ

ਸਹਿਸ ਦੀਪ ਗਲ ਜੋਤਾਂ ਲਗੀਆਂ, ਜੋਤ ਜੋਤ ਹੋ ਜਗੀਆਂ।

--- ਨਜ਼ਮ ਦੇ ਇਸ ਦੂਸਰੇ ਬੰਦ ਨੂੰ ਗਾਰਗੀ ਨੇ ਮੈਨੂੰ ਦੋ ਤਿੰਨ ਵਾਰ ਦੁਹਰਾਉਣ ਲਈ ਕਿਹਾ ਤੇ ਫਿਰ ਆਪ ਹੀ ਮੁੜ ਦੁਹਰਾਉਂਦੇ ਹੋਏ ਬੋਲਿਆ:

-ਏਥੇ 'ਦੱਘਦੇ' ਸ਼ਬਦ ਨਾਲ ਸਕਤਾ ਜਿਹਾ ਲੱਗਦਾ ਹੈ, ਜੇ ਇਸ ਦੀ ਥਾਂ ਤੇ ਦੁੰਹੀ ਹੱਥੀਂ ਸੂਰਜ 'ਜਗਦੇ' ਹੋ ਜਾਵੇ ਤਾਂ?' ਉਸ ਇਕ ਵੇਰਾਂ ਫੇਰ ਵੀਰ ਜੀ ਦੇ ਅੰਦਾਜ਼ ਵਿਚ ਸੁਝਾਅ ਦੇ ਕੇ ਮੈਨੂੰ ਹੱਕਾ-ਬੱਕਾ ਕਰ ਦਿੱਤਾ।

'ਲੋਹਿਓਂ ਪਾਰਸ' ਮੇਰੇ ਕਾਵਿ ਸੰਗ੍ਰਹਿ ਦੀ ਸ੍ਰੇਸ਼ਟ ਕਵਿਤਾ ਨਹੀਂ, ਫੇਰ ਵੀ ਮੈਂ ਆਪਣੀ ਪੁਸਤਕ ਦਾ ਨਾਂ 'ਲੋਹਿਓਂ ਪਾਰਸ' ਹੀ ਰੱਖਿਆ। ਕਿਉਂ?

ਉਸ ਮੁਲਾਕਾਤ ਦੌਰਾਨ ਗਾਰਗੀ ਨੇ ਮੈਨੂੰ ਆਪਣੀ ਨਵੀਂ ਛਪੀ ਪੁਸਤਕ "ਰੰਗ ਮੰਚ' ਵੀ ਭੇਟ ਕੀਤੀ। ਮੈਂ ਉਸਨੂੰ ਉਸ ਉਪਰ ਭੇਟਾ ਸ਼ਬਦਾਂ ਦੇ ਨਾਲ ਦਸਖਤ ਕਰਨ ਲਈ ਗੁਜ਼ਾਰਿਸ਼ ਕੀਤੀ।

-ਇਹ ਤੇਰੇ ਹਿਤ ਵਿਚ ਨਹੀਂ ਹੋਵੇਗਾ,' ਗਾਰਗੀ ਦਾ ਕਹਿਣਾ ਸੀ।



ਸ਼ਾਦੀ ਤੋਂ ਬਾਦ ਪਹਿਲੀ ਪੇਕੇ ਫੇਰੀ ਤੋਂ ਜਦੋਂ ਮੈਂ ਵਾਪਸ ਬੰਬਈ ਪਰਤੀ ਤਾਂ ਮੇਰੀ ਕਿਤਾਬਾਂ ਲੀ ਪੇਟੀ ਵਿਚੋਂ ਸਭ ਪੰਜਾਬੀ ਪੁਸਤਕ ਗਾਇਬ ਸਨ ਸਿਵਾਇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਤੇ 'ਰੰਗਮੰਚ' ਦੇ।

-ਐਵੇਂ ਵਾਧੂ ਗੰਦ ਪਿਆ ਹੋਇਆ ਸੀ, ਮੈਂ ਸਭ ਰੱਦੀ ਵਿਚ ਕੱਢ ਦਿੱਤੀਆਂ। ਮੇਰੇ ਪੁੱਛਣ ਉਤੇ ੀਤ ਨੇ ਦੱਸਿਆ। ਬਹੁਤ ਦੇਰ ਤਕ ਤਾਂ ਮੈਂ ਇਹੋ ਸਮਝਦੀ ਰਹੀ ਸਾਂ ਕਿ ਜੀਤ ਪੰਜਾਬੀ ਭਾਸ਼ਾ ਨੂੰ ਗੰਵਾਰਾਂ ੀ ਭਾਸ਼ਾ ਤੇ ਪੰਜਾਬੀ ਸਾਹਿਤ ਨੂੰ ਲੱਚਰ ਸਾਹਿਤ ਸਮਝਦਾ ਸੀ, ਏਸੇ ਲਈ ਉਸ ਨੇ ਮੇਰੀ ਪੰਜਾਬੀ ਾਇਬ੍ਰੇਰੀ ਖਤਮ ਕਰ ਦਿੱਤੀ ਹੋਵੇਗੀ। ਪਰ ਇਕ ਅਰਸੇ ਮਗਰੋਂ ਜਦੋਂ ਉਸ ਨੇ ਮੇਰੀ ਮੌਜੂਦਗੀ ਵਿਚ ੀ ਆਪਣੇ ਇਕ ਮਿੱਤਰ ਨੂੰ ਉਸ ਦੀ ਉਘੀ ਨਰਤਕੀ ਬੀਵੀ ਨੂੰ ਕਾਬੂ ਕਰਨ ਵਜੋਂ ਸਲਾਹ ਦਿੱਤੀ ਕਿ ਹ ਉਸ ਉਤੇ ਕੇਵਲ ਸਟੇਜ ਉਤੇ ਹੀ ਨੱਚਣ ਦੀ ਰੋਕ ਨਾ ਲਗਾਵੇ ਸਗੋਂ ਘਰ ਵਿਚ ਵੀ ਉਸ ਦਾ ੱਚਣਾ ਬੰਦ ਕਰ ਦਏ, ਸਾਜ਼ ਵੇਚ ਦਏ, ਘੁੰਗਰੂ ਸੁੱਟ ਦਏ, 'ਇਹਨਾਂ ਪੱਰਾਂ ਦੇ ਕੱਟਣ ਨਾਲ ਉਹ ਸਦਾ ਬੂ ਵਿਚ ਰਹੇਗੀ', ਤਾਂ ਮੈਨੂੰ ਉਸ ਦੇ ਇਸ ਕਰਮ ਪਿੱਛੇ ਲੁਕੀ ਭਾਵਨਾ ਦੀ ਸਾਰੀ ਸਮਝ ਆ ਗਈ। ਕਾ ਪਾ ਕੇ ਮੈਂ 'ਰੰਗ ਮੰਚ' ਨੂੰ ਨਿੱਕਸੁੱਕ ਵਾਲੇ ਇਕ ਸੰਦੂਕ ਵਿਚ ਲੁਕਾ ਦਿੱਤਾ। ਬੇਸ਼ੱਕ ਬੰਬਈ ਦੇ ਝੀ-ਸਾਲਾ ਜੀਵਨ ਦੌਰਾਨ ਮੇਰੇ ਘਰ ਵਿਚ ਇਕ ਵੀ ਪੰਜਾਬੀ ਪੁਸਤਕ ਨਹੀਂ ਹੌਲੀ ਹੌਲੀ ਮੇਰੀ ਅੰਗ੍ਰੇਜ਼ੀ ਕਤਾਬਾਂ ਦੀ ਲਾਇਬ੍ਰੇਰੀ ਦਾ ਆਕਾਰ ਵਧਦਾ ਗਿਆ। ਘਰ ਦਾ ਤਾਲਾਬ ਤਾਂ ਸੁੱਕ-ਪੜ੍ਹੱਕਾ ਸੀ। ਪਰ ਸਾਰ ਸਾਹਿਤ ਦੇ ਮਹਾਨ ਸਾਗਰ ਦੀਆਂ ਚੁੱਭੀਆਂ ਮੇਰੇ ਵੱਸ ਵਿਚ ਸਨ।

ਬੰਬਈ ਦੇ ਨਿੱਕੇ ਨਿੱਕੇ ਫਲੈਟਾਂ ਵਿਚ ਜਗ੍ਹਾ ਦੀ ਥੁੜ ਕਾਰਣ ਤੇ ਖਰੀਦ- ਸ਼ਕਤੀ ਤਗੜੀ ਹੋਣ ਾਰਣ ਲੋਕੀਂ ਕਿਤਾਬਾਂ ਪੜ੍ਹਕੇ ਛੇਤੀ ਹੀ ਰੱਦੀ ਵਿਚ ਕੱਢ ਦੇਂਦੇ ਹਨ। ਜਗ੍ਹਾ ਜਗ੍ਹਾ ਲੱਗੀਆਂ ਪਟੜੀਆਂ ਤੇ ਗਿਆਨ, ਵਿਗਿਆਨ ਦੀਆਂ ਸਰਬੋਤਮ ਤੇ ਸ੍ਰੇਸ਼ਟ ਪੁਸਤਕਾਂ ਬਹੁਤ ਹੀ ਸਸਤੀਆਂ ਕੀਮਤਾਂ ਉਤੇ ਲ ਜਾਂਦੀਆਂ ਹਨ। ਸ਼ਾਮੀ ਸੌਦਾ-ਸਬਜ਼ੀ ਖਰੀਦਣ ਗਈ ਮੈਂ ਅਕਸਰ ਕੋਈ ਕਿਤਾਬ ਖਰੀਦ ਲੈਂਦੀ। ਦੋਂ ਬੰਬਈ ਨੂੰ ਹਮੇਸ਼ਾ ਲਈ ਅਲਵਿਦਾ ਕਹਿਣ ਦੀ ਘੜੀ ਆਈ ਤਾਂ ਮੈਂ ਆਪਣੀਆਂ ਸਾਰੀਆਂ ਕਿਤਾਬਾਂ ਾਹਿਤਕ ਰੁਚੀਆਂ ਰੱਖਣ ਵਾਲੇ ਸਨੇਹੀਆਂ ਮਿੱਤਰਾਂ ਨੂੰ ਵੰਡ ਆਈ, ਸਿਵਾਇ 'ਰੰਗ ਮੰਚ' ਦੇ, ਜੋ ਘਰ ਾਲੀ ਕਰਨ ਵੇਲੇ ਸੇਜਲ ਤੇ ਸਿਉਂਕ ਦੀ ਮਾਰੀ ਮੈਨੂੰ ਪੜਛੱਤੀ ਦੇ ਭੁੱਲੇ-ਵਿਸਰੇ ਟਰੰਕ ਵਿਚੋਂ ਲੱਭੀ, ਸਤੋਂ ਮੇਰਾ ਮੁੜ ਪੰਜਾਬੀ ਦੀ ਲਾਇਬਰੇਰੀ ਦਾ ਆਰੰਭ ਹੋਇਆ। ਸ਼ੁਕਰ ਹੈ, ਗਾਰਗੀ ਨੇ ਉਸ ਉਪਰ ਸਖਤ ਨਹੀਂ ਸਨ ਕੀਤੇ।

ਮੁੜ ਪਿੱਛੇ ਪਰਤਦੀ ਹਾਂ, ਉਸ ਮੁਲਾਕਾਤ ਵੱਲ। ਮੈਂ ਗਾਰਗੀ ਨੂੰ ਦੱਸਿਆ ਕਿ ਉਸ ਦੀ 'ਪੱਤਣ ੀ ਬੇੜੀ' ਨੂੰ ਮੁੱਖ ਰੱਖਕੇ ਮੈਂ ਐਮ.ਏ. ਦੀ ਪੜ੍ਹਾਈ ਦੌਰਾਨ ਉਸ ਦੀ ਨਾਟਕ ਕਲਾ ਉਤੇ ਇਕ ਲੇਖ ਵੀ ਖਿਆ ਸੀ।

-ਕੀ ਲਿਖਿਆ ਸੀ ਤੂੰ, ਉਸ ਵਿਚ? ਲੈਕੇ ਕਿਉਂ ਨਹੀਂ ਆਈ? ਅਗਲੀ ਵਾਰ ਜ਼ਰੂਰ ਲੈ ਕੇ ਾਵੀਂ।' ਉਹ ਸੁਣਨ ਲਈ ਡਾਢਾ ਉਤਾਵਲਾ ਜਾਪਿਆ। ' ਫੇਰ ਕਦੋਂ ਆਵੇਂਗੀ?'

-ਪਤਾ ਨਹੀਂ ਆ ਸਕਾਂ ਕਿ ਨਾ'। ਤੇ ਮੈਂ ਉਸਨੂੰ ਦੱਸਿਆ ਕਿ ਆਉਂਦੀ ਚਾਰ ਫਰਵਰੀ ਨੂੰ ਮੈਂ ਬਈ ਲਈ ਰਵਾਨਾ ਹੋ ਰਹੀ ਸਾਂ। ਉਥੇ ਜੀਵਨ ਬੀਮਾ ਨਿਗਮ ਦੇ ਕੇਂਦਰੀ ਦਫ਼ਤਰ ਵਿਚ ਮੈਂ ਭਾਸ਼ਾ ਧਿਕਾਰੀ ਦੇ ਤੌਰ 'ਤੇ ਨਿਯੁਕਤ ਹੋ ਚੁੱਕੀ ਸੀ। ਨਿਗਮ ਦੇ ਵਿਗਿਆਪਨ ਵਿਭਾਗ ਵਿਚ ਦੇਸ ਦੀ ਹਰ ਲੀ ਦਾ ਇਕ ਮਾਹਿਰ ਹੁੰਦਾ ਹੈ, ਜਿਸ ਨੇ ਜੀਵਨ ਬੀਮਾ ਲਈ ਆਪਣੀ ਬੋਲੀ ਵਿਚ ਇਸ਼ਤਿਹਾਰ ਖਣ, ਰੂਪਾਂਤਰਣ ਤੇ ਅਨੁਵਾਦ ਕਰਨ ਤੋਂ ਇਲਾਵਾ ਮੌਲਿਕ ਲੇਖ ਤੇ ਰਚਨਾਵਾਂ ਵੀ ਲਿਖਣੀਆਂ

ਹੁੰਦੀਆਂ ਹਨ। ਨਿਗਮ ਦੇ ਦਿੱਲੀ ਕੇਂਦਰ ਵਿਚ ਲਏ ਗਏ ਇੰਟਰਵਿਊ ਵਿਚ ਮੈਂ ਚੁਣ ਲਈ ਗਈ ਸਾਂ। ਬੰਬਈ ਵਿਚ ਮੈਨੂੰ ਰਿਹਾਇਸ਼ ਦੇ ਨਾਲ ਨਾਲ ਸਹਾਇਕ ਸੰਪਾਦਕ ਦੇ ਗਰੇਡ ਮੁਤਾਬਕ ਤਨਖਾਹ ਮਿਲਣੀ ਸੀ ਤੇ ਜਾਣ ਲਈ ਫਸਟ ਕਲਾਸ ਦਾ ਕਿਰਾਇਆ ਵੀ।

-ਫਸਟ ਕਲਾਸ ਵਿਚ ਨਾ ਜਾਈਂ। ਇਕੱਲੀ ਕੁੜੀ ਲਈ ਸੇਫ਼ ਨਹੀਂ। ਤੂੰ ਡਿਲਕੱਸ ਵਿਚ ਜਾਹ ਤੇ ਕਲ੍ਹ ਹੀ ਸਟੇਸ਼ਨ ਜਾ ਕੇ ਚੇਅਰ ਕਾਰ ਵਿਚ ਸੀਟ ਬੁੱਕ ਕਰਾ ਲੈ। ਤੇਰੇ ਹਿਤ ਵਿਚ ਇਹੀ ਠੀਕ ਰਹੇਗਾ।' ਗਾਰਗੀ ਨੇ ਸੁਝਾਅ ਦਿੱਤਾ। ਆਪਣੀ ਹੋਸ਼ ਵਿਚ ਉਹ ਮੇਰਾ ਪਹਿਲਾ, ਇਕੱਲਾ ਤੇ ਲੰਮਾ ਸਫ਼ਰ ਸੀ। ਨਾ ਮੈਨੂੰ ਚੇਅਰ ਕਾਰ ਬਾਰੇ ਹੀ ਕੁਝ ਪਤਾ ਸੀ ਤੇ ਨਾ ਹੀ ਪਹਿਲਾਂ ਤੋਂ ਬੁਕਿੰਗ ਕਰਾਣ ਬਾਰੇ।

-ਓਥੇ ਕਿਥੇ ਰਹੇਂਗੀ?' ਵਿਦਾ ਹੋਣ ਲਈ ਉਠਦਿਆ ਮੈਥੋਂ ਗਾਰਗੀ ਨੇ ਪੁੱਛਿਆ।

-ਜਦ ਤਕ ਨਿਗਮ ਵੱਲੋਂ ਫਲੈਟ ਨਹੀਂ ਮਿਲ ਜਾਂਦਾ, ਆਪਣੀ ਭੈਣ ਦੇ ਘਰ, ਖਾਰ ਵਿਖੇ।'

-ਓਥੇ ਜਾ ਕੇ ਰਾਜਿੰਦਰ ਸਿੰਘ ਬੇਦੀ ਨੂੰ ਜ਼ਰੂਰ ਮਿਲੀਂ ਤੇ ਉਸ ਨਾਲ ਸੰਪਰਕ ਵੀ ਰੱਖੀਂ ਪਰ ਮੇਰੇ ਨਾਲ ਹੋਈ ਇਸ ਮੁਲਾਕਾਤ ਦਾ ਉਕਾ ਜ਼ਿਕਰ ਨਾ ਕਰੀਂ। ਮੈਂ ਅਗਲੇ ਮਹੀਨੇ ਬੰਬਈ ਆਵਾਂਗਾ ਤੇ ਬੇਦੀ ਮੈਨੂੰ ਤੇਰੇ ਨਾਲ ਰਸਮੀ ਤੌਰ 'ਤੇ ਪਰੀਚਿਤ ਕਰਾਵੇਗਾ।

-ਕਿਉਂ?'

-ਤੇਰੇ ਹਿਤ ਵਿਚ ਇਹ ਠੀਕ ਰਹੇਗਾ।' ਉਸ ਦਾ ਉਤਰ ਸੀ। ਬੰਬਈ ਦੀ ਨੌਕਰੀ ਸ਼ੁਰੂ ਕਰਨ 'ਤੇ ਕੁਝ ਦਿਨਾਂ ਵਿਚ ਹੀ ਮੈਨੂੰ ਉਥੋਂ ਦੇ ਸਾਹਿਤਕ ਖੇਤਰ ਵਿਚੋਂ ਫੋਨ ਤੇ ਸੱਦੇ ਆਣ ਲੱਗੇ। ਨਵ-ਵਿਆਹੀ ਕਹਾਣੀਕਾਰ ਜੋੜੀ ਕੁਲਦੀਪ ਬੱਗਾ ਤੇ ਰਾਜਿੰਦਰ ਕੌਰ, ਉਸ ਦਾ ਭਰਾ ਪ੍ਰੀਤਮ ਬੇਲੀ, ਸਾਗਰ ਸਰਹੱਦੀ, ਹਰਬੰਸ ਦੋਸਤ, ਮਿੰਨੀ ਗਰੇਵਾਲ ਤੇ ਫਿਲਮ ਨਿਰਦੇਸ਼ਕ ਗੁਲਜ਼ਾਰ (ਉਦੋਂ ਉਹ ਗੁਲਜ਼ਾਰ ਦੀਨਵੀ ਅਖਵਾਉਂਦਾ ਸੀ) ਸਾਰੇ ਵਾਰੋ ਵਾਰੀ ਮੇਰੇ ਦਫਤਰ ਵਿਚ ਮੈਨੂੰ ਮਿਲਣ ਆਏ। ਇਹ ਸਾਰੇ ਸਵਰਨ ਦੇ ਗਹਿਰੇ ਮਿੱਤਰ ਸਨ ਤੇ ਸਵਰਨ ਨੇ ਸਭ ਨੂੰ ਚਿੱਠੀਆਂ ਪਾ ਦਿੱਤੀਆਂ ਸਨ ਮੈਨੂੰ ਮਿਲਣ ਲਈ, ਮੇਰਾ ਖਿਆਲ ਰੱਖਣ ਲਈ। ਇਕ ਅੱਧ ਮਹੀਨੇ ਵਿਚ ਹੀ ਰਾਜਿੰਦਰ ਕੌਰ ਤੇ ਪ੍ਰੀਤਮ ਬੇਲੀ ਹੋਰਾਂ ਦੇ ਘਰ ਇਕ ਐਤਵਾਰ ਮਨਾਕੇ ਮੈਂ ਸ਼ਾਮੀਂ ਉਹਨਾਂ ਨਾਲ ਰਾਜਿੰਦਰ ਸਿੰਘ ਬੇਦੀ ਨੂੰ ਮਿਲਣ ਚਲੀ ਗਈ। ਉਥੇ ਗੱਲਬਾਤ ਦੌਰਾਨ ਗਾਰਗੀ ਦਾ ਜ਼ਿਕਰ ਆਉਂਦਿਆਂ ਹੀ ਮੇਰੇ ਮੂੰਹੋਂ ਨਿਕਲ ਗਿਆ:

-ਉਹ ਅਗਲੇ ਮਹੀਨੇ ਬੰਬਈ ਆ ਰਿਹਾ ਹੈ।'

-ਪਰ ਅਚਲਾ ਨੂੰ ਤਾਂ ਇਸ ਦੀ ਕੋਈ ਖਬਰ ਨਹੀਂ। ਉਹ ਹੁਣੇ ਹੁਣੇ ਹੀ ਮਿਲਕੇ ਗਈ ਹੈ'। ਬੇਦੀ ਨੇ ਹੈਰਾਨੀ ਪ੍ਰਗਟ ਕੀਤੀ।

ਦੇਸ਼ ਭਗਤ ਸੁਤੰਤਰਤਾ ਸੰਗਰਾਮੀਏਂ ਮੇਰੇ ਭਾਪਾ ਜੀ ਨੂੰ ਗਹਿਣਿਆ ਤੋਂ ਵੀ ਉਤਨੀ ਹੀ ਨਫ਼ਰਤ ਸੀ ਜਿਤਨੀ ਕਿ ਬਿਦੇਸ਼ੀ·ਮਾਲ ਤੋਂ।

-ਕੁੜੀਆਂ ਨੇ ਨੱਕ-ਕੰਨ ਸਲਾਕੇ ਸਰੂਪਨੱਖਾਂ ਬਣਾਣ ਨੀਂ ਕੋਈ ਲੋੜ ਨਹੀਂ।' ਉਹਨਾਂ ਦਾ ਮਾਂ ਨੂੰ ਪੱਕਾ ਆਦੇਸ਼ ਸੀ। ਜੋ ਵਰਜਿਤ ਹੋਵੇ ਉਸ ਲਈ ਲਲਚਾਣਾ ਇਨਸਾਨੀ ਤੇ ਖਾਸ ਕਰਕੇ ਬਾਲ ਮਨ ਲਈ ਸੁਭਾਵਕ ਹੀ ਹੈ। ਇਕ ਦਿਨ ਗਲੀ ਵਿਚ ਕੰਨ ਸੱਲਣ ਵਾਲੇ ਡੰਗੋਤਰੇ ਦਾ ਹੋਕਰਾ ਸੁਣਕੇ ਮੈਂ, ਬਾਲੜੀ ਬੇਚੈਨ ਹੋ ਗਈ। ਗਲੀਆਂ ਦੀਆਂ ਮਾਵਾਂ ਇਕ ਇਕ ਆਟੇ ਦੀ ਪੜੋਪੀ ਬਦਲੇ ਆਪਣੀਆਂ ਬੱਚੀਆਂ ਦੇ ਕੰਨ ਸਲਾ ਰਹੀਆਂ ਸਨ। ਮੈਂ ਵੀ ਅੜੀ ਕਰਨ ਲੱਗੀ। ਮਾਂ ਨੇ ਬਥੇਰਾ ਸਮਝਾਇਆ ਪਰ ਫਿਰ ਮੇਰੀ ਜ਼ਿਦ ਅੱਗੇ ਪੇਸ਼ ਨਾ ਜਾਂਦੀ ਵੇਖਕੇ ਬੋਲੀ:



-ਅੱਛਾ ਬਾਬਾ ਸਲਾ ਦੇਨੀ ਆਂ ਪਰ ਵਹਿਦਾ ਕਰ ਕੇ ਪੀਊ ਕੀ ਉੱਕਾ ਨਾ ਦਸਸੇਂ। ਉਸ ਨੇ ਆਣੈ ਤੂ ਪਹਿਲਾਂ ਹੀ ਰੁਮਾਲ ਵਲ੍ਹੇਟ ਕੈ ਸੌਂ ਜਾਵੀਂ। ਨਹੀਂ ਤੈ ਉਹ ਮੇਰੀ ਬੁਰੀ ਬਾਬ ਕਰਸੀ।' ਉਸ ਮੈਨੂੰ ਪੱਕਿਆਂ ਕੀਤਾ । ਸਿੱਕੇ ਦੀ ਤਾਰ ਦੀਆਂ ਮੁਰਕੀਆਂ ਮੇਰੇ ਕੰਨਾਂ ਵਿਚ ਪੈ ਗਈਆਂ। ਬਸ ਦੋ ਚਾਰ ਦਿਨ ਹੀ ਭਾਪਾ ਜੀ ਦੇ ਘਰ ਪਰਤਣ ਤੋਂ ਪਹਿਲਾਂ ਮੈਂ ਬਿਸਤਰੇ ਵਿਚ ਵੜ ਜਾਣਾ ਸੀ ਤੇ ਫੇਰ ਛੇਦ ਮੌਲਣ ਉਤੇ ਬੇਜੀ (ਦਾਦੀ) ਨੂੰ ਕੰਨਾਂ ਦੇ ਬੁੰਦੇ ਲੈ ਕੇ ਦੇਣ ਲਈ ਰਾਜ਼ੀ ਕਰ ਲੈਣਾ ਸੀ। ਬੇ ਜੀ ਦੇ ਪੂਰੇ ਦੇ ਪੂਰੇ ਕੰਨ ਛੇਦੇ ਹੋਏ ਸਨ ਤੇ ਉਹਨਾਂ ਵਿਚ ਸੋਨੇ ਦੀਆਂ ਵਾਲੀਆਂ। ਜਦੋਂ ਹੱਸਦੇ ਤਾਂ ਨਾਲ ਨਾਲ ਡੋਲਦੀਆ ਮਾਨੋਂ ਬੇਜੀ ਦੀਆਂ ਗੱਲਾਂ ਦਾ ਹੁੰਗਾਰਾ ਭਰ ਰਹੀਆਂ ਹੋਣ। ਬੇਜੀ ਦੇ ਸਾਂਹਵੇਂ ਭਾਪਾ ਜੀ ਨੇ ਕੋਈ ਹੀਲ-ਹੁੱਜਤ ਨਹੀਂ ਸੀ ਕਰਨੀ, ਇਹ ਮੇਰਾ ਪੱਕਾ ਨਿਸਚਾ ਸੀ। ਕੰਨ ਵਿੰਨ੍ਹਾ ਕੇ ਕੋਠੇ ਦੀ ਬਾਰੀ ਉਪਰ ਰਖੇ ਸ਼ੀਸ਼ੇ ਦੇ ਟੁਕੜੇ ਵਿਚੋਂ ਬਾਰ ਬਾਰ ਆਪਣਾ ਅਕਸ ਵੇਖਦੀ ਨੇ ਹਜ਼ਾਰਾਂ ਸੁਪਨੇ ਬੁਣ ਲਏ। ਮਨ ਨੂੰ ਵੀ ਨਾਲ ਨਾਲ ਪੱਕਾ ਕਰਦੀ ਰਹੀ ਕਿ 'ਨਹੀਂ ਦਸਣਾ, ਨਹੀਂ ਦਸਣਾ, ਮੈਂ ਭਾਪਾ ਜੀ ਕੀ ਉੱਕਾ ਨਹੀਂ ਦਸਣਾ। ਉਹਨਾਂ ਨੇ ਆਣੈ ਤੂ ਪਹਿਲਾਂ ਹੀ ਰੁਮਾਲ ਬੰਨ੍ਹ ਕੈ ਸੌਂ ਜਾਸਾਂ। 'ਭਾਪਾ ਜੀ ਰਾਤ ਦੀ ਗੱਡੀ ਉਤੇ ਆਉਂਦੇ ਸਨ ਤੇ ਸਵੇਰੇ ਸਰਘੀ ਵੇਲੇ ਮੁੜ ਸਟੇਸ਼ਨ ਚਲੇ ਜਾਂਦੇ ਸਨ, ਗੱਡੀ ਫੜਨ। ਗੁਜਰਖਾਨ ਦੇ ਕੋਲ ਹੀ ਸੀ ਮੰਦ੍ਰਾ ਜੰਕਸ਼ਨ ਜਿਸਦੇ ਬਸ ਅੱਡੇ ਉਤੇ ਸਾਡਾ ਬਰਮਾ ਸ਼ੈਲ ਦਾ ਪਟਰੋਲ ਪੰਪ ਸੀ। ਰੱਬ ਸਬੱਬੀ ਭਾਪਾ ਜੀ ਉਸ ਦਿਨ ਜਲਦੀ ਹੀ ਆ ਗਏ। ਹਮੇਸ਼ਾਂ ਵਾਂਗ ਫਲਾਂ ਤੇ ਮਿਠਾਈਆਂ ਦੇ ਝੋਲਿਆਂ ਸਮੇਤ ਤੇ ਹਮੇਸ਼ਾਂ ਵਾਂਗ ਹੀ ਮੈਂ 'ਭਾਪਾ ਜੀ ਆ ਗਏ ਭਾਪਾ ਜੀ ਆ ਗਏ' ਕਰਦੀ, ਛਲਾਂਗਾਂ ਮਾਰਦੀ ਉਹਨਾਂ ਦੀਆਂ ਲੱਤਾਂ ਨਾਲ ਚੰਬੜ ਗਈ ਤੇ ਫਿਰ ਜਿਉਂ ਹੀ ਕੰਨਾਂ ਦਾ ਖਿਆਲ ਆਇਆ ਤਾਂ ਕੰਨਾਂ ਉਤੇ ਹੱਥ ਧਰ ਕੇ ਬੋਲ ਪਈ:

_ਨਾਂਹ ਦਸਨੀ ਨਾਂਹ ਦਸਨੀ, ਮੈਂ ਕੰਨ ਸਲਾਏ ਨ੍ਹ ਤੁਸਾ ਕੀ ਨਾਂਹ ਦਸਨੀ।' ਤੇ ਉਸੇ ਵੇਲੇ ਹੀ ਭਾਪਾ ਜੀ ਨੇ 'ਕਿਉਂ ਬਣਾ ਦਿਤਾ ਈ ਕੁੜੀ ਕੀ ਸਰੂਪ ਨੱਖਾ' ਆਖਦਿਆਂ ਮੇਰੇ ਕੰਨਾਂ ਵਿਚੋਂ ਉਹ ਸਿੱਕੇ ਦੀਆਂ ਮੁਰਕੀਆਂ ਧਰੂ ਦਿੱਤੀਆਂ।

-ਨਿੱਜ ਨਾ ਜੰਮਨੀਏਂ ਜਿੰਨਣੀਏਂ' ਆਖਦੀ ਮਾਂ ਦਾ ਹਾਸਾ ਨਿਕਲ ਗਿਆ ਤੇ ਭਾਪਾ ਜੀ ਦਾ ਵੀ। 'ਇਸ ਨੇ ਢਿੱਡੇ' 'ਚ ਦਾਦੀ ਹਾਰ ਕੋਈ ਗੱਲ ਨਹੀਂ ਪਚਨੀ। ਜਿਹੜੀ ਗਲ ਮੰਨ੍ਹਾ ਕਰੇ ਉਹ ਤੈ ਜਰੂਰ ਹੀ ਦੱਸ ਕੈ ਛੋੜਸੀਂ' ਮਾਂ ਆਖਿਆ ਕਰਦੀ ਸੀ।

ਗਾਰਗੀ ਦੇ ਵਰਜਿਤ ਕਰਨ ਦੇ ਬਾਵਜੂਦ ਮੈਂ ਉਸ ਨਾਲ ਹੋਈ ਆਪਣੀ ਪਹਿਚਾਣ ਦਾ ਭੇਦ ਬੇਦੀ ਨੂੰ ਦੱਸ ਬੈਠੀ ਸਾਂ। ਇਸ ਸ਼ਰਮਿੰਦਗੀ ਕਾਰਣ ਮੈਂ ਮੁੜਕੇ ਨਾ ਹੀ ਕਦੇ ਰਾਜਿੰਦਰ ਸਿੰਘ ਬੇਦੀ ਨਾਲ ਹੀ ਕੋਈ ਸੰਪਰਕ ਰੱਖਿਆ ਤੇ ਨਾ ਹੀ ਗਾਰਗੀ ਨਾਲ।

ਆਉਂਦੀ ਤੇਰ੍ਹਾਂ ਅਪ੍ਰੈਲ ਨੂੰ ਵੀਰ ਜੀ ਦੀ ਸ਼ਾਦੀ ਹੋ ਗਈ ਤੇ ਹਫਤੇ ਮਗਰੋਂ ਹੀ ਉਹ ਇਕ ਸੜਕ ਹਾਦਸੇ ਦੇ ਸ਼ਿਕਾਰ ਹੋ ਗਏ। ਉਸ ਉਪਰੰਤ ਮਾਪਿਆਂ ਦੀਆਂ ਮਿੰਨਤਾ ਅੱਗੇ ਝੁਕਦੀ ਛੇਤੀ ਹੀ ਮੈਂ ਮੰਗਣੀ ਲਈ ਰਾਜ਼ੀ ਹੋ ਗਈ ਤੇ ਬਾਰਾਂ ਸਤੰਬਰ ਨੂੰ ਵਿਆਹ ਵੀ। ਸ਼ਾਦੀ ਹੁੰਦਿਆਂ ਹੀ ਮੈਂ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਘਰ ਦੀ ਚਾਰਦੀਵਾਰੀ ਨੂੰ ਕਬੂਲ ਕਰ ਲਿਆ।

ਜੀਤ ਨਾਲ ਤਬਾਹੀ ਦੀ ਹੱਦ ਤਕ ਮੇਰੀ ਇਕ ਪਾਸੜ ਮੁਹੱਬਤ ਅਤੇ ਸੁਪਨਿਆਂ ਦੇ ਆਦਰਸ਼ ਲਈ ਸਹਿਕ_ਉਮਰ ਚੱਕੀ ਦੇ ਇਹਨਾਂ ਦੁਹਾਂ ਪੁੜਾਂ ਵਿਚ ਪਿੱਸਦੀ, ਬੰਬਈ ਦੇ ਵਰਸੋਵਾ ਤਟ ਉਤੇ ਰਹਿੰਦੀ ਆਪਣੇ ਅੰਦਰਲੇ ਤੇ ਬਾਹਰਲੇ ਤੂਫਾਨਾਂ ਨਾਲ ਭਿੜਦੀ ਅਤੇ ਹਰ ਮੰਝਧਾਰ ਵਿਚ ਡਗਮਗਾਂਦੀ ਮੇਰੀ ਜੀਵਨ ਬੇੜੀ ਵਿਚ ਗਾਰਗੀ ਮਾਨੋਂਅਛੋਪਲੇ ਹੀ ਪ੍ਰਵੇਸ਼ ਕਰ ਜਾਂਦਾ ਤੇ ਮੈਨੂੰ ਧੀਰਜ ਬੰਨ੍ਹਾ ਕੇ ਕਿਨਾਰੇ

'ਤੇ ਲਗਾਕੇ ਅਲੋਪ ਹੋ ਜਾਂਦਾ। ਜੀਤ ਦੇ ਸ਼ੱਕੀ ਸੁਭਾ ਕਾਰਣ ਕਦਮ ਕਦਮ ਉਤੇ ਹਰ ਨਜ਼ਰ ਤੋਂ ਤ੍ਰਹਿਕਦੀ ਤੇ ਆਪਣੇ ਆਪ ਵਿਚ ਸੁੰਗੜਦੀ ਦੇ ਕੰਨਾਂ ਵਿਚ ਜਿਵੇਂ ਉਹ ਫੂਕਦਾ ਰਿਹਾ ਹੋਵੇ ਕਿ ਜੋ ਕੁਝ ਵੀ ਵਾਪਰਦਾ ਹੈ, ਉਹ ਨਾਮੁਮਕਿਨ ਨਹੀਂ ਤੇ ਜੇ ਉਹ ਮੁਮਕਿਨ ਹੀ ਹੈ ਤੇ ਕਦੇ ਵੀ, ਕਿਧਰੇ ਵੀ, ਕਿਸੇ ਵੀ ਦੀਪੋ ਨਾਲ ਹੁੰਦਾ ਥੀਂਦਾ ਰਿਹਾ ਹੈ ਤੇ ਰਹੇਗਾ ਤਾਂ ਫਿਰ ਗ਼ਮ ਕਾਹਦਾ? ਗਾਰਗੀ ਵੱਲੋਂ ਇਹਨਾਂ ਆਪ ਸਿਰਜੇ ਸ਼ਬਦਾਂ ਦੇ ਚੱਪੂ ਸੰਗ ਮੈਂ ਆਪਣੀ ਗ੍ਰਹਿਸਥ-ਨਈਆ ਨੂੰ ਠੇਲ੍ਹਦੀ ਰਹੀ ।

ਨੌ ਸਾਲ ਵਰਸੋਵਾ ਤਟ ਦੀ ਖੂਬਸੂਰਤ ਬਸਤੀ 'ਸਾਤ ਬੰਗਲਾ' ਵਿਚ ਰਹਿਣ ਮਗਰੋਂ ਅਸੀਂ ਪੂਰਬੀ ਸਾਂਤਾਕਰੂਜ਼ ਆ ਗਏ, ਆਪਣੇ ਫਲੈਟ ਵਿਚ। ਕਿੱਥੇ ਸਾਗਰ ਕੰਢੇ ਸਥਿਤ ਗਵਾਲੀਅਰ ਪੈਲੇਸ ਦੇ ਮੋਕਲੇ ਕਮਰੇ ਦੀਆਂ ਸਮੁੰਦਰ ਵੱਲ ਨੂੰ ਖੁਲ੍ਹਦੀਆਂ ਉਹ ਆਦਮਕੱਦ ਖਿੜਕੀਆਂ, ਸਾਗਰ- ਛੱਲਾਂ ਦਾ ਉਹ ਜਵਾਰ ਤੇ ਭਾਟਾ, ਸਮੁੰਦਰੀ ਵਾਵਾਂ ਨਾਲ ਬੰਗਲੇ ਦੇ ਵਿਸ਼ਾਲ ਮੈਦਾਨ ਵਿਚ ਸਾਂ ਸਾਂ ਕਰਦੇ ਨਾਰੀਅਲ, ਚੀਕੂ ਤੇ ਜੰਗਲੀ ਬਦਾਮਾਂ ਦੇ ਬਿਰਛ ਤੇ ਕਿੱਥੇ ਇਹ ਘੁੱਗ ਵੱਸਦੀ ਵਾਕੋਲਾ ਦੀ ਉਦਯੋਗਿਕ ਬਸਤੀ ਦੀ ਪ੍ਰਦੂਸ਼ਿਤ ਹਵਾ ਦੀ ਸੜਾਂਦ, ਮੱਖੀਆਂ ਤੋਂ ਵੀ ਵੱਡੇ ਮੱਛਰ ਤੇ ਮਾਚਿਸ-ਡੱਬੀਆਂ ਵਰਗੇ ਫਲੈਟਾਂ ਦੀ ਘੁਟਣ। ਫਲੈਟ ਦੇ ਪਿਛਲੇ ਸੌਣ ਕਮਰੇ ਨਾਲ ਲਗਦੀ ਬਾਲਕੋਨੀ ਨੂੰ ਛੱਤਕੇ ਅਸਾਂ ਰਸੋਈ ਬਣਾ ਲਈ ਤੇ ਰਸੋਈ ਨੂੰ ਬੱਚਿਆਂ ਦੇ ਨਿਵਕਲੇ ਕਮਰੇ ਵਿਚ ਤਬਦੀਲ ਕਰ ਲਿਆ। ਪਰ ਮੂਹਰਲੀ ਬੈਠਕ ਵਾਲੀ ਗੈਲਰੀ ਨੂੰ, ਸਾਡਾ ਖੁਲ੍ਹਿਆਂ ਹੀ ਛੱਡਣ ਦਾ ਇਰਾਦਾ ਸੀ ਤਾਂ ਜੁ ਅੰਦਰੋਂ ਹੁੱਸੜ ਕੇ ਕਦੇ ਬਾਹਰ ਆਣ ਖਲੋਈਏ ਤੇ ਲੰਘਦੇ ਪਲੰਘਦੇ ਨੂੰ ਵੇਖ ਸਕੀਏ।

ਸਾਡੇ ਫਲੈਟ ਦੇ ਐਨ ਸਾਹਮਣੇ ਹੀ ਅਸ਼ੋਕ ਦਾ ਘਰ ਸੀ। ਪੁਰਤਗਾਲੀ ਤੇ ਗੁਜਰਾਤੀ ਨਸਲਾਂ ਦੇ ਮੇਲ 'ਚੋਂ ਪੈਦਾ ਹੋਇਆ ਤੇ ਵਿਗਸਿਆ, ਪਿਆਨੋ ਦੀ ਕਾਰੀਗਰੀ ਵਿਚ ਪ੍ਰਬੀਨ ਸਾਰੀ ਬੰਬਈ ਵਿਚ ਉਹ ਇਕ ਮਾਤਰ ਘੰਰਾਣਾ ਹੈ ਤੇ ਅਸ਼ੋਕ ਮਿਸਤਰੀ (ਮਿਸਤਰੀ ਗੋਤ ਹੈ) ਇਸ ਘਰਾਣੇ ਦਾ ਸਿਰਕੱਢ ਕਾਰੀਗਰ। ਬਾਈ ਤੇਈ ਸਾਲਾਂ ਦਾ ਕੋਰਾ ਨੱਢਾ, ਗਜ਼ਬ ਦਾ ਸੁਹਣਾ, ਚੌੜੀ ਛਾਤੀ, ਸੁਹਣੇ ਨੈਣ-ਨਕਸ਼ ਤੇ ਸੁਡੌਲ ਬਦਨ ਦਸਤੀ ਕੰਮ ਨਾਲ ਕਮਾਈਆਂ ਹੋਈਆਂ ਉਸ ਦੀਆਂ ਬਾਹਵਾਂ ਦੀ ਬਣਾਵਟ ਵੇਖਦਿਆਂ ਹੀ ਬਣਦੀ। ਲੌਢਾ ਵੇਲਾ ਸੀ। ਇਕੱਲੀ, ਉਦਾਸ ਬਾਲਕੋਨੀ ਵਿਚ ਖੜੋਤੀ ਪਤਾ ਨਹੀਂ ਕਿਹੜੇ ਖਿਆਲਾਂ ਵਿਚ ਗੁਆਚੀ ਹੋਈ ਸਾਂ ਪਰ ਨਜ਼ਰ ਮੇਰੀ ਅਸ਼ੋਕ ਉਤੇ ਹੀ ਸੀ। ਰੰਦਾ ਮਾਰਦੇ ਉਸ ਦੇ ਡੌਲਿਆਂ ਦੀਆਂ ਉਭਰਦੀਆਂ ਤੇ ਡੁੱਬਦੀਆਂ ਮੱਛੀਆਂ ਦੀ ਖੇਡ ਵਿਚ ਲੀਨ-ਮੇਰੇ ਅੰਦਰ ਦੀ ਦੀਪੋ ਦੀ ਇਕ ਮਾਸੂਮ ਜਿਹੀ ਭਾਵਨਾ! ਪਤਾ ਹੀ ਨਾ ਲੱਗਾ ਕਦੋਂ ਜੀਤ ਮੇਰੇ ਮਗਰ ਆ ਖਲੋਤਾ, ਮੇਰੀ ਨੀਝ ਨੂੰ ਘੋਖਦਾ। ਅਸ਼ੋਕ ਮੇਰੀ ਤੱਕਣੀ ਤੋਂ ਬੇਖਬਰ ਸੀ ਤੇ ਮੈਂ ਜੀਤ ਦੀ ਤੋਂ। ਅਚਾਨਕ ਪਿੱਛੇ ਪਰਤ ਕੇ ਜੁ ਵੇਖਿਆ ਤਾਂ ਜੀਤ ਦੇ ਚਿਹਰੇ ਦੀ ਕਾਲੀ ਕਰੂਰ ਰੰਗਤ ਤੋਂ ਸਹਿਮ ਗਈ। ਕੁਝ ਦਿਨਾਂ ਮਗਰੋਂ ਹਰ ਸਾਲ ਵਾਂਗ ਬੱਚਿਆਂ ਸਮੇਤ ਦੀਵਾਲੀ ਦੀਆਂ ਤਿੰਨ ਹਫਤਿਆਂ ਦੀਆਂ ਛੁੱਟੀਆਂ ਦਿੱਲੀ (ਪੇਕੇ) ਗੁਜ਼ਾਰਕੇ ਜਦੋਂ ਵਾਪਸ ਘਰ ਪਰਤੀ ਤਾਂ ਬਾਲਕੋਨੀ ਵਿਚ ਕੇਵਲ ਲੋਹੇ ਦੀ ਭਾਰੀ ਗਰਿਲ ਹੀ ਨਹੀਂ ਸੀ ਲੱਗੀ ਹੋਈ ਸਗੋਂ ਸਾਗਵਾਨ ਦੀਆਂ ਖਿੜਕੀਆਂ ਦੇ ਬੰਦ ਪੱਲੇ ਵੀ ਸਨ- ਨਾ ਜਾਲੀ ਤੇ ਨਾ ਕੱਚ ਨਾਲ ਬੀੜੇ ਸਗੋਂ- ਨਿਰੋਲ ਲੱਕੜੀ ਦੇ। ਗਾਰਗੀ ਦੀ 'ਪੱਤਣ ਦੀ ਬੇੜੀ' ਮੈਨੂੰ ਕੀਕੂੰ ਵਿਸਰਦੀ?

ਮੇਰੀ ਸਮੁੱਚੀ ਵਿਆਹੁਤਾ ਜ਼ਿੰਦਗੀ ਧਾਗੇ ਨਾਲ ਲਟਕੀ ਇਕ ਤਲਵਾਰ ਵਰਗੀ ਸੀ। ਅਸੁਰੱਖਿਆ ਦੀ ਭਾਵਨਾ ਹਮੇਸ਼ਾਂ ਬਣੀ ਰਹਿੰਦੀ। ਚੰਗੇ ਪਲਾਂ ਵਿਚ ਵੀ ਇਕ ਧੁੜਕੂ ਜਿਹਾ ਲੱਗਾ ਰਹਿੰਦਾ ਕਿ ਜੇ ਜੀਤ ਨੂੰ ਫੇਰ ਘਰ ਛੱਡਣ ਦਾ ਦੌਰਾ ਪੈ ਗਿਆ ਤਾਂ? ਕੀਕੂੰ ਕਰਾਂਗੀ ਬੱਚਿਆਂ ਦੀ ਪਰਵਰਿਸ਼? ਚਾਲ੍ਹੀਆਂ ਵਿਚ ਪ੍ਰਵੇਸ਼ ਕਰ ਚੁੱਕੀ ਸਾਂ ਤੇ ਇਕ ਪੈਸਾ ਵੀ ਕਮਾ ਸਕਣ ਦਾ ਸਵੈ ਵਿਸ਼ਵਾਸ ਮੇਰੇ ਵਿਚ ਨਹੀਂ ਸੀ। ਏਧਰ ਜੀਤ ਦੇ ਸੈਰ-ਸਪਾਟੇ ਵਧਦੇ ਹੀ ਜਾ ਰਹੇ ਸਨ। ਕਦੇ ਸਿਰੀ ਨਗਰ ਦੀ



ਸੈਰ ਕਰਨ ਨੂੰ ਘਰੋਂ ਨਿਕਲਿਆ ਉਹ ਕੰਨਿਆ ਕੁਮਾਰੀ ਤੋਂ ਆਣ ਪਰਤਦਾ ਤੇ ਕਦੇ ਨਿਪਾਲ ਲਈ ਕਹਿਕੇ ਗਿਆ, ਹਾਂਗਕਾਂਗ ਤੋਂ। ਜਨਵਰੀ ਉੱਨੀ ਸੌ ਇਕਾਸੀ ਦੀ ਗੱਲ ਹੈ। ਉਹ ਸਿੰਘਾਪੁਰ ਗਿਆ ਹੋਇਆ ਸੀ। ਸਾਂਤਾਕਰੂਜ਼ ਬਾਜ਼ਾਰ ਵਿਚੋਂ ਸਬਜ਼ੀ-ਭਾਜੀ ਖਰੀਦਦਿਆਂ ਅਚਾਨਕ ਮੇਰਾ ਟਾਕਰਾ ਰਮਾ ਕੰਚਨ ਨਾਲ ਹੋ ਗਿਆ। ਰਮਾ ਦਾ ਪਤੀ ਟਾਟਾ ਕੰਪਨੀ ਵਿਚ ਕਲਰਕ ਸੀ ਤੇ ਸ਼ਾਮ ਨੂੰ ਘਰ ਵਿਚ ਸ਼ੌਕੀਆ ਤੌਰ 'ਤੇ ਹੋਮਿਉਪੈਥੀ ਦੀ ਚਕਿਤਸਾ ਵੀ ਕਰਦਾ ਹੁੰਦਾ ਸੀ। ਇਕ ਸਾਲ ਪਹਿਲਾਂ ਉਹ ਅਚਾਨਕ ਦਿਲ ਦੇ ਦੌਰੇ ਨਾਲ ਸੁਰਗਵਾਸ ਹੋ ਗਿਆ ਸੀ। ਪੈਂਤੀ ਕੁ ਸਾਲਾਂ ਦੀ ਮਿਡਲ ਪਾਸ ਤੇ ਦੋ ਬੱਚਿਆਂ ਦੀ ਮਾਂ ਰਮਾਂ ਇਕ ਪੁਰਾਣੀ ਜਿਹੀ ਚਾਲ ਦੇ ਇਕ ਕਮਰੇ ਵਿਚ ਰਹਿੰਦੀ ਸੀ। ਉਸ ਕੋਲ ਨਾ ਤੇ ਕੋਈ ਪੈਸਾ-ਧੇਲਾ ਹੀ ਸੀ ਤੇ ਨਾ ਹੀ ਕੋਈ ਕਮਾਈ ਦਾ ਸਾਧਨ। ਅਸਾਂ ਲੋਕਾਂ ਨੇ ਰਲ-ਮਿਲ ਕੇ ਉਸ ਨੂੰ ਇਕ ਲੱਖ ਰੁਪਏ ਦਾ ਚੰਦਾ ਇਕੱਠਾ ਕਰਕੇ ਦਿੱਤਾ ਸੀ, ਜਿਸ ਦੇ ਵਿਆਜ ਨਾਲ ਉਸ ਰੋਟੀ ਚਲਾਣੀ ਸੀ। ਅੱਜ ਇਕ ਸਾਲ ਮਗਰੋਂ ਹੀ ਰਮਾ ਨੂੰ ਵੇਖ ਕੇ ਮੈਂ ਦੰਗ ਰਹਿ ਗਈ। ਸੁਹਣੀ, ਬਣੀ ਸੰਵਰੀ, ਖਿੜੀ ਤੇ ਸਵੈ-ਵਿਸ਼ਵਾਸ ਨਾਲ ਪਰਿਪੂਰਣ! ਉਸ ਦੱਸਿਆ ਕਿ ਉਸਨੇ ਬਿਊਟਿਸ਼ਨ ਦਾ ਕੋਰਸ ਕਰਕੇ ਘਰ ਦੀ ਬਾਲਕੋਨੀ ਵਿਚ ਹੀ ਬਿਊਟੀ ਪਾਰਲਰ ਖੁਹਲ ਲਿਆ ਸੀ ਤੇ ਹੁਣ ਵਾਹ ਵਾਹ ਕਮਾ ਰਹੀ ਸੀ।

-ਕੀ ਮੈਂ ਵੀ ਇਹ ਕੰਮ ਸਿੱਖ ਸਕਦੀ ਹਾਂ?' ਮੈਂ ਕਦੇ ਕਿਸੇ ਬਿਊਟੀ ਪਾਰਲਰ ਵਿਚ ਨਹੀਂ ਸਾਂ ਵੜੀ।

-ਕਿਉਂ ਨਹੀਂ ਦੀਦੀ, ਤੁਸੀਂ ਤਾਂ ਏਨੇ-ਪੜ੍ਹੇ ਲਿਖੇ ਹੋ, ਯੋਗ ਸਾਧਨ ਵਿਚ ਪ੍ਰਬੀਨ ਹੋ । ਏਨੀ ਸੁਹਣੀ ਅੰਗ੍ਰੇਜ਼ੀ ਬੋਲ ਲੈਂਦੇ ਹੋ, ਤੁਸੀਂ ਤਾਂ ਮੇਰੇ ਤੋਂ ਵੀ ਵਧੀਆ ਚਲਾਵੋਗੇ। ਸ਼ੁਰੂ ਤਾਂ ਕਰੋ, ਮੈਂ ਵੀ ਤੁਹਾਡੀ ਪੂਰੀ ਮਦਦ ਕਰਾਂਗੀ'। ਉਸ ਦੇ ਉਤਸ਼ਾਹ ਸਦਕੇ ਦੂਜੇ ਦਿਨ ਹੀ ਮੈਂ ਮਾਡਰਨ ਬਿਊਟੀ ਸੈਂਟਰ ਵਿਚ ਟ੍ਰੇਨਿੰਗ ਲਈ ਭਰਤੀ ਹੋ ਗਈ। ਦੋ ਤਿੰਨ ਮਹੀਨਿਆਂ ਵਿਚ ਹੀ ਪਹਿਲਾਂ ਮੁਫਤ ਤੇ ਫੇਰ ਬਹੁਤ ਘੱਟ ਕੀਮਤ 'ਤੇ ਆਂਢਣਾਂ-ਗੁਆਂਢਣਾਂ ਨੂੰ ਆਪਣੀ ਸੇਵਾ ਦੇਣ ਲੱਗ ਪਈ। ਮਾਰਚ ਉੱਨੀ ਸੌ ਇਕਾਸੀ ਵਿਚ ਤੀਹ ਰੁਪਏ ਕਮਾਕੇ ਮੈਂ ਇੰਝ ਮਹਿਸੂਸ ਕੀਤਾ ਮਾਨੋ ਮੈਨੂੰ ਕਾਰੂੰ ਦਾ ਖਜ਼ਾਨਾ ਹੀ ਮਿਲ ਗਿਆ ਹੋਵੇ। ਮੇਰੀਆਂ ਅੱਖਾਂ ਭਰ ਆਈਆਂ। ਫੇਰ ਤਾਂ ਚਲ ਸੋ ਚਲ। ਦਸੰਬਰ ਇਕਾਸੀ ਤਕ ਮੇਰੀ ਕਮਾਈ ਚਾਰ ਹਿੰਦਸੀ ਸੀਮਾਂ ਨੂੰ ਪਾਰ ਕਰ ਗਈ। ਮੈਂ ਅਗਲੀ ਬਾਲਕੋਨੀ ਵਿਚ ਬਿਊਟੀ ਪਾਰਲਰ ਦਾ ਜ਼ਰੂਰੀ ਜੁਗਾੜ ਕਰ ਲਿਆ। ਇਹ ਕੰਮ ਜੀਤ ਨੂੰ ਵੀ ਮਾਫਕ ਸੀ ਕਿਉਂਕਿ ਇਸ ਵਿਚ ਮੇਰਾ ਕੇਵਲ ਇਸਤਰੀਆਂ ਨਾਲ ਹੀ ਵਾਹ ਪੈਣਾ ਸੀ। ਜਿਉਂ ਜਿਉਂ ਕਮਾਈ ਵਧਦੀ ਗਈ ਮੇਰਾ ਆਤਮ-ਵਿਸ਼ਵਾਸ ਪੁਨਰ ਸਥਾਪਿਤ ਹੁੰਦਾ ਗਿਆ। ਮੈਂ ਤੇ ਸੋਚਿਆ ਸੀ ਕਿ ਮੇਰੇ ਆਪਣੇ ਪੈਰਾਂ ਉਤੇ ਖੜੋਣ ਨਾਲ ਮੇਰੀ ਸ਼ਾਦੀ ਦੀ ਗੱਡੀ ਮੁੜ ਸਹੀ ਪਟੜੀ ਉਤੇ ਆਵੇਗੀ ਪਰ ਉਹ ਤਾਂ ਹੋਰ ਵੀ ਡਿਗੂੰ ਡਿਗੂੰ ਕਰਨ ਲੱਗੀ। ਮੇਰੇ ਰੁਝੇਵੇਂ ਦੇ ਬਹਾਨੇ ਜੀਤ ਹੋਰ ਵੀ ਘਰੋਂ ਬਾਹਰ ਰਹਿਣ ਲੱਗ ਪਿਆ। ਬਿਊਟੀ ਪਾਰਲਰ ਦੇ ਨਾਲ ਨਾਲ ਮੈਂ ਟਰੇਨਿੰਗ ਸੈਂਟਰ ਵੀ ਖੁਹਲ ਲਿਆ। ਹੁਣ ਤਾਂ ਪੈਸਿਆਂ ਦੀ ਜਿਵੇਂ ਬਰਸਾਤ ਹੀ ਹੋਣ ਲੱਗੀ। ਜਿੰਨਾ ਚਾਹਵਾਂ ਕਮਾ ਸਕਦੀ ਸੀ। ਸਿਰ ਸੁੱਟੀ ਲੱਗੀ ਹੀ ਰਹਿੰਦੀ। ਦੋ ਤਿੰਨ ਸਾਲ ਵਿਚ ਮੇਰੇ ਉਤੇ ਡਾਢੀ ਥਕਾਵਟ ਹਾਵੀ ਹੋਣ ਲੱਗੀ। ਮੈਨੂੰ ਲੱਗਦਾ ਕਿ ਮੈਂ ਬਸ ਪੈਸੇ ਕਮਾਣ ਦੀ ਇਕ ਮਸ਼ੀਨ ਹੀ ਬਣ ਗਈ ਹਾਂ। ਸਾਹਿਤ ਨਾ ਪੜ੍ਹ ਸਕਣ ਕਾਰਣ ਘੁਟਣ ਹੋਰ ਵੀ ਵਧਦੀ ਗਈ। ਆਖਰ ਮੈਂ ਆਪਣੇ ਕੰਮ ਨੂੰ ਸੀਮਿਤ ਕਰਨ ਦਾ ਫੈਸਲਾ ਕਰ ਲਿਆ। ਪਾਰਲਰ ਸਵੇਰ ਨੂੰ ਅਤੇ ਟ੍ਰੇਨਿੰਗ ਦਾ ਸਮਾਂ ਸ਼ਾਮ ਨੂੰ ਮੁਕਰਰ ਕਰਕੇ ਦੁਪਹਿਰ ਦਾ ਇਕ ਤੋਂ ਚਾਰ ਵਜੇ ਦਾ ਵਕਤ ਮੈਂ ਆਪਣੇ ਆਰਾਮ ਅਤੇ ਪੜ੍ਹਨ ਮਨਨ ਲਈ ਰੱਖ ਲਿਆ। ਏਸੇ ਵਕਤ ਦੌਰਾਨ (1984 ਦੇ ਲਗਪਗ) ਇਕ ਵੇਰਾਂ ਮੈਂ ਖਾਲਸਾ ਕਾਲਿਜ ਚਲੀ ਗਈ ਤੇ ਉਥੋਂ ਦੇ ਪ੍ਰਿੰਸੀਪਲ, ਸਾਹਿਤਕਾਰ ਕੇ. ਜਗਜੀਤ ਸਿੰਘ ਨੂੰ ਮਿਲ ਕੇ ਕਾਲਿਜ ਦੀ ਲਾਇਬਰੇਰੀ ਵਿਚੋਂ ਇਕੋ ਵੇਰਾਂ ਮਹੀਨੇ ਭਰ

ਲਈ ਮਨਮਰਜ਼ੀ ਦੀਆਂ ਦਸ ਬਾਰਾਂ ਕਿਤਾਬਾਂ ਕਢਵਾਉਣ ਦਾ ਜੁਗਾੜ ਬਣਾ ਲਿਆ। ਲਾਇਬਰੇਰੀ ਦੇ ਪੰਜਾਬੀ ਵਿਭਾਗ ਵਿਚ ਇਕੋ ਥਾਂ ਤੇ ਇਕੋ ਵੇਰਾਂ ਬੇਸ਼ੁਮਾਰ ਪੰਜਾਬੀ ਦੀਆਂ ਪੁਸਤਕਾਂ ਪਰ ਲੱਪ ਲੱਪ ਧੂੜ ਲੱਦੀਆਂ! ਕੋਈ ਵਿਰਲਾ ਹੀ ਵੜਦਾ ਸੀ ਇਸ ਪਾਸੇ। ਉਦੋਂ ਹੀ ਮੇਰੇ ਹੱਥ ਵਿਚ ਗਾਰਗੀ ਦੀ 'ਨੰਗੀ ਧੁੱਪ' ਆਈ।

ਇਸ ਬੀਤੇ ਅਰਸੇ ਦੌਰਾਨ ਗਾਰਗੀ ਦਾ ਵਿਆਹ ਵੀ ਹੋ ਗਿਆ ਸੀ, ਬੱਚੇ ਵੀ ਤੇ ਤਲਾਕ ਵੀ- ਮੈਨੂੰ 'ਨੰਗੀ ਧੁੱਪ ਪੜ੍ਹਨ ਤੋਂ ਹੀ ਪਤਾ ਲੱਗਾ। ਮੈਨੂੰ ਜਾਪਿਆ ਕਿ ਉਸ ਸਵੈਜੀਵਨੀ ਵਿਚ ਆਪਣੀਆਂ ਕਮਜ਼ੋਰੀਆਂ ਦਾ ਇਕਬਾਲ ਕਰਕੇ ਗਾਰਗੀ ਨੇ ਆਪਣੀ ਪਤਨੀ ਜੀਨੀ ਨਾਲ ਪੂਰਾ ਨਿਆਇ ਕੀਤਾ ਹੈ। ਲੰਮੇਂ ਸਮੇਂ ਮਗਰੋਂ ਮੈਨੂੰ ਪੰਜਾਬੀ ਦੀ ਏਨੀ ਅਨੂਠੀ ਪੁਸਤਕ ਪੜ੍ਹਨ ਨੂੰ ਮਿਲੀ ਤੇ ਉਹ ਵੀ ਗਾਰਗੀ ਦੀ। ਚੰਦ ਸਾਲਾਂ ਮਗਰੋਂ (1986-87) ਮੁਹਾਲੀ ਵਿਚ ਆ ਵਸਣ ਮਗਰੋਂ ਸਾਹਿਤਕ ਖੇਤਰ ਵਿਚ ਪੈਰ ਪਾਣ ਉਤੇ ਮੈਨੂੰ 'ਨੰਗੀ ਧੁੱਪ' ਬਾਰੇ ਸਾਹਿਤਕਾਰਾਂ ਦੀ ਕੜੀ ਆਲੋਚਨਾ ਸੁਣਨ ਨੂੰ ਮਿਲੀ। ਬਹੁਤਿਆਂ ਦਾ ਕਹਿਣਾ ਸੀ ਕਿ ਗਾਰਗੀ ਨੇ ਉਸ 'ਦੂਸਰੀ ਔਰਤ' ਨਾਲ ਬੇਇਨਸਾਫ਼ੀ ਕੀਤੀ ਹੈ। ਉਸ ਨੂੰ ਕਿਧਰੇ ਮੂੰਹ ਦੇਣ ਜੋਗਾ ਨਹੀਂ ਛੋੜਿਆ-ਆਦਿ ਆਦਿ। ਪਰ ਮੈਨੂੰ ਇਹ ਸਭ ਵਕਤੀ ਤੇ ਇਕ-ਪਾਸੜ ਪ੍ਰਤੀਕਰਮ ਜਾਪਦੇ ਹਨ। ਇਹ ਸੱਚ ਉਹਨਾਂ ਦਾ ਹੈ ਜੋ ਉਸ ਦੂਸਰੀ ਔਰਤ ਨੂੰ ਜਾਣਦੇ ਹਨ। ਇਕ ਖਾਸ ਸਮੇਂ ਤੇ ਸਥਾਨ ਦੀ ਸੀਮਾ ਵਿਚ ਰੱਖ ਕੇ ਸਾਹਿਤ ਦਾ ਮੁੱਲਾਂਕਣ ਕਰਨਾ ਕਿਤਨਾ ਕੁ ਵਾਜਬ ਹੈ? ਕੀ 'ਨੰਗੀ ਧੁੱਪ' ਦਾ ਧਰਾਤਲ ਕੇਵਲ ਚੰਡੀਗੜ੍ਹ ਤਕ ਹੀ ਸੀਮਿਤ ਹੈ? ਗੱਲ ਕਿਸੇ ਇਕ ਜੀਨੀ ਤੇ ਕਿਸੇ ਇਕ ਦੂਜੀ ਔਰਤ ਦੀ ਨਹੀਂ, ਇਨਸਾਨੀ ਰਿਸ਼ਤਿਆਂ ਦੀ ਹੈ, ਮਾਨਵੀ ਮਨੋਦਵੰਦਾਂ ਦੀ! ਵਕਤ ਲੰਘ ਜਾਏਗਾ। ਨਾ ਗਾਰਗੀ ਦਾ ਭੌਤਕ ਸਰੀਰ ਰਹਿਣਾ ਹੈ, ਨਾ ਜੀਨੀ ਦਾ ਤੇ ਨਾ ਹੀ ਉਸ ਦੂਸਰੀ ਔਰਤ ਦਾ। ਪਰ ਧੁੱਪ ਏਦਾਂ ਹੀ ਨੰਗੀ ਰਹੇਗੀ ਤੇ ਹਰ ਪਾਠਕ ਉਸ ਨਾਲ ਆਪਣੇ ਸੱਚ ਨੂੰ ਆਤਮਸਾਤ ਕਰਦਾ ਰਹੇਗਾ।

ਇਹ ਦੂਜੀ ਔਰਤ ਕੌਣ ਹੈ? ਮੈਂ ਲੋਕਾਂ ਤੋਂ ਉਸ ਬਾਰੇ ਸੁਣ ਸੁਣਕੇ ਉਤਸੁਕ ਹੁੰਦੀ ਰਹੀ ਪਰ ਵੇਖਣ, ਮਿਲਣ ਦਾ ਇਤਫਾਕ ਕਦੇ ਨਾ ਹੋਇਆ। ਜੂਨ, ਇਕਾਨਵੇਂ ਦੀ ਇਕ ਸ਼ਾਮ ਨੂੰ ਪੰਜਾਬ ਸਾਹਿਤ ਅਕਾਦਮੀ ਵਲੋਂ ਕਲਾ ਭਵਨ ਵਿਖੇ ਜੁੜੀ ਇਕ ਸਾਹਿਤਕ ਮਿਲਣੀ ਵਿਚ ਮੈਂ ਇਕ ਲੇਖ ਪੜ੍ਹ ਰਹੀ ਸਾਂ-'ਸਾਹਿਰ ਤੇ ਮੈਂ' । ਅੱਧ ਵਿਚਾਲੇ ਹੀ ਕਿਤੇ ਚਿੱਟੇ ਲਿਬਾਸ ਵਿਚ ਥੁਲਕ ਥੁਲਕ ਭਰਵੀਂ ਤੇ ਸੁਣੱਖੀ ਇਕ ਇਸਤਰੀ ਦਾਖਲ ਹੋਈ ਤੇ ਬੜੇ ਧਿਆਨ ਨਾਲ ਮੈਨੂੰ ਸੁਣਦੀ ਰਹੀ। ਲੇਖ-ਪਾਠ ਦੇ ਖਤਮ ਹੁੰਦਿਆਂ ਹੀ ਉਸ ਉਠਕੇ ਮੇਰੇ ਦੋਵੇਂ ਹੱਥ ਬੜੀ ਨਿੱਘ ਨਾਲ ਘੁਟਦਿਆਂ ਮੈਨੂੰ ਵਧਾਈ ਦਿੱਤੀ ਤੇ ਬੋਲੀ 'ਬਹੁਤ ਖੂਬ! ਮੈਨੂੰ ਅਫ਼ਸੋਸ ਹੈ ਕਿ ਮੈਂ ਇਹ ਲੇਖ ਮੁੱਢ ਤੋਂ ਨਹੀਂ ਸੁਣ ਸਕੀ।' ਸਭਾ ਬਰਖਾਸਤ ਹੋਣ 'ਤੇ ਹੌਲੀ ਹੌਲੀ ਸਭ ਬਿਖਰਨ ਲੱਗੇ। ਮੇਰੇ ਨਾਲ ਦੀ ਕੁਰਸੀ ਉਤੇ ਨਾਟਕਕਾਰ ਕਮਲ ਵਿਦਰੋਹੀ ਬੈਠਾ ਸੀ। ਯਾਦ ਨਹੀਂ ਕਿਵੇਂ ਉਸ ਨਾਲ ਚੰਡੀਗੜ੍ਹ ਦੇ ਇਤਿਹਾਸ ਬਾਰੇ ਗੱਲ ਕਰਦਿਆਂ ਬਲਵੰਤ ਗਾਰਗੀ ਦਾ ਤੇ ਫੇਰ 'ਨੰਗੀ ਧੁੱਪ' ਦਾ ਜ਼ਿਕਰ ਚੱਲ ਪਿਆ ਤੇ ਮੇਰੇ ਮੂੰਹੋਂ ਨਿਕਲਿਆ:

-ਉਹ ਦੂਜੀ ਔਰਤ ਕੌਣ ਹੈ, ਮੈਂ ਨਹੀਂ ਜਾਣਦੀ ਪਰ ਮੈਂ ਚੰਡੀਗੜ੍ਹ ਦੇ ਲੋਕਾਂ ਨਾਲ ਸਹਿਮਤ ਨਹੀਂ ਹਾਂ। ਜੇ 'ਨੰਗੀ ਧੁੱਪ' ਨੂੰ ਕਾਲ-ਮੁਕਤ ਕਰਕੇ ਵੇਖਿਆ ਜਾਵੇ ਤਾਂ ਇਸ ਵਿਚ ਨਿਆਂ-ਅਨਿਆਂ ਵਾਲੀ ਕਿਹੜੀ ਗੱਲ ਰਹਿ ਜਾਂਦੀ ਹੈ?

-ਕਮਾਲ ਹੈ, ਉਹੀ ਤਾਂ ਹੁਣੇ ਹੁਣੇ ਤੁਹਾਨੂੰ ਵਧਾਈ ਦੇ ਕੇ ਗਈ ਹੈ' ਕਮਲ ਵਿਦਰੋਹੀ ਦੇ ਸ਼ਬਦ ਸਨ। ਮੈਂ ਅਵਾਕ ਰਹਿ ਗਈ।

ਨਵੰਬਰ ਅਠਾਸੀ ਵਿਚ ਜਦੋਂ ਮੈਂ ਰੂਸ ਦੀ ਯਾਤਰਾ ਤੋਂ ਪਰਤੀ ਤਾਂ ਦਿੱਲੀ ਵਿਚ ਦੋ ਕੁ ਦਿਨ ਠਹਿਰਨਾ ਸੀ। ਇਸ ਦੌਰਾਨ ਮੈਂ ਬਲਵੰਤ ਗਾਰਗੀ ਦਾ ਨੰਬਰ ਘੁਮਾਇਆ ਪਰ 'ਹੈਨਾ' ਦਾ ਕੋਈ ਹਵਾਲਾ



ਨਾ ਦਿੱਤਾ। ਬਸ ਉਤਸੁਕ ਸਾਂ ਕਿ ਵੇਖਾਂ ਗਾਰਗੀ ਮੈਨੂੰ ਪਛਾਣਦਾ ਵੀ ਹੈ ਕਿ ਨਹੀਂ। ਛੱਬੀ ਸਾਲ ਤੇ ਦਸ ਮਹੀਨਿਆਂ ਬਾਦ ਅਤੀਤ ਵਿਚ ਗੁਆਚੀ ਨੇ ਮੁੜ ਮਿਥੇ ਸਮੇਂ ਉਤੇ ਬੈੱਲ ਦਿੱਤੀ। ਠੀਕ ਸਾਢੇ ਯਾਰਾਂ ਵਜੇ। ਉਹੀ ਘਰ, ਉਹੀ ਤਰਤੀਬ, ਤੇ ਉਹੀ ਗਾਰਗੀ ਚੁਸਤ ਲਿਬਾਸ ਵਿਚ।

ਅਸਾਂ ਭਾਰਤੀਆਂ ਵਿਚ ਇਕ ਕਮਾਲ ਦੀ ਸਿਫਤ ਹੈ। ਅਸੀਂ ਮਹੀਨਿਆਂ ਬੱਧੀ, ਸਾਲਾਂ ਬੱਧੀ, ਉਮਰਾਂ ਬੱਧੀ ਉਂਜ ਦੇ ਉਂਜ ਹੀ ਰਹਿੰਦੇ, ਜਿਉਂਦੇ ਹਾਂ। ਸਾਡਾ ਚਿੰਤਨ ਖੰਡਾਂ, ਬ੍ਰਮੰਡਾਂ ਤੇ ਪੁਲਾੜਾਂ ਨੂੰ ਗਾਹ ਲੈਂਦਾ ਹੈ, ਅਸੀਂ ਬਠਿੰਡੇ ਦੇ ਇਕ ਪਿੰਡ ਵਿਚੋਂ ਫੈਲਕੇ ਸਾਰੀ ਦੁਨੀਆਂ ਵਿਚ ਛਾ ਜਾਂਦੇ ਹਾਂ, ਕਿੰਨਾ ਪ੍ਰਾਣੀ ਲੰਘ ਜਾਂਦਾ ਹੈ, ਕਿੰਨੇ ਮਿੱਤਰ ਮਿਲ ਕੇ ਵਿਛੜ ਜਾਂਦੇ ਹਨ, ਕਿਤਨੇ ਜੰਮ ਕੇ ਮਰ ਖਪ ਜਾਂਦੇ ਹਨ, ਪਰ ਪੂਰਾਂ ਦੇ ਪੂਰ ਲੰਘਾ ਕੇ ਵੀ ਸਾਡੇ ਘਰਾਂ ਵਿਚ ਮੇਜ਼ ਓਥੇ ਹੀ ਰਹਿੰਦਾ ਹੈ, ਦੀਵਾਨ ਵੀ ਓਥੇ ਹੀ, ਸ਼ੈਲਫ ਵੀ ਓਥੇ ਹੀ ਤੇ ਉਸ ਵਿਚ ਪਈਆਂ ਕਿਤਾਬਾਂ ਦੀ ਤਰਤੀਬ ਵੀ ਉਂਝ ਦੀ ਉਂਝ। ਰਤਾ ਕੁ ਕੁਝ ਇਧਰੋਂ ਓਧਰ ਹੋਇਆ ਨਹੀਂ ਕਿ ਅਸੀਂ ਉਖੜੇ ਨਹੀਂ। ਕਿੰਨੇ ਵੀ ਇਨਕਲਾਬੀ ਕਿਉਂ ਨਾ ਹੋ ਜਾਈਏ ਪਰ ਅੰਦਰੋਂ ਅਸੀਂ ਪਰੰਪਰਾਵਾਦੀ ਹਾਂ, ਇਕ ਖਾਸ ਢੰਗ ਨਾਲ ਜਿਉਣ ਤੇ ਜੀਉਂਦੇ ਰਹਿਣ ਦੇ ਆਦਤੀ। ਮੈਨੂੰ ਲੱਗਿਆ ਜਿਵੇਂ ਮੈਂ ਕੱਲ ਹੀ ਗਾਰਗੀ ਦੇ ਘਰ ਆਈ ਸੀ ਤੇ ਉਸਤੋਂ ਬਾਦ ਅੱਜ।

ਟਾਈਪਰਾਈਟਰ ਦੀ ਟਿਕ ਟਿਕ ਚਾਲੂ ਸੀ। ਬੰਦ ਗਲੇ ਵਾਲੀ ਲਾਲ ਨੀਲੀ ਚਾਰਖਾਨੀ ਕਮੀਜ਼ ਤੇ ਜੀਨ ਵਿਚ ਸਜਿਆ ਬੈਠਾ ਗਾਰਗੀ ਕਿਸੇ ਨੂੰ ਡਿਕਟੇਸ਼ਨ ਦੇ ਰਿਹਾ ਸੀ, ਦੋਵੇਂ ਹੱਥ ਜੋੜੀ ਅੱਖਾਂ ਮੀਟੀ, ਇਕਾਗਰ ਚਿੱਤ, ਓਵੇਂ ਹੀ ਜਿਵੇਂ ਮੇਰੀ ਨਜ਼ਮ 'ਲੋਹਿਓਂ ਪਾਰਸ' ਨੂੰ ਸੁਣਨ ਵੇਲੇ ਸੀ। ਚੌੜੇ ਹੱਡਾਂ ਵਾਲੀ, ਤਾਂਬੇ ਰੰਗੀ, ਉਚੀ ਲੰਮੀ ਤੱਖਰ ਜਿਹੀ ਇਕ ਅੱਧਖੜ ਇਸਤਰੀ ਵੀ ਸੀ, ਜਿਸਦੇ ਚਿਹਰੇ ਉਪਰ ਕੁਝ ਨਿਸ਼ਾਨ ਸਨ।

-ਬਸ ਪੰਜ ਮਿੰਟ ਕਾਨਾ ਸਿੰਘ', ਗਾਰਗੀ ਨੇ ਮੈਨੂੰ ਖੱਬੇ ਹੱਥ ਵੱਲ ਵਿਛੇ ਕਾਲੀਨ ਉਤੇ ਬੈਠਣ ਲਈ ਇਸ਼ਾਰਾ ਕਰਦਿਆਂ ਕਿਹਾ।

-ਸਭ ਕੁਝ ਉਹੀ ਹੈ, ਇਕ ਸੰਤੋਖ ਤੋਂ ਬਿਨਾਂ', ਬਿੰਦ ਕੁ ਮਗਰੋਂ ਗਾਰਗੀ ਦੇ ਮੇਰੇ ਵੱਲ ਮੁਸਕਰਾ ਕੇ ਵੇਖਣ ਉਤੇ ਮੈਥੋਂ ਕਹਿ ਹੋ ਗਿਆ। ਉਸ ਦੀ ਮੁਸਕਰਾਹਟ ਫੈਲ ਗਈ ਪਰ ਮੇਰੇ ਇੰਝ ਕਹਿਣ ਨਾਲ ਜਾਂ ਰੱਬ ਜਾਣੇ ਪਹਿਲਾਂ ਤੋਂ ਹੀ ਕਿਸੇ ਗੱਲੋਂ ਔਖੀ ਹੋਣ ਕਾਰਣ ਉਸ ਤੀਵੀਂ ਦਾ ਚਿਹਰਾ ਮੈਨੂੰ ਤਮਤਮਾਇਆ ਜਿਹਾ ਜਾਪਿਆ। ਫੋਨ ਵੱਜਿਆ। ਬੰਬਈ ਤੋਂ ਕਾਲ ਆਈ ਤੇ ਫਿਰ ਇਕ ਹੋਰ ਤੇ ਹੋਰ ਕਾਲ। ਗਾਰਗੀ ਕੁਝ ਭਾਜੜ ਜਿਹੀ 'ਚ ਲੱਗਾ। ਉਸ ਨੂੰ ਕੁਝ ਲੱਭ ਨਹੀਂ ਸੀ ਰਿਹਾ, ਕੋਈ ਕਿਤਾਬ, ਕੋਈ ਫਾਈਲ ਜਾਂ ਕੋਈ ਜ਼ਰੂਰੀ ਲਿਖਤ, ਉਸ ਉਸ ਇਸਤਰੀ ਨੂੰ ਲੱਭਣ ਵਿਚ ਮਦਦ ਕਰਨ ਲਈ ਬੇਨਤੀ ਕੀਤੀ ਪਰ ਉਹ ਔਖੀ ਜਿਹੀ ਸੀ ਤੇ ਉਸਦੀ ਗੱਲ ਦਾ ਹੁੰਗਾਰਾ ਨਹੀਂ ਸੀ ਭਰ ਰਹੀ। ਗਾਰਗੀ ਦੀ ਸੁਰ ਧੀਮੀ ਸੀ, ਮੱਧਮ, ਸ਼ਾਂਤ ਪਰ ਕੁਝ ਸ਼ਰਮਿੰਦਾ ਸ਼ਰਮਿੰਦਾ।

'ਮਾਫ ਕਰਨਾ ਕਾਨਾ ਸਿੰਘ, ਕੁਝ ਮਿੰਟ ਹੋਰ', ਉਸ ਮੈਨੂੰ ਹੋਰ ਉਡੀਕਣ ਲਈ ਕਿਹਾ। ਉਹ ਇਸਤਰੀ ਮੇਰੇ ਕੋਲ ਆ ਕੇ ਬਹਿ ਗਈ। ਮੈਨੂੰ ਸਾਥ ਦੇਣ ਲਈ ਜਾਂ ਘਰ ਦੀ ਗ੍ਰਹਿਣੀ ਵਾਂਗ ਆਪਣੀ ਹੋਂਦ ਜਤਾਉਣ ਲਈ। ਉਸ ਆਪਣਾ ਨਾਂ ਦੱਸਿਆ ਜੋ ਹੁਣ ਮੈਨੂੰ ਯਾਦ ਨਹੀਂ। ਉਸ ਇਹ ਵੀ ਦੱਸਿਆ ਕਿ ਉਹ ਗਾਰਗੀ ਦੇ ਆਉਂਦੇ ਸੀਰੀਅਲ ਵਿਚ ਕੰਮ ਕਰ ਰਹੀ ਸੀ। ਮੈਂ ਟੀ. ਵੀ. ਘੱਟ ਵੱਧ ਹੀ ਵੇਖਦੀ ਹਾਂ। ਪਤਾ ਨਹੀਂ ਉਹ ਕਿਹੜਾ ਸੀਰੀਅਲ ਸੀ ਤੇ ਉਸ ਨੇ ਉਸ ਵਿਚ ਕੰਮ ਕੀਤਾ ਵੀ ਸੀ ਜਾਂ ਨਹੀਂ। ਮੈਨੂੰ ਕੁਝ ਪਤਾ ਨਹੀਂ। ਮੇਰੇ ਨਾਲ ਉਸ ਦਾ ਵਤੀਰਾ ਇੰਝ ਦਾ ਸੀ ਜਿਵੇਂ ਰੇਲਗੱਡੀ ਦੇ ਸਾਧਾਰਣ ਡੱਬੇ ਵਿਚ ਆਪਣੀ ਸੀਟ ਉਤੇ ਡਟਿਆ ਕੋਈ ਮੁਸਾਫਰ ਨਾਲ ਦੀ ਖਾਲੀ ਸੀਟ ਉਤੇ ਵੀ ਆਪਣਾ ਹੱਕ ਜਮਾਉਣ ਲਈ ਕਿਸੇ ਨਵੇਂ ਪ੍ਰਵੇਸ਼ ਕਰਦੇ ਨੂੰ ਘੂਰਦਾ ਹੈ। ਗਾਰਗੀ ਨੇ ਉਸ ਨੂੰ ਫੇਰ ਕੁਝ ਲੱਭਣ ਵਿਚ

ਮਦਦ ਕਰਨ ਲਈ ਉਸਨੂੰ ਪੁਰਜ਼ੋਰ ਬੇਨਤੀ ਕੀਤੀ। ਉਹ ਉਠੀ ਤਾਂ ਸਹੀ ਪਰ ਚਿੜੀ ਹੋਈ। ਇ ਦੱਸਣ ਲਈ ਕਿ ਮੈਂ ਇਹ ਸਭ ਨੋਟ ਨਹੀਂ ਕਰ ਰਹੀ, ਮੈਂ ਆਪਣਾ ਧਿਆਨ ਨਾਲ ਲਗਦੇ ਕਿਤਾਬਾਂ ਸ਼ੈਲਫ ਵੱਲ ਮੋੜ ਲਿਆ। ਵਿਚਕਾਰਲੇ ਫੱਟੇ ਉਤੇ ਕਿਤਾਬਾਂ ਦੇ ਅੱਗੇ ਕਰਕੇ ਸਾਹਮਣੇ ਹੀ ਵਾਲੀ ਦਾ ਇਕ ਜੋੜਾ ਪਿਆ ਸੀ, ਭਾਰੀਆਂ ਭਾਰੀਆਂ ਚਾਂਦੀ ਜਾਂ ਗਿਲਟ ਦੀਆਂ ਵਾਲੀਆਂ, ਜਿਨ੍ਹਾਂ ਨੂੰ ਅ ਕਲ੍ਹ ਗੋ ਗੋ ਜਿਊਲਰੀ ਕਹਿੰਦੇ ਨੇ, ਚਲੰਤ ਜਿਹੀ। ਅਚਲਾ ਸਚਦੇਵ, ਪ੍ਰਵੀਨ ਬੋਬੀ, ਰਮਾ ਵਿੱਜ ਦੂਸਰੀ ਔਰਤ ਵਰਗੀਆਂ ਭਰੀਆਂ ਭਰੀਆਂ, ਚੌੜੇ-ਚੱਕਲੇ ਚਿਹਰਿਆਂ, ਮੋਟੇ ਨਕਸ਼ਾਂ, ਭਰਪੂਰ ਹੋਠਾਂ ਚਮਕਦੇ ਦੰਦਾਂ ਵਾਲੀਆਂ ਬੁਲਕ ਬੁਲਕ ਇਸਤਰੀਆਂ ਨਾਲ ਤਾਂ ਮੈਂ ਗਾਰਗੀ ਨੂੰ ਸੰਬੰਧਤ ਵੇਖ ਸਕ ਸਾਂ ਪਰ ਕੁਝ ਹੱਦ ਤਕ ਇਹ ਸਭ ਹੁੰਦਿਆਂ ਹੋਇਆਂ ਵੀ ਇਹ ਇਸਤਰੀ ਮੇਰੇ ਮਨ ਦੇ ਚੌਖਟੇ ਵਿ ਗਾਰਗੀ ਦੇ ਨਾਲ ਫਿੱਟ ਹੀ ਨਹੀਂ ਸੀ ਹੋ ਰਹੀ।

ਕੁਝ ਦੇਰ ਮਗਰੋਂ ਗਾਰਗੀ ਵੀ ਫਾਰਗ ਹੋ ਕੇ ਮੇਰੇ ਕੋਲ ਆ ਬੈਠਾ ਥੱਲੇ, ਕਾਲੀਨ ਉਤੇ। ਉ ਤਰ੍ਹਾਂ ਚਾਹ ਦੀ ਟਰੇ ਵੀ ਹਾਜ਼ਰ ਸੀ। ਖੁਲ੍ਹੇ ਰੂਸੀ ਪਿਆਲੇ, ਦੁੱਧ ਵੱਖਰਾ, ਕਾਹਵਾ ਵੱਖਰਾ।

-ਕਿੰਨੀ ਖੰਡ ਪਾਵਾਂ?' ਉਸੇ ਤਰ੍ਹਾਂ ਮੁਸਕਰਾਂਦੇ ਉਸ ਪੁੱਛਿਆ। ਪਰ ਉਸ ਮੁਸਕਰਾਹਟ ਵਿ ਕੁਝ ਸੀ, ਜੋ ਨਹੀਂ ਸੀ। ਕੀ ਇਹ ਉਹੋ ਗਾਰਗੀ ਸੀ?

-ਮੈਂ ਤੁਹਾਨੂੰ ਆਪਣੀ ਨਜ਼ਮਾਂ ਦੀ ਕਿਤਾਬ ਭੇਜੀ ਸੀ, 'ਲੋਹਿਓਂ ਪਾਰਸ' ... ਸੋਚਿਆ ਸ਼ਾਇ ਗਾਰਗੀ ਨੂੰ ਅਤੀਤ ਵਿਚੋਂ ਕੁਝ ਯਾਦ ਆ ਜਾਵੇ।

-ਉਹ ਤੇਰੀ ਸੀ? ਪਰ ਉਸ ਵਿਚ ਯੋਗਾ ਨਾਲ ਸੰਬੰਧਤ ਕੋਈ ਸਿਰਨਾਵਾਂ ਕਾਰਡ ਸੀ, ਮੈਂ ਸਮਝਿਆ ਉਹ ਕੋਈ ਯੋਗਾ ਬਾਰੇ ਕਿਤਾਬ ਹੋਣੀ ਹੈ। ਮੈਂ ਖੋਹਲੀ ਹੀ ਨਹੀਂ। ਹੁਣ ਪੜ੍ਹਾਂਗਾ। ਤੈਨੂੰ ਸਾਹਿ ਦੀ ਕਿਤਾਬ ਵਿਚ ਆਪਣੇ ਕਿੱਤੇ ਵਾਲਾ ਕਾਰਡ ਨਹੀਂ ਸੀ ਪਾਉਣਾ ਚਾਹੀਦਾ।' ਗਾਰਗੀ ਉਹੀ ਸੰ ਸਪਸ਼ਟ ਸੁਹਿਰਦ ਮੱਤਾਂ ਦੇਣ ਵਾਲਾ। ਮੈਨੂੰ ਚੰਗਾ ਲੱਗਾ।

ਉਹ ਇਸਤਰੀ ਵੀ ਚਾਹ ਦੇ ਪਿਆਲੇ ਉਤੇ ਸ਼ਾਮਲ ਹੋ ਗਈ। ਸਾਧਾਰੰਣ ਸਹਿਜ ਗੱਲਾਂ ਬੰਬਈ ਬਾਰੇ, ਰੂਸ ਬਾਰੇ ਜੋ ਸਹਿਜ ਨਹੀਂ ਸਨ। ਮੈਂ ਬੰਬਈ ਵਰਗੀ ਸਵਰਗ- ਧਰਤੀ ਨੂੰ ਛੱਡਕੇ ਮੁਹਾਲੀ ਵਿ ਕਿਵੇਂ ਆ ਵਸੀ, ਇਹ ਗਾਰਗੀ ਦੀ ਸਮਝ ਤੋਂ ਬਾਹਰ ਸੀ ਤੇ ਮੇਰੇ ਸਮਝਾਉਣ ਤੋਂ ਉਰ੍ਹਾਂ। ਮੈਂ ਮਹਿਸੂ ਕਰ ਰਹੀ ਸਾਂ ਕਿ ਗਾਰਗੀ ਨੇ ਬੜੀ ਮੁਸ਼ਕਲ ਨਾਲ ਮੇਰੇ ਲਈ ਵਕਤ ਕੱਢਿਆ ਹੈ। ਉਸਦੀ ਮਸਰੂਫੀਅ ਵਿਚ ਦਖਲ ਦੇ ਕੇ ਮੈਂ ਮਨ ਹੀ ਮਨ ਪਛਤਾ ਰਹੀ ਸਾਂ। ਸੋ ਛੇਤੀ ਹੀ ਵਿਦਾ ਲੈਣੀ ਚਾਹੀ।

ਦਰਵਾਜ਼ੇ ਤਕ ਉਹ ਛੱਡਣ ਆਇਆ। ਬੂਹਿਓਂ ਬਾਹਰ ਹੁੰਦਿਆਂ ਹੀ ਉਸ ਮੇਰੇ ਦੋਵੇਂ ਹੱ ਆਪਣੇ ਹੱਥਾਂ ਵਿਚ ਘੁੱਟ ਲਏ। ਇਕ ਪੀਡੀ ਤੇ ਨਿੱਘੀ ਘੁੱਟਣੀ!

-ਮਾਫ਼ ਕਰੀਂ ਹੈਨਾਂ, ਮੈਂ ਤੈਨੂੰ ਖਾਸ ਵਕਤ ਨਹੀਂ ਦੇ ਸਕਿਆ। ਕੀ ਤੂੰ ਫੇਰ ਨਹੀਂ ਆ ਸਕਦੀ? ਤੂੰ ਫੇਰ ਕਦੋਂ ਦਿੱਲੀ ਆਵੇਂਗੀ?' ਮੈਨੂੰ ਹੁਣ ਆਪਣਾ ਚੱਕਰ ਅਜਾਈਂ ਨਾਂ ਲੱਗਾ।

-ਮੈਂ ਫਰਵਰੀ ਵਿਚ ਆਵਾਂਗੀ। ਛੇ ਫਰਵਰੀ ਨੂੰ ਮੇਰੇ ਮਾਪਿਆਂ ਦੀ ਬਰਸੀ ਹੈ।'

- ਮੈਨੂੰ ਅਫ਼ਸੋਸ ਹੈ! ਠੀਕ ਹੈ, ਤੂੰ ਸੱਤ ਫਰਵਰੀ ਦੀ ਸਵੇਰ ਨੂੰ ਏਥੇ ਹੋਵੇਂਗੀ। ਠੀਕ ਸਾਢੇ ਯਾਰਾਂ ਵਜੇ। ਉਹ ਦਿਨ ਮੈਂ ਸਿਰਫ ਤੇਰੇ ਲਈ ਰੱਖਾਂਗਾ। ਪੂਰਾ!'

-ਠੀਕ ਹੈ'। ਕਹਿਣ ਨੂੰ ਤਾਂ ਮੈਂ ਕਹਿ ਦਿੱਤਾ ਪਰ 'ਕੀ ਇਹ ਗਾਰਗੀ ਦੇ ਹਿਤ ਵਿਚ ਹੋਵੇਗਾ?' ਮੈਂ ਸੋਚ ਰਹੀ ਸਾਂ।

[501, ਸੈਕਟਰ 60, ਮੁਹਾਲੀ-160 059]



# ਵਰਿਆਮ ਸਿੰਘ ਸੰਧੂ ਦੀ ਵਿਲੱਖਣਤਾ

ਰਘਬੀਰ ਸਿੰਘ

ਇਕ ਪ੍ਰਤਿਭਾਸ਼ੀਲ ਕਹਾਣੀਕਾਰ ਵਜੋਂ ਵਰਿਆਮ ਸਿੰਘ ਸੰਧੂ ਨੂੰ ਪੰਜਾਬੀ ਸਾਹਿਤ-ਜਗਤ ਵਿਚ ਨਿਵੇਕਲਾ ਤੇ ਸਤਿਕਾਰ ਵਾਲਾ ਸਥਾਨ ਮਿਲ ਚੁੱਕਿਆ ਹੈ। ਨਵੀਂ ਪੀੜ੍ਹੀ ਦੇ ਇਸ ਸਮਰੱਥ ਕਥਾਕਾਰ ਨੇ ਹੁਣ ਤਕ (ਲੋਹੇ ਦੇ ਹੱਥ, ਅੰਗ ਸੰਗ, ਭੱਜੀਆਂ ਬਾਹੀਂ) ਤਿੰਨ ਕਥਾ-ਪੁਸਤਕਾਂ ਅਤੇ ਕੁਝ ਪੁਸਤਕ-ਬਾਹਰੀਆਂ ਰਚਨਾਵਾਂ ਸਮੇਤ ਲਗਪਗ ਢਾਈ ਦਰਜਨ ਕਹਾਣੀਆਂ ਹੀ ਲਿਖੀਆਂ ਹਨ। ਐਪਰ ਇਹ ਉਸ ਦੀ ਪ੍ਰਤਿਭਾ ਦਾ ਹੀ ਕਮਾਲ ਹੈ ਕਿ ਗਿਣਤੀ ਦੇ ਪੱਖੋਂ ਥੋੜ੍ਹੀ ਰਚਨਾ ਕਰਨ ਦੇ ਬਾਵਜੂਦ ਉਸ ਨੂੰ ਵਿਆਪਕ ਪ੍ਰਵਾਨਗੀ ਮਿਲੀ ਹੈ ਅਤੇ ਪੰਜਾਬੀ ਕਹਾਣੀ-ਸਾਹਿਤ ਵਿਚ ਉਸ ਦੀ ਵਿਲੱਖਣ ਪਛਾਣ ਸਥਾਪਤ ਹੋ ਗਈ ਹੈ। ਪੰਜਾਬੀ ਕਹਾਣੀ ਵਿਚ ਇਸ ਪੱਧਰ ਦਾ ਮਾਣ-ਸਤਿਕਾਰ ਕੇਵਲ ਕੁਲਵੰਤ ਸਿੰਘ ਵਿਰਕ ਨੂੰ ਹੀ ਪ੍ਰਾਪਤ ਹੋਇਆ ਹੈ ਅਤੇ ਇਹ ਗੱਲ ਚੋਖੀ ਦਿਲਚਸਪੀ ਵਾਲੀ ਹੈ ਕਿ ਵਿਰਕ ਨੇ ਵੀ ਗਿਣਤੀ ਦੇ ਪੱਖ ਤੋਂ ਕੋਈ ਜ਼ਿਆਦਾ ਰਚਨਾ ਨਹੀਂ ਸੀ ਕੀਤੀ।

ਥੋੜ੍ਹੀ ਰਚਨਾ ਕਰਨ ਦੇ ਬਾਵਜੂਦ ਵਿਰਕ ਨੂੰ ਜੇ ਪੰਜਾਬੀ ਦੇ ਇਕ ਸ੍ਰੇਸ਼ਟ ਕਥਾਕਾਰ ਵਜੋਂ ਪ੍ਰਵਾਨਗੀ ਮਿਲੀ ਤਾਂ ਉਸ ਦਾ ਸਪਸ਼ਟ ਆਧਾਰ ਸੀ, ਕਹਾਣੀ ਵਿਚਲੇ ਵਿਸ਼ੈ-ਵਸਤੂ ਦੀ ਪ੍ਰਮਾਣਿਕਤਾ ਅਤੇ ਉਸ ਨੂੰ ਆਧੁਨਿਕ ਨਿੱਕੀ ਕਹਾਣੀ ਦੇ ਸਾਂਚੇ ਵਿਚ ਬਹੁਤ ਹੀ ਸਹਿਜ ਤੇ ਸੰਜਮ ਨਾਲ ਢਾਲ ਸਕਣ ਦੀ ਉਸ ਦੀ ਕੁਸ਼ਲਤਾ। ਸ਼ਬਦਾਂ ਦੀ ਵਰਤੋਂ ਵਿਚ ਬਹੁਤ ਹੀ ਸੰਜਮ ਤੋਂ ਕੰਮ ਲੈਣ ਵਾਲਾ, ਬਹੁਤ ਹਾਲਤਾਂ ਵਿਚ ਚੁੱਪ-ਚਪੀਤੇ ਹੀ ਜਗਤ-ਰਵੀਰੇ ਨੂੰ ਡੂੰਘਾਈ ਨਾਲ ਸਮਝਣ ਲਈ ਯਤਨਸ਼ੀਲ, ਵਿਰਕ ਪ੍ਰਾਪਤ ਸਥਿਤੀਆਂ ਵਿਚ ਪਾਤਰਾਂ ਦੀ ਧੁਰ ਅੰਦਰਲੀ ਹਕੀਕਤ ਨੂੰ ਇੰਝ ਪਕੜ ਲੈਂਦਾ ਸੀ ਕਿ ਸੰਖੇਪ ਜਿਹੇ ਵਿਵਰਣ ਵਿਚੋਂ, ਉਸ ਦੀ ਲਿਖਤ ਦੇ ਡੂੰਘੇ ਅਰਥਾਂ ਸਦਕਾ, ਪਾਠਕ ਲੰਮਾ ਸਮਾਂ ਪਿੱਛੋਂ ਤਕ ਸਰਸ਼ਾਰ ਹੋਇਆ ਰਹਿੰਦਾ ਸੀ। ਦ੍ਰਿਸ਼ਟੀ ਪੱਖੋਂ ਪੂਰਾ-ਸੂਰਾ ਮਾਨਵਵਾਦੀ, ਵਿਰਕ ਧਰਮ, ਨੈਤਿਕਤਾ ਅਤੇ ਰਾਜਨੀਤੀ ਦੇ ਬੇਲੋੜੇ ਸ਼ੋਰ ਤੋਂ ਬਚਕੇ ਕਹਾਣੀ ਦੇ ਨਿੱਕੇ ਆਕਾਰ ਵਿਚ ਵਡੇਰੀਆਂ ਗੱਲਾਂ ਕਰ ਸਕਣ ਦੀ ਸਮਰੱਥਾ ਰੱਖਦਾ ਸੀ- ਗੱਲਾਂ ਜੋ ਮਨੁੱਖ ਦੇ ਬਾਹਰੀ ਜਗਤ ਅਤੇ ਮਨੁੱਖ ਦੇ ਅੰਦਰਲੇ ਜਗਤ ਦੋਹਾਂ ਦੀ ਹੀ ਡੂੰਘੀ ਪਛਾਣ ਕਰਾਉਂਦੀਆਂ ਹੋਈਆਂ ਇਕ ਅਸਾਧਾਰਨ ਕਲਾਤਮਕ ਪ੍ਰਭਾਵ ਸਿਰਜਦੀਆਂ ਸਨ। ਵਿਰਕ ਤੋਂ ਪਹਿਲਾਂ ਅਤੇ ਉਸ ਦੇ ਸਮਕਾਲੀ ਪੰਜਾਬੀ ਵਿਚ ਕਈ ਹੋਰ ਵੀ ਕਹਾਣੀਕਾਰ ਸਨ ਜਿਨ੍ਹਾਂ ਦੀ ਕਲਾ-ਸਮਰੱਥਾ ਅਤੇ ਉਹਨਾਂ ਦੀ ਪ੍ਰਾਪਤੀ ਉਤੇ ਪੰਜਾਬੀ ਕਥਾ-ਸਾਹਿਤ ਮਾਣ ਕਰ ਸਕਦਾ ਸੀ, ਪਰ ਆਪਣੀ ਅਸਾਧਰਣ ਪ੍ਰਤਿਭਾ ਸਦਕਾ ਉਹ ਪੰਜਾਬੀ ਕਹਾਣੀ-ਸਾਹਿਤ ਵਿਚ ਆਪਣਾ ਵਿਲੱਖਣ ਸਥਾਨ ਬਣਾ ਗਿਆ।

ਵਿਰਕ ਵਰਗਾ ਹੀ ਵਿਲੱਖਣ ਸਥਾਨ ਪੰਜਾਬੀ ਕਥਾ-ਸਾਹਿਤ ਵਿਚ ਜੇ ਕਿਸੇ ਹੋਰ ਕਹਾਣੀਕਾਰ ਨੂੰ ਮਿਲਿਆ ਹੈ ਤਾਂ ਉਹ ਹੈ ਵਰਿਆਮ ਸਿੰਘ ਸੰਧੂ। ਬਹੁਤ ਕੁਝ ਵਰਿਆਮ ਦਾ ਵਿਰਕ ਨਾਲ ਸਾਂਝਾ ਹੈ। ਕਿਰਸਾਣੀ ਪਿਛੋਕੜ ਤੇ ਪਰਿਵੇਸ਼ ਵਾਲਾ ਵਰਿਆਮ ਵੀ ਮੁੱਖ ਤੌਰ 'ਤੇ ਪੇਂਡੂ ਜੀਵਨ ਦਾ ਚਿੱਤਰਕਾਰ ਹੈ। ਵਿਰਕ ਵਾਂਗ ਉਸਦੀ ਲਿਖਣ-ਸ਼ੈਲੀ ਵੀ ਬਹੁਤ ਯਥਾਰਥਵਾਦੀ ਹੈ। ਵਿਰਕ ਵਾਂਗ ਹੀ ਉਹ ਬਹੁਤ ਸਹਿਜ ਗਤੀ ਨਾਲ ਰਚਨਾ ਕਰਦਾ ਹੈ। ਪਰੰਤੂ ਸਾਂਝ ਦੇ ਇਹਨਾ ਪੱਖਾਂ ਦੇ ਨਾਲ ਨਾਲ ਵਿਰਕ ਨਾਲੋਂ ਉਸ ਦਾ ਵਖਰੇਵਾਂ ਤੇ ਨਿਖੇੜਾ ਵੀ ਬਹੁਤ ਉਘੜਵਾਂ ਹੈ। ਉਹ ਵਿਰਕ ਵਾਂਗ ਸਰਗਰਮ ਰਾਜਨੀਤੀ ਤੋਂ ਅਭਿੱਜ ਨਹੀਂ। ਵਿਰਕ ਜੇ ਕਿਸੇ ਲਹਿਰ ਜਾਂ ਵਾਦ ਨਾਲ ਜੁੜਨ ਤੋਂ ਕਤਰਾਉਂਦਾ ਸੀ ਤਾਂ ਵਰਿਆਮ ਨੂੰ ਕਿਸੇ ਰਾਜਨੀਤਿਕ ਸਾਂਸਕ੍ਰਿਤਕ ਲਹਿਰ ਨਾਲ ਨਾਤਾ ਜੋੜਨ ਤੋਂ ਕੋਈ ਝਿਜਕ ਨਹੀਂ। ਵਿਰਕ ਦੀ ਕਹਾਣੀ ਆਕਾਰ ਪੱਖੋਂ ਬਹੁਤ ਛੋਟੀ ਹੁੰਦੀ ਸੀ ਤਾਂ ਛੋਟੇ ਆਕਾਰ ਦੀਆ ਕਈ ਕਹਾਣੀਆਂ ਲਿਖਣ ਦੇ ਬਾਵਜੂਦ

ਵਰਿਆਮ ਦਾ ਬਿੰਬ ਲੰਮੀ ਕਹਾਣੀ ਦੇ ਲੇਖਕ ਵਜੋਂ ਲਗਾਤਾਰ ਪਰਿਪੱਕ ਹੁੰਦਾ ਗਿਆ ਹੈ। ਆਪਣੀਆਂ ਕਹਾਣੀਆਂ ਦੇ ਵਸਤੂ ਦੀ ਚੋਣ ਵਿਚ ਅਤੇ ਉਹਨਾਂ ਦੇ ਦ੍ਰਿਸ਼ਟੀਗਤ ਨਿਭਾਅ ਵਿਚ ਵਿਸ਼ਾਲ ਮਾਨਵਵਾਦੀ ਪਹੁੰਚ ਧਾਰਨ ਕਰਨ ਦੇ ਬਾਵਜੂਦ ਵਰਿਆਮ ਹਾਲੇ ਵੀ ਵਿਰਕ ਦੇ ਵਿਪਰੀਤ ਸ਼ਹਿਰੀ ਮੱਧ ਵਰਗੀ ਜੀਵਨ ਦੇ ਉਨ੍ਹਾਂ ਮੁੱਦਿਆਂ ਨੂੰ ਛੋਹਣ ਤੋਂ ਬਚਦਾ ਹੈ, ਜੋ ਵਿਰਕ ਦੀ ਮਗਰਲੇ ਪੜਾਅ ਦੀ ਰਚਨਾ ਦਾ ਵਡੇਰਾ ਭਾਗ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਸਾਂਝ ਨਾਲੋਂ ਵੀ ਵੱਧ ਇਹ ਵਖਰੇਵੇਂ ਹੀ ਹਨ ਜੋ ਵਰਿਆਮ ਸਿੰਘ ਸੰਧੂ ਨੂੰ ਕੁਲਵੰਤ ਸਿੰਘ ਵਿਰਕ ਦੀ ਪ੍ਰਤਿਭਾ ਦੇ ਹਾਣ ਦੇ ਕਹਾਣੀਕਾਰ ਵਜੋਂ ਸਥਾਪਤ ਕਰਦੇ ਹਨ। ਸਮਕਾਲੀ ਕਥਾਕਾਰਾਂ ਨਾਲੋਂ ਵੀ ਵਰਿਆਮ ਸਿੰਘ ਸੰਧੂ ਦੇ ਅਜਿਹੇ ਵਖਰੇਵੇਂ ਤੇ ਨਿਵੇਕਲੇਪਨ ਵਿਚੋਂ ਹੀ ਉਸ ਦੀ ਵਿਲੱਖਣਤਾ ਦਾ ਭੇਤ ਖੁਲ੍ਹਦਾ ਹੈ। ਉਸ ਦੀ ਵਿਲੱਖਣਤਾ ਦਾ ਮੁੱਢਲਾ ਨੁਕਤਾ ਇਹ ਹੈ ਕਿ ਉਸ ਨੇ ਵਿਰਕ ਸਮੇਤ ਪਹਿਲੀ ਪੀਹੜੀ ਦੇ ਸਭਨਾਂ ਸਮਰੱਥ ਕਹਾਣੀਕਾਰਾਂ ਵੱਲੋਂ ਆਧੁਨਿਕ ਨਿੱਕੀ ਕਹਾਣੀ ਦੇ ਸਿਰਜੇ ਹੋਏ ਮਾਡਲ ਦਾ ਅਨੁਸਰਣ ਨਹੀਂ ਕੀਤਾ। ਆਧੁਨਿਕ ਨਿੱਕੀ ਕਹਾਣੀ ਦੇ ਪੱਛਮੀ ਸੰਕਲਪਾਂ ਅਤੇ ਉਸ ਦੇ ਅਨੁਸਾਰੀ ਕਥਾ-ਜੁਗਤਾਂ ਤੋਂ ਉਹ ਬਹੁਤ ਵਾਰ ਲਾਂਭੇ ਦੀ ਹੋ ਕੇ ਲੰਘ ਗਿਆ ਹੈ। ਸਿੱਟੇ ਵਜੋਂ ਉਸ ਨੇ ਕਹਾਣੀ ਦੀ ਵਿਧਾ ਦੇ ਸਿਧਾਂਤਕਾਰਾਂ ਤੇ ਸਮੀਖਿਆਕਾਰਾਂ ਅੱਗੇ ਕਹਾਣੀ ਦਾ ਇਕ ਨਵਾਂ ਮਾਡਲ ਪੇਸ਼ ਕਰਕੇ ਉਹਨਾਂ ਨੂੰ ਇਸ ਵਿਧਾ ਦੇ ਸੰਬੰਧ ਵਿਚ ਨਵੀਆਂ ਧਾਰਨਾਵਾਂ ਘੜਨ ਲਈ ਮਜਬੂਰ ਕਰ ਦਿੱਤਾ ਹੈ। ਹੁਣ ਤੇਜ਼ ਗਤੀ ਨਾਲ ਆਪਣੇ ਸਿਖਰ ਵੱਲ ਵਧਦੀ, ਕਿਸੇ ਇਕ ਘਟਨਾ ਜਾਂ ਕਿਸੇ ਪਾਤਰ ਦੇ ਇਕਹਿਰੇ ਜਿਹੇ ਚਿੱਤਰ ਨੂੰ ਪੇਸ਼ ਕਰਦੀ ਕਹਾਣੀ ਪੰਜਾਬੀ ਦੇ ਆਧੁਨਿਕ ਕਥਾ-ਸਾਹਿਤ ਦਾ ਇਕੋ ਇਕ ਪ੍ਰਮਾਣਿਕ ਨਮੂਨਾ ਨਹੀਂ ਰਹਿ ਗਈ। ਵਰਿਆਮ ਨੇ ਇਹ ਸਥਾਪਤ ਕਰ ਦਿੱਤਾ ਹੈ ਕਿ ਕਹਾਣੀ ਦੀ ਵਿਧਾ ਨਿਗੂਣੀਆਂ ਜਿਹੀਆਂ, ਇਕ-ਪਰਤੀ ਘਟਨਾਵਾਂ ਦਾ ਚਿੱਤਰ ਉਲੀਕਣ ਦਾ ਮਾਧਿਅਮ ਮਾਤਰ ਨਹੀਂ। ਇਹ ਇਕ ਬਹੁਤ ਗੰਭੀਰ ਸਾਹਿਤ-ਵਿਧਾ ਹੈ ਜਿਸ ਵਿਚ ਲੇਖਕ ਨੂੰ ਸ਼ੂਟ ਵੱਟ ਕੇ ਦੌੜਨ ਦੀ ਲੋੜ ਨਹੀਂ, ਉਹ ਸਹਿਜ ਗਤੀ ਨਾਲ ਥੋੜ੍ਹਾ ਬਹੁਤ ਆਸੇ-ਪਾਸੇ ਵੇਖਦਾ ਹੋਇਆ ਵੀ ਪ੍ਰਭਾਵ ਦੀ ਏਕਤਾ ਸਿਰਜ ਸਕਦਾ ਹੈ ਅਤੇ ਕਹਾਣੀਆਂ ਦੀਆਂ ਵੱਖ ਵੱਖ ਤੰਦਾਂ ਨੂੰ ਇਕ ਸਾਂਝੇ ਸੂਤਰ ਵਿਚ ਕਲਾਮਈ ਢੰਗ ਨਾਲ ਜੋੜ ਸਕਦਾ ਹੈ।

ਅੱਜ ਦੇ ਯੁਗ ਦਾ ਜਟਿਲ ਯਥਾਰਥ ਜੇ ਕੇਵਲ ਕਵਿਤਾ ਰਾਹੀਂ ਪ੍ਰਗਟਾਇਆ ਜਾਣਾ ਸੰਭਵ ਨਹੀਂ; ਇਸ ਦੇ ਲਈ ਸਗੋਂ ਗਲਪ ਵਧੇਰੇ ਢੁਕਵਾਂ ਹੈ, ਤਾਂ ਗਲਪ ਨੂੰ ਵੀ ਕਾਵਿਕ ਸ਼ੈਲੀ ਵਿਚ ਪੇਸ਼ ਕਰਨਾ ਮੁਨਾਸਬ ਨਹੀਂ। ਜੇ ਕਹਾਣੀ-ਲੇਖਕ ਪ੍ਰਤੀਕਾਂ, ਸੰਕੇਤਾਂ ਦੀ ਵਰਤੋਂ ਕਰਦਾ ਹੋਇਆ ਕਵਿਤਾ ਵਰਗੀ ਭਾਸ਼ਾ-ਸ਼ੈਲੀ ਦਾ ਸਹਾਰਾ ਲੈਂਦਾ ਹੈ, ਉਹ ਅੱਜ ਦੇ ਸਮੇਂ ਵਿਚ ਕਹਾਣੀਕਾਰ ਵਜੋਂ ਵਧੇਰੇ ਸਤਿਕਾਰ ਵਾਲਾ ਸਥਾਨ ਪ੍ਰਾਪਤ ਨਹੀਂ ਕਰ ਸਕਦਾ। ਵਿਗਠਤ ਹੋ ਰਹੀ ਭੂਪਵਾਦੀ ਵਿਵਸਥਾ ਦੇ ਜਾਬਰ ਤੇ ਅਮਾਨਵੀ ਚਰਿੱਤਰ ਅਤੇ ਵਿਕਸਤ ਹੋ ਰਹੀ ਪੂੰਜੀਵਾਦੀ ਵਿਵਸਥਾ ਦੀ ਕਰੂਰਤਾ ਨੂੰ ਪੇਸ਼ ਕਰਨ ਲਈ ਸੂਖਮ ਮਾਨਵਵਾਦੀ ਸੁਰ ਦੇ ਨਾਲ-ਨਾਲ ਕਠੋਰ ਯਥਾਰਥਵਾਦ ਦੀ ਸ਼ੈਲੀ ਦੀ ਲੋੜ ਹੈ, ਜੋ ਏਨੀ ਸਹਿਜਤਾ ਨਾਲ ਕਹਾਣੀ ਦੇ ਸਰੂਪ ਨੂੰ ਡੌਲੇ ਕਿ ਪਤਾ ਹੀ ਨਾ ਲੱਗੇ ਕਿ ਕਦੋਂ ਤੇ ਕਿਵੇਂ ਕਹੀ ਜਾਣ ਵਾਲੀ ਸਾਰੀ ਗੱਲ ਕਥਾ ਦੇ ਕਲਾਤਮਕ ਰੂਪ ਵਿਚ ਢਲ ਵੀ ਗਈ ਹੈ। ਵਰਿਆਮ ਸਿੰਘ ਸੰਧੂ ਨੇ ਏਸੇ ਹੀ ਤਰ੍ਹਾਂ ਦੀ ਯੁਗਾਨੁਕੂਲ ਸ਼ੈਲੀ ਤੇ ਦ੍ਰਿਸ਼ਟੀ ਨੂੰ ਆਪਣੀ ਰਚਨਾ ਵਿਚ ਉਭਾਰਿਆ ਹੈ।

ਭਾਵੇਂ ਵਰਿਆਮ ਸਿੰਘ ਸੰਧੂ ਵਿਰਕ ਜਿੰਨਾ ਅਣ-ਰਾਜਨੀਤਕ ਵਿਅਕਤੀ ਤਾਂ ਨਹੀਂ, ਉਹ ਚੇਤੰਨ ਤੌਰ 'ਤੇ ਪ੍ਰਾਪਤ ਵਿਵਸਥਾ ਵਿਚ ਮੂਲ ਪਰਿਵਰਤਨ ਦਾ ਹਾਮੀ ਹੈ, ਪਰ ਉਸ ਦੀ ਸਾਹਿਤਕ ਸੂਝ ਨੇ ਸਹਿਜੇ-ਸਹਿਜੇ ਇਸ ਤਰ੍ਹਾਂ ਦਾ ਵਿਕਾਸ ਅਵੱਸ਼ ਕੀਤਾ ਹੈ ਕਿ ਉਹ ਜਾਣ ਗਿਆ ਹੈ ਕਿ ਆਪਣੇ



ਵਿਚਾਰਾਂ ਦੀ ਸਿੱਧੀ ਲਈ ਪਾਤਰਾਂ ਦਾ ਮੂੰਹ-ਮੱਥਾ ਵਿਗਾੜਨਾ ਉਚਿਤ ਨਹੀਂ। ਕਿਸੇ ਵਿਸ਼ੇਸ਼ ਸਥਿਤੀ ਵਿਚੋਂ ਉਭਰਦੇ ਪਾਤਰ ਦੇ ਚੰਗੇ-ਮੰਦੇ ਅਮਲ ਹੀ ਇਹ ਦਰਸਾਉਣ ਕਿ ਉਸ ਵਿਚੋਂ 'ਜੋ ਕੁਝ ਹੋ ਰਿਹਾ ਹੈ', ਉਸ ਦੀ ਥਾਂ 'ਜੋ ਹੋਣਾ ਚਾਹੀਦਾ ਹੈ' ਦਾ ਆਭਾਸ ਹੋ ਜਾਵੇ। ਨਿੱਕੀ ਕਹਾਣੀ ਦੀ ਵਿਧਾ ਵਿਚ ਤਕਨੀਕ ਦੇ ਸਥਾਪਤ ਨੇਮਾਂ ਦੇ ਪਾਲਣ ਦੀ ਪ੍ਰਵਾਹ ਨਾ ਕਰਦਾ ਹੋਇਆ ਵਰਿਆਮ ਜ਼ਿੰਦਗੀ ਨੂੰ ਕਾਂਟ-ਛਾਂਟ ਕੇ ਪੇਸ਼ ਕਰਨ ਦੇ ਹੱਕ ਵਿਚ ਵੀ ਨਹੀਂ। ਵਰਿਆਮ ਦੀ ਕਹਾਣੀ ਆਪਣੇ ਲਈ ਅਜੇਹੀ ਨਿਵੇਕਲੀ ਤਕਨੀਕੀ ਘੜਦੀ ਹੈ ਜਿਸ ਵਿਚ ਸਾਡੀ ਆਪਣੀ ਦੇਸੀ ਕਥਾ-ਪਰੰਪਰਾ ਦਾ ਵੀ ਦਖਲ ਹੈ। ਕਥਾ-ਜੁਗਤ ਦੇ ਪੱਖ ਤੋਂ ਵਰਿਆਮ ਦੀ ਇਹ ਵਿਲੱਖਣਤਾ ਹੈ ਕਿ ਉਸ ਦੀਆਂ ਕਹਾਣੀਆਂ ਦੇ ਪਾਤਰ ਪੁਰਾਣੀਆਂ ਬਾਤਾਂ ਵਾਂਗ ਕਦੇ-ਕਦਾਈਂ ਸਿਮਰਤੀਆਂ ਦੇ ਦੇਸ਼ ਜਾਂ ਸੁਪਨ ਦੇਸ਼ ਵਿਚ ਵਿਚਰਦੇ ਹੋਏ ਵੀ ਨਵੀਂ ਦ੍ਰਿਸ਼ਟੀ ਅਤੇ ਨਵੀਂ ਯਥਾਰਥਵਾਦੀ ਸ਼ੈਲੀ ਨੂੰ ਉਭਾਰਨ ਦਾ ਕਾਰਜ ਨਿਭਾਉਂਦੇ ਹਨ। ਵਰਿਆਮ ਨੇ ਤਥਾ-ਕਥਿਤ ਆਧੁਨਿਕਤਾ ਨੂੰ ਪ੍ਰਵਾਨ ਨਹੀਂ ਕੀਤਾ। ਉਸ ਦੇ ਆਪਣੇ ਕਥਨ ਅਨੁਸਾਰ ਉਸਨੇ ਤਾਂ ਆਪਣੀ ਪੀੜ ਦੂਜਿਆਂ ਨਾਲ ਸਾਂਝੀ ਕਰਨ ਲਈ ਅਤੇ ਆਪਣੇ ਵਰਗਿਆਂ ਦੀ ਪੀੜ ਸਮਝਣ ਲਈ ਸਹਿਜ ਰੂਪ ਵਿਚ ਕਹਾਣੀਆਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਦੀ ਸਾਧਾਰਨਤਾ ਦਾ ਸੱਚ ਹੀ ਇਕ ਅਜਿਹਾ ਗੁਣ ਹੋ ਨਿਬੜਦਾ ਹੈ ਜੋ ਬੇਲੋੜੀਆਂ ਕਲਾਬਾਜ਼ੀਆਂ ਦੇ ਟਾਕਰੇ ਵਧੇਰੇ ਪ੍ਰਭਾਵਕਾਰੀ ਸਾਬਤ ਹੁੰਦਾ ਹੈ।

ਵਰਿਆਮ ਦੇ ਸਹਿਜ ਯਥਾਰਥਕ ਚਿਤਰਨ ਵਿਚ ਕਲਾਕਾਰੀ ਦਾ ਅਭਾਵ ਹੀ ਹੋਵੇ, ਅਜਿਹੀ ਗੱਲ ਵੀ ਨਹੀਂ। ਕਿਸੇ ਪਾਤਰ ਜਾਂ ਕਿਸੇ ਘਟਨਾ ਦੀ ਵਾਸਤਵਿਕ ਹਕੀਕਤ ਤਕ ਪੁਹੰਚਣ ਲਈ ਉਹ ਬਹੁਤ ਸਬਰ ਤੋਂ ਕੰਮ ਲੈ ਸਕਦਾ ਹੈ। ਵਸਤੂ-ਯਥਾਰਥ ਦੀਆਂ ਉਤਲੀਆਂ ਪਰਤਾਂ ਤੋਂ ਹੇਠਾਂ ਲੁਕਵੀਆਂ ਪਰਤਾਂ ਨੂੰ ਵੇਖਣ ਦਾ ਉਸ ਦਾ ਸਹਿਜ ਪ੍ਰਯਾਸ ਹੀ ਉਸ ਪਾਸੋਂ ਅਚੇਤ ਹੀ ਲੰਮੇ ਆਕਾਰ ਦੀ ਰਚਨਾ ਕਰਵਾ ਜਾਂਦਾ ਹੈ। ਵਰਨਾ ਲੰਮੀ ਕਹਾਣੀ ਲਿਖਣ ਲਈ ਉਸਨੇ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ। ਆਪਣੇ ਅਨੁਭਵ ਨੂੰ ਢੁਕਵੇਂ ਰੂਪ ਵਿਚ ਪ੍ਰਗਟਾ ਸਕਣ ਦੀ ਲੋੜ ਵਿਚੋਂ ਹੀ ਉਸ ਤੋਂ ਲੰਮੇਂ ਆਕਾਰ ਦੀ ਰਚਨਾ ਹੋ ਗਈ ਹੈ। ਇਹੀ ਗੱਲ ਵਰਿਆਮ ਦੀ ਵਿਲੱਖਣਤਾ ਉਭਾਰਦੀ ਹੈ ਅਤੇ ਕਹਾਣੀ ਕਹਿਣ ਦੀ ਉਸ ਦੀ ਯੋਗਤਾ ਦੀ ਗਵਾਹੀ ਭਰਦੀ ਹੈ ਕਿ ਉਸ ਦੀ ਰਚਨਾ ਵਿਚੋਂ ਵੱਡੇ ਆਕਾਰ ਦੇ ਬਾਵਜੂਦ, ਵਿਰਕ ਵਰਗੀ ਸੰਜਮਤਾ ਪਛਾਣੀ ਜਾ ਸਕਦੀ ਹੈ, ਜਿਸ ਵਿਚ ਕੋਈ ਸ਼ਬਦ ਜਾਂ ਵਾਕ ਬੇਲੋੜਾ ਜਾਂ ਵਾਧੂ ਪ੍ਰਤੀਤ ਨਹੀਂ ਹੁੰਦਾ।

ਇਕ ਕਥਾਕਾਰ ਵਜੋਂ ਵਰਿਆਮ ਸਿੰਘ ਸੰਧੂ ਦਾ ਵਿਕਾਸ ਬਹੁਤ ਸਹਿਜ ਗਤੀ ਨਾਲ ਹੋਇਆ ਹੋਣ ਕਰਕੇ ਉਸ ਦੀ ਪਹਿਲੇ ਦੌਰ ਦੀ ਰਚਨਾ ਅਤੇ ਉਸ ਦੇ ਮਗਰਲੇ ਅਥਵਾ ਹੁਣ ਦੇ ਪੜਾਅ ਦੀ ਰਚਨਾ ਵਿਚ ਕਾਫੀ ਅੰਤਰ ਹੈ। ਉਸ ਦੀ ਦ੍ਰਿਸ਼ਟੀ ਤੇ ਉਸ ਦੀ ਸ਼ੈਲੀ ਵਿਚ ਸਹਿਜੇ ਸਹਿਜੇ ਬਹੁਤ ਨਿਖਾਰ ਆਇਆ ਹੈ ਅਤੇ ਕਹਾਣੀ ਦੀ ਵਸਤੂ-ਸਮੱਗਰੀ ਜੁਟਾਉਣ ਲਈ ਉਸ ਨੇ ਸਮੇਂ ਦੇ ਬੀਤਣ ਨਾਲ ਅਨੁਭਵ ਪੱਖੋਂ ਭਰਪੂਰਤਾ ਤੇ ਦ੍ਰਿਸ਼ਟੀਗਤ ਪ੍ਰੌਢਤਾ ਦਾ ਵੀ ਪ੍ਰਮਾਣ ਦਿੱਤਾ ਹੈ। ਐਪਰ ਉਸ ਦੇ ਪਹਿਲੇ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' ਵਿਚ ਵੀ ਉਸ ਦੀ ਉਦੋਂ ਤਕ ਪੂਰੀ ਤਰ੍ਹਾਂ ਨਾ ਉਘੜੀ ਪਰ ਬੀਜ ਰੂਪ ਵਿਚ ਮੌਜੂਦ ਪ੍ਰਤਿਭਾ ਦੀ ਟੋਹ ਲੱਗਣੀ ਸ਼ੁਰੂ ਹੋ ਜਾਂਦੀ ਹੈ। ਪੇਂਡੂ ਸਮਾਜ ਵਿਚਲੇ, ਮੁੱਖ ਤੌਰ 'ਤੇ ਕਿਰਤ ਕਰਨ ਵਾਲੇ, ਵੱਖ ਵੱਖ ਵਰਗਾਂ ਦੇ ਜੀਵਨ ਦੀਆਂ ਕਠੋਰ ਹਕੀਕਤਾਂ ਨੂੰ ਕਹਾਣੀ ਦੀ ਵਸਤ ਬਣਾਉਂਦਾ ਹੋਇਆ ਅਤੇ ਉਹਨਾਂ ਦੀ ਤ੍ਰਾਸਦਿਕ ਹੋਣੀ ਨੂੰ ਮਨੁੱਖੀ ਹਮਦਰਦੀ ਦੀ ਭਾਵਨਾ ਨਾਲ ਪ੍ਰਗਟ ਕਰਦਾ ਹੋਇਆ ਭਾਵੇਂ ਉਹ ਕਦੇ ਕਦਾਈਂ ਸ਼੍ਰੇਣੀ ਵੰਡ ਦੇ ਪ੍ਰਗਤੀਵਾਦੀ ਮਾਡਲ ਅਨੁਸਾਰ ਰਚਨਾ ਕਰਦਾ ਜਾਪਦਾ ਹੈ, ਪਰ ਉਹਨਾਂ ਮੁੱਢਲੀਆਂ ਕਹਾਣੀਆਂ ਵਿਚੋਂ ਵੀ ਸ਼ਬਦਾਂ ਨੂੰ ਢੁਕਵੇਂ ਥਾਵਾਂ ਤੇ ਵਾਕਾਂ ਵਿਚ ਬੀੜਨ ਦੀ ਕੁਸ਼ਲਤਾ, ਵਿਅੰਗ, ਟਕੋਰ ਤੇ ਮਸ਼ਕਰੀ ਦੀ ਢੁਕਵੀਂ ਵਰਤੋਂ, ਤਣਾਓਪੂਰਨ ਵਿਰੋਧੀ

ਸਥਿਤੀਆਂ ਦੇ ਉਭਾਰ ਰਾਹੀਂ ਨਿਸਚਿਤ ਕਲਾਤਮਕ ਪ੍ਰਭਾਵ ਸਿਰਜਣ ਵਰਗੀਆਂ ਜੁਗਤਾਂ ਨੂੰ ਵਰਤਣ ਦੀ ਉਸਦੀ ਸਮਰੱਥਾ ਨਾਲ ਪਾਠਕ ਦਾ ਪਰਿਚਯ ਹੁੰਦਾ ਹੈ।

ਵਰਿਆਮ ਸੰਧੂ ਦੀ ਵਿਲੱਖਣ ਪ੍ਰਤਿਭਾ ਤਾਂ ਇਸ ਤੱਥ ਦੁਆਰਾ ਵੀ ਪੁਸ਼ਟ ਹੁੰਦੀ ਹੈ ਕਿ ਉਸ ਨੇ ਕਿਸਾਨੀ ਅਨੁਭਵ ਦੇ ਸਾਰੇ ਹੀ ਪਾਸਾਰਾਂ ਨੂੰ ਸਤਹ ਤੋਂ ਨਹੀਂ ਸਗੋਂ ਬਹੁਤ ਡੂੰਘਾਈ ਨਾਲ ਕਲਾਮਈ ਯਥਾਰਥਕ ਰੂਪ ਵਿਚ ਪ੍ਰਸਤੁਤ ਕੀਤਾ ਹੈ। ਇਸ ਪ੍ਰਕਿਰਿਆ ਵਿਚ ਉਹ ਪਿੰਡ ਦੇ ਸਮੁੱਚੇ ਸਾਂਸਕ੍ਰਿਤਕ ਸੰਦ੍ਰਿਸ਼ ਨੂੰ ਸਾਹਵੇਂ ਲਿਆਉਣ ਵਿਚ ਸਫਲ ਰਿਹਾ ਹੈ। ਸਮਾਜਕ, ਸਾਂਸਕ੍ਰਿਤਕ, ਰਾਜਨੀਤਿਕ ਸਮੱਸਿਆਵਾਂ ਅਤੇ ਸਮਾਚਾਰਾਂ ਨਾਲ ਦੋ-ਚਾਰ ਹੁੰਦੇ ਉਸ ਦੇ ਪਾਤਰ ਨਾ ਤਾਂ ਅਸਾਧਾਰਨ ਸਾਹਸ ਤੇ ਗੁਣਾਂ ਦੇ ਸੁਆਮੀ ਹਨ ਅਤੇ ਨਾ ਹੀ ਉਹ ਤਰਸ ਦੀ ਭੀਖ ਮੰਗਦੇ ਹਾਰੇ-ਹੁੱਟੇ ਜੀਵ ਹਨ। ਨਕਸਲਵਾਦੀ ਲਹਿਰ ਨਾਲ ਸਾਂਝ ਤੇ ਸਹਾਨੁਭੂਤੀ ਦੇ ਮੁੱਢਲੇ ਦੌਰ ਵਿਚ ਵੀ ਉਸ ਨੇ 'ਲੋਹੇ ਦੇ ਹੱਥ' ਵਰਗੀਆਂ ਕਹਾਣੀਆਂ ਵਿਚ ਤੱਤਕਾਲੀਨ ਯਥਾਰਥ ਅਨੁਸਾਰ ਨਕਸਲੀ ਜੋਧਿਆਂ ਦੀ ਸ਼ਹਾਦਤ ਦੀ ਹੀ ਬਾਤ ਪਾਈ ਹੈ, ਜੋ ਆਖਰੀ ਨਿਰਣੈ ਵਜੋਂ ਉਹਨਾਂ ਦੀ ਹਾਰ ਦੀ ਹੀ ਸੰਕੇਤਕ ਹੈ। ਮਗਰੋਂ ਦੀਆਂ ਕਹਾਣੀਆਂ ਵਿਚ ਤਾਂ ਵਰਿਆਮ ਨੇ ਵਿਸ਼ਾਦ ਤੇ ਨਿਰਾਸ਼ਾ ਦੀ ਪ੍ਰਾਪਤ ਸਮਾਜਕ ਸਥਿਤੀ ਦਾ ਅਜਿਹਾ ਕਲਾਮਈ ਚਿਤਰਨ ਕੀਤਾ ਹੈ- ਜਿਵੇਂ 'ਵਾਪਸੀ', 'ਦਲਦਲ', 'ਨਾਇਕ', 'ਕੁਰਾਹੀਆ' ਵਰਗੀਆਂ ਕਹਾਣੀਆਂ ਵਿਚ-ਕਿ ਸੰਬੰਧਿਤ ਪਾਤਰਾਂ ਦੀ ਹਾਰ ਜਾਂ ਮੌਤ ਵੀ ਉਹਨਾਂ ਦੇ ਨਾਇਕਤਵ ਨੂੰ ਉਭਾਰਨ ਨਾਲੋਂ ਵੱਧ ਉਹਨਾਂ ਵਿਚਲੇ ਮਨੁੱਖੀ ਗੁਣਾਂ ਦਾ ਹੀ ਆਭਾਸ ਕਰਾਉਂਦੀ ਹੈ । 'ਵਾਪਸੀ ' ਦੇ ਕੁਲਦੀਪ ਦੀ ਮੌਤ ਨਕਸਲਵਾਦੀ ਲਹਿਰ ਵਲੋਂ ਵਿਆਪਕ ਜਨ-ਆਧਾਰ ਕਾਇਮ ਨਾ ਕਰ ਸਕਣ ਦੇ ਤੱਥ ਨੂੰ ਉਭਾਰਦੀ ਹੈ। ਭਾਵੇਂ ਕਿ ਉਸ ਲਹਿਰ ਦੇ ਮਨੁੱਖ-ਹਿਤੈਸ਼ੀ ਸਰੋਕਾਰਾਂ ਤੇ ਉਸ ਵਿਚ ਜੂਝਣ ਵਾਲੇ ਕਾਰਕੁਨਾਂ ਦੀ ਹਕੀਕਤ ਵੀ ਕਹਾਣੀ ਵਿਚੋਂ ਉਘੜਦੀ ਹੈ। ਜਿਹੋ ਜਿਹੀਆਂ ਡੂੰਘੀਆਂ ਮਾਨਵੀ ਛੁਹਾਂ ਨਾਲ ਇਹ ਕਹਾਣੀਆਂ ਲਿਖੀਆਂ ਗਈਆਂ ਹਨ, ਉਹ ਵਰਿਆਮ ਦੀ ਕਲਾਤਮਕਤਾ ਦਾ ਪ੍ਰਮਾਣ ਤਾਂ ਹਨ ਹੀ, ਉਹ ਪੰਜਾਬੀ ਕਥਾ-ਸਾਹਿਤ ਦੀਆਂ ਵੀ ਕਲਾਸਿਕ ਰਚਨਾਵਾਂ ਬਣ ਗਈਆਂ ਹਨ। 'ਵਾਪਸੀ' ਦਾ ਕੁਲਦੀਪ ਸਿੰਘ ਤਾਂ ਵਧੇਰੇ ਸਮੇਂ ਲਈ ਕਹਾਣੀ ਦੀ ਅਗਰ-ਭੂਮੀ ਵਿਚ ਆਉਂਦਾ ਹੀ ਨਹੀਂ। ਪਰ ਉਸ ਦੇ ਸੰਗਰਾਮੀਆਂ ਜੀਵਨ ਦਾ ਅਹਿਸਾਸ ਕਹਾਣੀ ਦੇ ਸਮੁੱਚੇ ਬਿਰਤਾਂਤ ਵਿਚ ਰਮਿਆ ਰਹਿੰਦਾ ਹੈ। ਉਸ ਦੇ ਬੋਲ ਕਿ 'ਚਾਚਾ ਸਾਥੋਂ ਤਾਂ ਇਹ ਜੱਗ ਸੌਰਦਾ ਨਹੀਂ ਲੱਗਦਾ' ਘਰ ਤੋਂ ਪਲਾਇਨ ਕਰ ਚੁੱਕੇ ਤਥਾ-ਕਥਿਤ ਧਰਮੀ ਮਨੁੱਖ ਸੰਤਾ ਸਿੰਘ ਦੀ ਅਰਥਹੀਣ ਜ਼ਿੰਦਗੀ ਉਤੇ ਹੀ ਵਿਅੰਗ ਨਹੀਂ, ਉਹ ਨਕਸਲਵਾਦੀ ਲਹਿਰ ਦੀ ਕਮਜ਼ੋਰੀ (ਜਾਂ ਪ੍ਰਾਪਤੀ) ਦਾ ਵੀ ਕਲਾਤਮਕ ਉਲੇਖ ਹਨ। 'ਦਲਦਲ' ਵਿਚਲਾ ਅਧਿਆਪਕੀ ਦੇ ਕਿੱਤੇ ਰਾਹੀਂ ਰੋਜ਼ੀ ਕਮਾ ਰਿਹਾ ਪਾਤਰ ਆਪਣੇ ਸੰਗਰਾਮੀ ਪਿਛੋਕੜ ਅਨੁਸਾਰ ਪਿੰਡ ਦੀ ਇਕ ਗਰੀਬ ਯਤੀਮ ਕੁੜੀ ਦੇ ਵਿਆਹ ਦੇ ਕਾਰਜ ਵਾਸਤੇ ਮਾਨਵੀ ਲਗਾਉ ਦਾ ਪ੍ਰਗਟਾ ਕਰਦਾ ਹੋਇਆ ਉਸ ਦੇ ਲਈ ਸੂਟ ਦਾ ਕਪੜਾ ਤਾਂ ਲਿਆਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਇਹ ਸਾਬਕਾ ਸੰਗਰਾਮੀਆਂ ਹੁਣੇ ਹੀ ਕਿਸੇ ਬਜ਼ੁਰਗ ਔਰਤ ਨੂੰ ਬਿਨਾ ਕਸੂਰ ਹੀ ਸ਼ਰ੍ਹੇਆਮ ਨੰਗੀ ਕਰਨ ਦੇ ਘੋਰ ਅਪਰਾਧ ਦੇ ਵਿਰੁੱਧ ਕੁਝ ਵੀ ਕਰਨ ਦੀ ਸਥਿਤੀ ਵਿਚ ਨਹੀਂ। ਏਸ ਵੇਲੇ ਖੁਦ ਸੰਗਰਾਮੀਆ ਬਣਨ ਦੀ ਥਾਂ ਸ਼ਹੀਦ ਸੰਗਰਾਮੀਆਂ ਦੀ ਯਾਦਗਾਰ ਉਸਾਰਨ ਲਈ ਯਤਨਸ਼ੀਲ ਉਹ ਆਪਣੀ ਪਤਨੀ ਅੱਗੇ ਵੀ ਨਿਗੂਣਾ ਜਿਹਾ ਮਨੁੱਖ ਜਾਪਦਾ ਹੈ, ਅਤੇ ਉਸਦੀ ਪਤਨੀ ਆਪਣੇ ਪਤੀ ਦੇ ਸਾਬਕਾ ਸੰਗਰਾਮੀਏਂ ਚਰਿੱਤਰ ਨੂੰ ਜਗਾਉਂਦੀ ਇਕ ਤਰ੍ਹਾਂ ਉਸ ਦੇ ਆਪਣੇ ਹੀ ਅੰਤਹਕਰਨ ਦੀ ਆਵਾਜ਼ ਵਜੋਂ ਉਭਰਦੀ ਹੈ। ਉਸਦੀ ਇਹ ਸਥਿਤੀ ਨਕਸਲਵਾਦੀ ਲਹਿਰ ਦੇ ਦੁਖਦਾਈ ਪਤਨ ਦੀ ਵੀ ਸੰਕੇਤਕ ਹੈ।

ਮੌਕਾ ਪ੍ਰਸਤੀ, ਸਵਾਰਥ, ਖੁਸ਼ਾਮਦ ਤੇ ਲੁੱਟ-ਚੋਂਘ ਦੀ ਇਸ ਨਿਰਾਸ਼ਾਮਈ ਸਥਿਤੀ ਵਿਚ 'ਕੁਰਾਹੀਆ' ਦੇ ਹੈਡ ਮਾਸਟਰ ਹਜ਼ਾਰਾ ਸਿੰਘ ਵਰਗੇ ਵਿਅਕਤੀ ਸਮਾਜ ਵਿਚ ਉੱਕਾ ਹੀ ਮਿੱਸਫਿੱਟ



ਹਨ। ਇਸ ਤਰ੍ਹਾਂ ਦੇ ਵਿਅਕਤੀ ਸਾਡੀ ਭ੍ਰਿਸ਼ਟੀ ਵਿਵਸਥਾ ਵਿਚ ਸੱਚਮੁੱਚ 'ਕੁਰਾਹੀਏ' ਹੀ ਤਸੱਵਰ ਕੀਤੇ ਜਾਂਦੇ ਹਨ, ਜੋ ਕਿਸੇ ਵੱਡੇ ਤੋਂ ਵੱਡੇ ਵਿਅਕਤੀ ਦੀ ਧੌਂਸ ਅੱਗੇ ਵੀ ਝੁਕਣ ਲਈ ਤਿਆਰ ਨਹੀਂ। ਬਾਹਰੋਂ ਅੱਖੜ ਜਾਪਦੇ ਅਜਿਹੇ ਮਨੁੱਖ ਦੀ ਸੰਵੇਦਨਸ਼ੀਲਤਾ ਅਤੇ ਉਸ ਦੇ ਮਾਨਵੀ ਚਰਿੱਤਰ ਦਾ ਪਰਿਚਯ ਤਾਂ ਪਹਿਲਾਂ ਵੀ ਹੁੰਦਾ ਹੈ ਜਦੋਂ ਉਹ ਕਾਨੂੰਨ ਅਨੁਸਾਰ ਕਿਸੇ ਸ਼ਰੀਕ ਦੀ ਮਿਲਦੀ ਜ਼ਮੀਨ ਵਿਚੋਂ ਆਪਣਾ ਹਿੱਸਾ ਨਹੀਂ ਲੈਂਦਾ ਜਾਂ ਜਦੋਂ ਉਹ ਆਪਣੀ ਗੋਦ ਲਈ ਬੱਚੀ ਉਤੇ ਭਰਪੂਰ ਪਿਆਰ ਨਿਸ਼ਾਵਰ ਕਰਦਾ ਹੈ, ਪਰ ਆਪਣੀ ਇੱਛਾ ਦੇ ਉਲਟ ਨਵੇਂ ਚੁਣੇ ਅਸੈਂਬਲੀ ਮੈਂਬਰ ਨੂੰ ਵਧਾਈ ਦੇਣ ਲਈ ਕਿਸੇ ਸਾਥੀ ਦੇ ਕਹਿਣ 'ਤੇ ਮਜਬੂਰੀ ਵਿਚ ਕੀਤੀ ਗਈ 'ਗਲਤੀ' ਦੇ ਪਛਤਾਵੇ ਵਿਚ ਹੀ ਉਹ ਸੰਵੇਦਨਸ਼ੀਲ ਵਿਅਕਤੀ ਮਰ ਜਾਂਦਾ ਹੈ। ਕਿੰਨੇ ਹੀ ਬਹਿਰੂਪ ਧਾਰਦਾ 'ਨਾਇਕ' ਕਹਾਣੀ ਦਾ ਪਾਗਲ ਜਿਹਾ ਗੁਰਬਚਨ ਸਿੰਘ ਹਸਰਤ ਅਨਿਆਈਂ ਤੇ ਸਿੱਥਲ ਸਮਾਜ ਅੱਗੇ ਦਰਪਨ ਦੀ ਨਿਆਈਂ ਹੈ।

ਇਹਨਾਂ ਸਮਿਆਂ ਵਿਚ 'ਕੁਰਾਹੀਆ', 'ਦਲਦਲ' ਜਾਂ 'ਵਾਪਸੀ' ਵਿਚਲੇ ਉਹ ਮਨੁੱਖ ਹੀ ਅਪ੍ਰਸੰਗਕ ਜਿਹੇ ਨਹੀਂ ਹੋ ਗਏ, ਜਿਨ੍ਹਾਂ ਦੀ ਪ੍ਰਸੰਗਕਤਾ ਹੀ ਕਿਸੇ ਸਮਾਜ ਦੇ ਉਸਾਰੂ ਲੀਹਾਂ ਉਤੇ ਵਿਕਾਸ ਦਾ ਰਾਹ ਖੋਲ੍ਹ ਸਕਦੀ ਹੈ: ਇਹਨਾਂ ਸਮਿਆਂ ਵਿਚ ਤਾਂ ਸਾਧਾਰਨ ਮਨੁੱਖ ਵੀ ਆਪਣੀ ਮਾਨਵਤਾ ਦੀ ਕੰਨੀ ਨੂੰ ਜਾਂ ਤਾਂ ਬਚਾ ਹੀ ਨਹੀਂ ਸਕਦੇ, ਜਾਂ ਇਸ ਨੂੰ ਬਚਾਉਣ ਲਈ ਬਹੁਤ ਹੀ ਔਖੀ ਸਥਿਤੀ ਵਿਚੋਂ ਲੰਘ ਰਹੇ ਹਨ। 'ਭੱਜੀਆਂ ਬਾਹੀਂ', 'ਮੈਂ ਹੁਣ ਠੀਕ ਠਾਕ ਹਾਂ, ਅਤੇ 'ਚੌਥੀ ਕੂਟ ' ਵਰਗੀਆਂ ਕਹਾਣੀਆਂ ਜੋ ਸਿੱਧੇ ਤੌਰ 'ਤੇ ਹਾਲ ਹੀ ਦੇ ਪੰਜਾਬ ਸੰਕਟ ਨਾਲ ਸੰਬੰਧਿਤ ਹਨ, ਵਿਚੋਂ ਵੀ ਸਾਧਾਰਨ ਜੀਵਨ ਜਿਊਣ ਦੀ ਅਕਾਂਖਿਆਂ ਰੱਖਣ ਵਾਲੇ ਮਨੁੱਖਾਂ ਦੀ ਤ੍ਰਾਸਦੀ ਦਾ ਪਰਿਚਯ ਹੁੰਦਾ ਹੈ। 'ਕਿੱਥੇ ਗਏ', 'ਡੁੱਬਦਾ ਚੜ੍ਹਦਾ', 'ਗੁਰਮੁਖ ਸਿੰਘ', 'ਸੁਨਹਰੀ ਕਿਣਕਾ' ਵਰਗੀਆਂ ਕਹਾਣੀਆਂ ਦੇ ਆਰਥਿਕ ਸਮਾਜਕ ਜਾਂ ਮਾਨਸਿਕ ਕਲੇਸ਼ ਵਿਚ ਗ੍ਰਸੇ ਮੁੱਖ ਪਾਤਰਾਂ ਦੀ ਤ੍ਰਾਸਦਕ ਹੋਣੀ ਵੀ ਇਹੋ ਦਰਸਾਉਂਦੀ ਹੈ। 'ਮੈਂ ਹੁਣ ਠੀਕ ਠਾਕ ਹਾਂ' ਦਾ ਲੰਮਾ-ਝੰਮਾ ਜੋਗਿੰਦਰ, ਜੋ ਕਿਸੇ ਸਮੇਂ ਕਬੱਡੀ ਦੀ ਖੇਡ ਵਿਚ ਦੂਰ ਦੂਰ ਤਕ ਜਾਣਿਆ ਜਾਣ ਵਾਲਾ ਜਾਫੀ ਸੀ, ਨਿੱਕੇ ਕੱਦ ਵਾਲੇ ਅਤਿਵਾਦੀ ਸਿੰਘ ਅੱਗੇ ਅਸਲੋਂ ਕਮਜ਼ੋਰ ਜਿਹਾ ਮਨੁੱਖ ਤਾਂ ਜਾਪਦਾ ਹੀ ਹੈ, ਉਹ ਪੁਲੀਸ ਅੱਗੇ ਵੀ ਉੱਕਾ ਹੀ ਬੇਵਸ ਹੈ। ਇਹੀ ਬੇਵਸੀ 'ਭੱਜੀਆਂ ਬਾਹੀਂ' ਦੇ 'ਕੇਵਲ' ਜਾਂ ਖਾਲੀ ਰੇਲ-ਗੱਡੀ ਵਿਚ ਸਫ਼ਰ ਕਰ ਰਹੇ 'ਚੌਥੀ ਕੂਟ' ਦੇ ਮੁਸਾਫਰਾਂ ਦੀ ਹੈ। ਅਤਿਵਾਦੀ ਅਤੇ ਸਰਕਾਰੀ ਦਹਿਸ਼ਤਗਰਦੀ ਦੇ ਸਾਂਝੇ ਆਤੰਕ ਸਾਹਵੇਂ ਸਾਰੇ ਹੀ ਲੋਕ ਬੇਵਸ ਹਨ, ਜੋ ਆਪਣੇ ਮਾਨਵੀ ਗੌਰਵ ਨੂੰ ਗੁਆ ਕੇ ਆਤੰਕਵਾਦੀਆਂ ਜਾਂ ਸਰਕਾਰੀ ਹੈਂਕੜਬਾਜ਼ਾਂ ਅੱਗੇ ਮੇਮਣੇ ਜਿਹੇ ਬਣੇ ਪ੍ਰਤੀਤ ਹੁੰਦੇ ਹਨ।

ਇਸ ਸਮੱਸਿਆ ਤੋਂ ਹਟਵੀਆਂ ਕਹਾਣੀਆਂ ਵਿਚ ਵੀ ਸਮਾਜਕ ਰਿਸ਼ਤਿਆਂ ਤੇ ਮਨੁੱਖੀ ਕਦਰਾਂ-ਕੀਮਤਾਂ ਦੇ ਝੂਠੇ ਮੁਲੰਮੇ ਦਾ ਪਾਜ ਉਘੜਦਾ ਹੈ। 'ਆਪਣਾ ਆਪਣਾ ਹਿੱਸਾ' ਅਤੇ 'ਅੰਗ ਸੰਗ' ਕਹਾਣੀਆਂ ਦਾ ਮੁੱਖ ਸਰੋਕਾਰ ਤਾਂ ਗਰੀਬ ਕਿਸਾਨੀ ਦੇ ਆਰਥਿਕ ਪੱਖੋਂ ਤ੍ਰਾਸਤਦਕ ਚਿੱਤਰ ਨੂੰ ਉਭਾਰਨਾ ਹੈ, ਪਰ ਇਹਨਾਂ ਦੁਆਰਾ ਹੀ ਭੈਣ-ਭਰਾ, ਭਰਾ-ਭਰਾ ਮਾਂ-ਪੁੱਤ ਤੇ ਪਿਉ-ਪੁੱਤ ਆਦਿ ਦੇ ਬਹੁਤ ਹੀ ਸਤਿਕਾਰੇ ਜਾਂਦੇ ਰਿਸ਼ਤਿਆਂ ਦੀ ਹਕੀਕਤ ਵੀ ਨੰਗੀ ਹੁੰਦੀ ਹੈ। 'ਆਪਣਾ ਆਪਣਾ ਹਿੱਸਾ' ਦੇ ਬੁੱਢੇ ਬਿਸ਼ਨ ਸਿੰਘ ਸਾਹਮਣੇ ਤਾਂ ਆਪਣੇ ਅਮੀਰ ਪੁੱਤਰ 'ਸਵਰਨ' ਨੂੰ ਸੰਬੋਧਨ ਕਰਨ ਵਾਸਤੇ ਢੁਕਵੇਂ ਸ਼ਬਦਾਂ ਦੀ ਸਮੱਸਿਆ ਬਣੀ ਹੋਈ ਹੈ। ਉਸ ਲਈ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਆਪਣੇ ਇਸ ਅਮੀਰ ਪੁੱਤਰ ਨੂੰ ਉਹ ਇਕ-ਵਚਨ ਨਾਲ ਸੰਬੋਧਨ ਕਰੇ ਜਾਂ ਬਹੁ-ਵਚਨ ਨਾਲ। ਇਸ ਦੇ ਟਾਕਰੇ ਗਰੀਬ ਧਰਮੇ ਅਥਵਾ ਘੁੱਦੂ ਦੀ ਵਿਆਹੀ- ਵਰੀ ਭੈਣ ਨੂੰ ਇਹ ਇਤਰਾਜ਼ ਹੈ ਕਿ ਗਰੀਬ ਭਰਾ ਨੇ ਕਿਸੇ ਦਿਨ-ਦਿਹਾਰ ਉਤੇ ਵੀ ਉਸਨੂੰ ਕੁਝ ਨਹੀ ਦਿੱਤਾ, ਜਦ ਕਿ ਆਪਣੇ ਦੂਸਰੇ ਸਮ੍ਰਿਧ ਭਰਾਵਾਂ ਵੱਲ ਉਸ ਦੇ ਵਤੀਰੇ ਵਿਚ, ਘੁੱਦੂ ਵੱਲ ਵਤੀਰੇ ਦੇ ਉਲਟ ਇਕ ਸਤਿਕਾਰ ਵਾਲੀ ਭਾਵਨਾ ਮੌਜੂਦ ਹੈ।

'ਡੁੱਬਦਾ ਚੜ੍ਹਦਾ' ਤੇ 'ਗੁਰਮੁਖ ਸਿੰਘ' ਵਿਚੋਂ ਜਨਤਾ ਦੇ ਹਿਤਾਂ ਲਈ ਜੂਝਣ ਵਾਲੇ ਸੰਗਰਾਮੀਆਂ ਦੀਆਂ ਕਨਸੋਆਂ ਤਾਂ ਮਿਲਦੀਆਂ ਹਨ, ਪਰ ਨਾਲ ਹੀ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਇਹਨਾਂ ਸੰਗਰਾਮੀਆਂ ਨੂੰ ਸਰਕਾਰੀ ਦਮਨ ਨੇ ਜਾਂ ਲੋਕਾਂ ਦੀ ਉਦਾਸੀਨਤਾ ਨੇ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੋਇਆ ਹੈ। 'ਡੁੰਮ੍ਹ', 'ਆਪਣਾ ਆਪਣਾ ਹਿੱਸਾ', 'ਅੰਗ ਸੰਗ' , 'ਗੁਰਮੁਖ ਸਿੰਘ' ਤੇ 'ਕਿੱਥੇ ਗਏ' ਵਰਗੀਆਂ ਸਮਾਜਕ ਤੇ ਆਰਥਿਕ ਮਸਲਿਆਂ ਨੂੰ ਛੋਂਹਦੀਆਂ ਕਹਾਣੀਆਂ ਵਿਚੋਂ ਕਿਸੇ ਵਿਚ ਵੀ ਮੁਖ ਪਾਤਰ ਜਿੱਤ ਦੇ ਡੰਕੇ ਵਜਾਉਂਦਾ ਤੇਜਸੱਵੀ ਸੰਗਰਾਮੀਆਂ ਨਹੀਂ। ਆਪਣੀ ਸਥਿਤੀ ਨਾਲ ਜੂਝਣ ਲਈ ਆਪਣੇ ਅਸਤਿਤਵ ਤੋਂ ਬਿਨਾਂ ਉਹਨਾਂ ਪਾਤਰਾਂ ਕੋਲ ਕੋਈ ਸਹਾਰਾ ਨਹੀਂ-ਨਾ ਸਰਕਾਰ ਦੀ ਸਰਪ੍ਰਸਤੀ, ਨਾ ਰੱਬ ਦੀ ਓਟ ਅਤੇ ਨਾ ਹੀ ਭਾਈਚਾਰੇ ਦੀ ਹਲਾਸ਼ੇਰੀ। ਪਰ ਆਪਣੀ ਤ੍ਰਾਸਦਕ ਸਥਿਤੀ ਵਿਚ ਵੀ ਉਹ ਜਿਉਂਦੇ-ਜਾਗਦੇ ਪਾਤਰ ਹਨ। ਇਹਨਾਂ ਤ੍ਰਾਸਦਕ ਪਾਤਰਾਂ ਦੀ ਪ੍ਰਾਪਤ ਸਥਿਤੀ ਦੇ ਪਿਛੋਕੜ ਨੂੰ ਕਿਤੇ ਕਿਤੇ ਵਰਿਆਮ ਨੇ ਪ੍ਰਸੰਗ ਅਨੁਕੂਲ ਉਭਾਰਿਆ ਹੈ, ਜਿਵੇਂ 'ਕਿੱਥੇ ਗਏ' ਦੇ ਬਚਨੇ ਦੀ ਦੁਰਦਸ਼ਾ ਲਈ ਭੂਪਵਾਦੀ ਕਿਸਾਨੀ ਸਭਿਆਚਾਰ ਦੇ ਗੈਰਤ ਵਾਲੇ ਲੱਛਣ ਦੇ ਅਨੁਕੂਲ ਉਸ ਦੇ ਬਜ਼ੁਰਗਾਂ ਦਾ ਫਾਹੇ ਲਟਕਣਾ ਜਾਂ ਉਮਰ ਕੈਦ ਭੋਗਣਾ ਅਤੇ ਮੁਕੱਦਮੇਬਾਜ਼ੀ ਵਿਚ ਜ਼ਮੀਨ ਗੁਆ ਬੈਠਣਾ। ਜਾਂ 'ਗੁਰਮੁਖ ਸਿੰਘ' ਵਿਚ ਗਰੀਬ ਕਿਸਾਨ ਦਾ ਸੱਪ ਦੇ ਲੜਨ ਕਰ ਕੇ ਮਰ ਜਾਣਾ ਅਤੇ ਇਸ ਤਰ੍ਹਾਂ ਕਬੀਲਦਾਰੀ ਦਾ ਸਾਰਾ ਬੋਝ ਪੁੱਤਰ ਦੇ ਨਿੱਕੇ-ਨਿੱਕੇ ਮੋਢਿਆਂ ਉਤੇ ਪੈ ਜਾਣਾ। 'ਡੁੰਮ੍ਹ' ਵਰਗੀ ਕਹਾਣੀ ਵਿਚ ਲੇਖਕ ਨੂੰ ਅਜਿਹਾ ਪਿਛੋਕੜ ਦੇਣਾ ਪ੍ਰਸੰਗਕ ਪ੍ਰਤੀਤ ਨਹੀਂ ਹੁੰਦਾ। ਇਹ ਸਾਰੇ ਪਾਤਰ ਤ੍ਰਾਸਦੀ ਦੀ ਸਥਿਤੀ ਵਿਚ ਵੀ ਜਿਸ ਜ਼ਿੰਦਾਦਿਲੀ ਦਾ ਪ੍ਰਦਰਸ਼ਨ ਕਰਦੇ ਹਨ, ਉਸ ਨਾਲ ਉਹਨਾਂ ਦੀ ਅਸਾਧਾਰਨ ਸੂਰਮਗਤੀ ਦਾ ਬਿੰਬ ਨਹੀਂ ਉਭਰਦਾ ਸਗੋਂ ਉਹਨਾਂ ਦੇ ਮਾਨਵੀ ਗੁਣਾਂ ਦਾ ਹੀ ਬੋਧ ਹੁੰਦਾ ਹੈ। 'ਡੁੰਮ੍ਹ' ਦੇ ਤੇਜੂ ਨੂੰ ਜੇ ਰੋਂਦਿਆਂ ਝੂਰਦਿਆਂ ਕਿਸੇ ਘੱਟ ਹੀ ਦੇਖਿਆ ਸੀ ਤਾਂ 'ਆਪਣਾ ਆਪਣਾ ਹਿੱਸਾ' ਦਾ ਧਰਮਾ ਉਰਫ ਘੁੱਦੂ ਵੀ ਯਤੀਮ ਜਿਹਾ ਨਹੀਂ ਦਿਸਣਾ ਚਾਹੁੰਦਾ, ਹਾਲਾਂਕਿ ਵਾਹੀ ਦੇ ਮਾਮਲੇ ਵਿਚ ਸੁਫਨੇ ਵਿਚ ਡਰ ਕੇ ਭੱਜਣ ਵਾਲਿਆਂ ਵਾਂਗ ਉਸ ਦਾ ਹਰ ਕਦਮ ਅੱਗੇ ਵੱਧਣ ਦੀ ਥਾਂ ਪਿਛਾਂਹ ਹੀ ਜਾਂਦਾ ਰਿਹਾ ਹੈ।

ਪਾਤਰਾਂ ਨੂੰ ਉਹਨਾਂ ਦੀ ਸਹਿਜ ਯਥਾਰਥਕਤਾ ਸਹਿਤ ਪੇਸ਼ ਕਰਨ ਦੀ ਖ਼ੂਬੀ ਵਰਿਆਮ ਦੀ ਕਥਾ-ਸ਼ੈਲੀ ਦਾ ਇਕ ਬਹੁਤ ਹੀ ਪ੍ਰਸ਼ੰਸਨੀ ਪੱਖ ਹੈ। ਪਾਤਰ ਆਪਣੇ ਸਾਧਾਰਨ ਵਿਵਹਾਰ ਕਾਰਨ ਹਮਦਰਦੀ ਤੇ ਤ੍ਰਿਸਕਾਰ ਦਾ ਕਾਰਨ ਜਾਂ ਹਾਸੇ- ਠੱਠੇ ਦਾ ਕੇਂਦਰ ਤਾਂ ਬਣਦੇ ਹਨ, ਪਰ ਕਿਧਰੇ ਵੀ ਉਹ ਸੰਭਾਵੀ ਤੇ ਮੰਨਣਯੋਗ ਦੀ ਕਸੌਟੀ ਉਤੇ ਅਸਫਲ ਨਹੀਂ ਹੁੰਦੇ। 'ਵਾਪਸੀ' ਦਾ ਬਾਬਾ ਸੰਤਾ ਸਿੰਘ ਘਰ-ਬਾਰ ਛੱਡ ਕੇ ਗੁਰਦੁਆਰੇ ਬੈਠ ਗਿਆ, ਸਿਰਫ ਇਸ ਲਈ ਕਿ ਉਸ ਵਾਸਤੇ ਇਹ ਮਿਹਣਾ ਬਰਦਾਸ਼ਤ ਕਰਨਾ ਅਸੰਭਵ ਸੀਂ ਕਿ ਉਸ ਦੀ ਪਤਨੀ ਨਿੰਦਰੋ ਆਪਣੇ ਜੀਜੇ ਨਾਲ ਮਿਲੀ ਹੋਈ ਸੀ। ਹਾਲਾਕਿ ਇਸ ਆਰੋਪ ਵਿਚ ਕੋਈ ਸਚਾਈ ਨਹੀਂ ਸੀ, ਪਰ ਭੂਪਵਾਦੀ ਨੈਤਿਕਤਾ ਵਿਚ ਢਲੀ ਉਸ ਦੀ ਪਤਨੀ ਨਿੰਦਰੋ ਆਪਣੀ ਇਖਲਾਕੀ ਸ਼ਕਤੀ ਸਹਿਤ ਜਿਸ ਸਹਿਣਸ਼ੀਲਤਾ ਨਾਲ ਆਪਣੀ ਤ੍ਰਾਸਦਕ ਪਰਿਵਾਰਕ ਜ਼ਿੰਦਗੀ ਹੰਢਾਉਂਦੀ ਹੈ, ਉਸ ਸਾਹਵੇਂ ਸੰਤਾ ਸਿੰਘ ਦੀ ਧਾਰਮਿਕਤਾ ਨਿਰਰਥਕ ਹੋ ਕੇ ਰਹਿ ਜਾਂਦੀ ਹੈ। ਤੁਰੀ ਜਾਂਦੀ ਕਰਮੋਂ ਦਾ ਨਜ਼ਰਾਂ ਰਾਹੀਂ ਪਿੱਛਾ ਕਰਦਾ ਸੰਤਾ ਸਿੰਘ ਤਾਂ ਆਪਣੇ ਆਪ ਨੂੰ ਪਾਪੀ ਸਮਝਦਾ ਹੈ ਪਰ ਕਰਮ ਕੌਰ ਦੀ ਸਰੀਰਕ ਅੱਗ ਜੇ ਸੰਤਾ ਸਿੰਘ ਨਹੀਂ ਬੁਝਾ ਸਕਦਾ ਤਾਂ ਉਹ ਗੁਰਦੁਆਰੇ ਦੇ ਪ੍ਰਧਾਨ ਮੇਜਾ ਸਿੰਘ ਕੋਲ ਪਹੁੰਚ ਜਾਂਦੀ ਹੈ। ਇਹ ਸਾਰੇ ਸਾਧਾਰਨ ਕਿਸਮ ਦੇ ਲੋਕ ਭਾਵੇਂ ਗਰੀਬ ਕਿਸਾਨ ਹਨ, ਭਾਵੇਂ ਅਧਿਆਪਕ, ਫੌਜੀ ਜਾਂ ਹੋਰ ਕਰਮਚਾਰੀ, ਘਰ ਗ੍ਰਿਹਿਸਥੀ ਔਰਤਾਂ ਹਨ ਜਾਂ ਘਰ-ਬਾਰ ਛੱਡ ਕੇ ਗੁਪਤਵਾਸ ਹੋਏ ਸੰਗਰਾਮੀਏ, ਹਟਵਾਣੀਏ, ਸਮਗਲਰ, ਨੇਤਾ ਹਨ ਜਾਂ ਚੰਗਾ-ਮੰਦਾ ਧੰਦਾ ਕਰਦੇ ਹੋਰ ਲੋਕ_ ਸਭ ਆਪਣੇ ਚਰਿੱਤਰ ਦੀ ਮੌਲਿਕਤਾ ਸਹਿਤ ਸਾਹਵੇਂ ਆਉਂਦੇ ਹਨ। ਆਪਣੇ ਆਪ ਨੂੰ ਮਨੋਵਿਸ਼ਲੇਸ਼ਨ ਦਾ ਮਾਹਿਰ ਸਿੱਧ ਕਰਨ ਲਈ ਵਰਿਆਮ ਆਪਣੇ ਪਾਤਰਾਂ ਨੂੰ ਉਚੇਚ



ਨਾਲ ਅੰਤਰਮੁਖੀ ਬਣਾ ਕੇ ਪੇਸ਼ ਨਹੀਂ ਕਰਦਾ। ਪਰ ਸਿਧੇ-ਸਾਦੇ ਪ੍ਰਤੀਤ ਹੁੰਦੇ ਆਪਣੇ ਪਾਤਰਾਂ ਦੀ ਮਨੋਸਥਿਤੀ ਦਾ ਉਹ ਨਿਰਸੰਦੇਹ ਬਹੁਤ ਪ੍ਰਭਾਵਕਾਰੀ ਚਿੱਤਰ ਉਭਾਰਦਾ ਹੈ। 'ਸੁਨਹਿਰੀ ਕਿਣਕਾ' ਦੇ ਫੌਜੇ, 'ਵਾਪਸੀ' ਦੇ ਸੰਤਾ ਸਿੰਘ ਜਾਂ 'ਡੁੰਮ੍ਹ' ਦੇ ਤੇਜੂ ਦੀ ਅਸਲੀਅਤ ਉਹ ਨਹੀਂ ਜੋ ਓਪਰੀ ਨਜ਼ਰੇ ਦਿੱਸਦੀ ਹੈ। ਆਪਣੇ ਪਿੰਡੇ ਉਤੇ ਕਈ ਪ੍ਰਕਾਰ ਦੇ ਸੰਤਾਪ ਦਾ ਬੋਝ ਚੁੱਕੀ ਫਿਰਦੇ ਇਹ ਪਾਤਰ ਅਤੇ ਕਈ ਹੋਰ ਕਹਾਣੀਆਂ ਦੇ ਇਸਤਰੀ ਪਾਤਰ ਵਰਿਆਮ ਦੀ ਮਾਨਵਵਾਦੀ ਦ੍ਰਿਸ਼ਟੀ ਅਤੇ ਉਸ ਦੀ ਮਨੋਵਿਗਿਆਨਕ ਸੂਝ ਦਾ ਪ੍ਰਮਾਣ ਹਨ। ਆਪਣੀਆਂ ਹੀ ਨਿਗੂਣੀਆਂ ਸਮੱਸਿਆਵਾਂ ਨਾਲ ਜੁੜੇ ਸ਼ਹਿਰੀ ਵਰਗ ਦੇ ਅਖੌਤੀ ਸੰਵੇਦਨਸ਼ੀਲ ਪਾਤਰਾਂ ਵਰਗੇ ਭਾਵੇਂ ਉਹ ਨਾ ਜਾਪਣ ਪਰ ਸਮਾਜਕ ਪ੍ਰਸੰਗ ਵਿਚੋਂ ਉਭਰੀ ਉਹਨਾਂ ਦੀ ਸਥਿਤੀ ਅਤੇ ਉਸ ਅਨੁਸਾਰ ਢਲੀ ਉਹਨਾਂ ਦੀ ਮਾਨਸਿਕਤਾ ਦੀ ਥਾਹ ਲੇਖਕ ਬਿਨਾਸ਼ੱਕ ਪਾ ਸਕਿਆ ਹੈ।

ਇੰਝ ਵਰਿਆਮ ਸੰਧੂ ਨੇ ਵਿਸ਼ੇ-ਵਸਤੂ ਦੀ ਢੁਕਵੀਂ ਚੋਣ, ਪ੍ਰਮਾਣਿਕ ਅਨੁਭਵ ਅਤੇ ਕਿਸੇ ਵੀ ਤਰ੍ਹਾਂ ਦੇ ਉਲਾਰ ਤੋਂ ਬਿਨਾਂ ਪਾਤਰਾਂ ਨੂੰ ਗਹਿਰਾਈ ਨਾਲ ਪੇਸ਼ ਕਰ ਸਕਣ ਦੀ ਸਮਰੱਥਾ ਦਾ ਪ੍ਰਮਾਣ ਤਾਂ ਦਿੱਤਾ ਹੀ ਹੈ, ਉਸ ਦੀ ਵਿਲੱਖਣਤਾ ਤੇ ਵਡਿਆਈ ਦੇ ਸਥਾਪਤ ਹੋਣ ਦਾ ਇਕ ਹੋਰ ਵੱਡਾ ਕਾਰਨ ਹੈ, ਉਸ ਦਾ ਭਾਸ਼ਾਈ ਸੁਹਜ ਅਤੇ ਕਹਾਣੀ ਨੂੰ ਰਸਿਕ ਤੇ ਆਕਰਸ਼ਕ ਬਣਾਉਣ ਲਈ ਉਸ ਦੁਆਰਾ ਵਰਤੀਆਂ ਗਈਆਂ ਕਥਾ-ਜੁਗਤਾਂ। ਭਾਵੇਂ ਉਹ ਨਿਰੋਲ ਯਥਾਰਥਵਾਦੀ ਕਥਾਕਾਰ ਵਜੋਂ ਪ੍ਰਵਾਨ ਹੋਣ ਲਈ ਸੁਚੇਤ ਰੂਪ ਵਿਚ ਯਤਨਸ਼ੀਲ ਹੈ, ਪਰ ਉਸ ਦੀਆਂ ਕਹਾਣੀਆਂ ਵਿਚੋਂ ਅਨੇਕਾਂ ਹਵਾਲੇ ਲੱਭੇ ਜਾ ਸਕਦੇ ਹਨ ਜਿਥੇ ਉਸ ਨੇ ਕਾਵਿਕ ਹੋਏ ਬਗੈਰ ਵੀ ਕਥਾ ਦੇ ਭਾਸ਼ਾਈ ਸੁਹਜ ਨੂੰ ਉਭਾਰਿਆ ਹੈ। ਉਸ ਦੀਆਂ ਕਹਾਣੀਆਂ ਵਿਚ ਭੂ-ਦ੍ਰਿਸ਼ ਵੇਖੇ ਜਾ ਸਕਦੇ ਹਨ, ਜੋ ਕਾਫੀ ਹੱਦ ਤਕ ਉਸ ਦੀ ਵਿਸ਼ੇਸ਼ਤਾ ਬਣਦੇ ਹਨ। ਪੰਜਾਬੀ ਕਹਾਣੀ ਹਾਲਾਂਕਿ ਬਹੁਤ ਹੱਦ ਤਕ ਕਿਸਾਨੀ ਜੀਵਨ ਨਾਲ ਸੰਬੰਧਿਤ ਹੈ ਪਰ ਪਿੰਡ ਤੋਂ ਬਾਹਰ ਖੇਤਾਂ ਦਾ ਦ੍ਰਿਸ਼, ਪੰਜਾਬੀ ਕਹਾਣੀ ਵਿਚ ਕਾਫੀ ਘੱਟ ਮਾਤਰਾ ਵਿਚ ਪ੍ਰਾਪਤ ਹੈ। ਵਰਿਆਮ ਦੀ ਮੁੱਢਲੀ ਕਹਾਣੀ 'ਕਾਲੀ ਧੁੱਪ' ਤੇ ਉਸ ਦੀ ਅੰਤਿਮ ਰਚਨਾ 'ਮੈਂ ਹੁਣ ਠੀਕ ਠਾਕ ਹਾਂ' ਸਮੇਤ 'ਕਿੱਥੇ ਗਏ', 'ਹਨੇਰੀ', 'ਸੁਨਹਿਰੀ ਕਿਣਕਾ', 'ਵਾਪਸੀ', 'ਚੌਥੀ ਕੂਟ' ਆਦਿ ਕਹਾਣੀਆਂ ਵਿਚੋਂ ਪਿੰਡ ਤੋਂ ਬਾਹਰ ਖੇਤਾਂ ਦਾ ਜੋ ਦ੍ਰਿਸ਼ ਪ੍ਰਾਪਤ ਹੈ ਉਹ ਇਕ ਬੰਨੇ ਲੇਖਕ ਦੇ ਪ੍ਰਮਾਣਿਕ ਕਿਸਾਨੀ ਅਨੁਭਵ ਨੂੰ ਦਰਸਾਉਂਦਾ ਹੈ, ਦੂਜੇ ਬੰਨੇ ਪ੍ਰਕ੍ਰਿਤੀ ਨਾਲ ਉਸ ਦੇ ਲਗਾਉ ਦਾ ਵੀ ਸੰਕੇਤਕ ਬਣਦਾ ਹੈ। ਇਹਨਾਂ ਕਹਾਣੀਆਂ ਵਿਚੋਂ ਕਿਧਰੇ ਕਿਧਰੇ ਅੰਬਾਂ ਅਤੇ ਉਹਨਾਂ ਵਿਚ ਬੈਠੀਆਂ ਕੋਇਲਾਂ ਦਾ ਸੰਗੀਤ ਉਭਰਦਾ ਹੈ, ਕਿਧਰੇ ਕਿਧਰੇ ਪੀਂਘਾਂ ਦੇ ਹੁਲਾਰੇ ਵੀ ਮਿਲਦੇ ਹਨ, ਪਰ ਇਹਨਾਂ ਕਹਾਣੀਆਂ ਵਿਚ ਕਿਧਰੇ ਵੀ ਅਤਿਸ਼ ਰੁਮਾਂਸ ਤੇ ਬੇਲੋੜੀ ਕਾਵਿਕਤਾ ਦਾ ਅਜਿਹਾ ਝਲਕਾਰਾ ਨਹੀਂ, ਜੋ ਕਹਾਣੀ ਦੇ ਯਥਾਰਥਵਾਦੀ ਸੁਹਜ ਉਤੇ ਬੱਜ ਬਣਦਾ ਹੋਵੇ।

ਵਰਿਆਮ ਦੀ ਕਹਾਣੀ ਦਾ ਭਾਸ਼ਾਈ ਸੁਹਜ ਪਾਤਰ ਦੇ ਮਨ- ਅੰਤਰ ਉਤੇ ਝਾਤ ਪਾਉਣ, ਅਤੇ ਢੁਕਵੇਂ ਥਾਂ ਉਤੇ ਢੁਕਵਾ ਪ੍ਰਭਾਵ ਸਿਰਜਣ ਦਾ ਕਾਰਜ ਵੀ ਨਿਭਾਉਂਦਾ ਹੈ। 'ਕਾਲੀ ਧੁੱਪ' ਵਿਚ ਆਪਣੀ ਮਾਂ ਦੇ ਨਾਲ ਖੇਤਾਂ ਵਿਚ ਸਿਲਾ ਚੁਗਦੀ ਕੰਮੀ ਮੁਟਿਆਰ ਸਰਦਾਰਾਂ ਦੀਆ ਬਣੀਆਂ-ਫੱਬੀਆਂ ਕੁੜੀਆਂ ਨੂੰ ਵੇਖ ਕੇ ਜਦੋਂ ਸਹਿਜ ਭਾ ਪੁੱਛਦੀ ਹੈ ਕਿ ਜਵਾਨੀ ਕਦੋਂ ਆਉਂਦੀ ਹੈ ਤਾ ਮਾਂ ਦੇ ਇਸ ਉਤਰ 'ਤੇ ਕਿ 'ਜਦੋਂ ਬਹੁਤ ਹਾਸਾ ਆਵੇ, ਖਿੜ ਖਿੜਾਕੇ ਬਿਨਾਂ ਕਿਸੇ ਗੱਲ ਤੋਂ 'ਤਾ ਉਸ ਦੇ ਇਹ ਬੋਲ ਕਿੰਨੇ ਅਰਥ ਭਰਪੂਰ ਬਣ ਜਾਂਦੇ ਹਨ: 'ਹਾਇ ਹਾਇ--- ਨੀ ਮਾਂ ਇਹ ਤਾਂ ਪਿਛਲੇ ਸਾਲ ਬੜਾ ਆਇਆ ਸੀ।' ਕਿਸੇ ਹੋਰ ਕਹਾਣੀ ਵਿਚ ਇਹ ਪੜ੍ਹਨ ਨੂੰ ਮਿਲਦਾ ਹੈ ਕਿ 'ਆਪਣੇ ਮਹਿਬੂਬ ਬਾਝੋਂ ਮਰ ਜਾਣ ਦੇ ਵੱਡੇ ਵੱਡੇ ਐਲਾਨ ਕਰਨ ਵਾਲੀ ਮੁਟਿਆਰ ਅਕਸਰ ਖਾਣ ਨੂੰ ਰੋਟੀ ਤੇ ਹੰਢਾਉਣ ਨੂੰ ਦਰਮਿਆਨਾ ਜਿਹਾ ਪਤੀ ਪਾ ਕੇ ਹੀ ਸੰਤੁਸ਼ਟ ਹੋ ਜਾਂਦੀ ਹੈ।'.(ਦੁਖਾਂਤ ਦਾ ਸਫਰ)। ਕਬੀਲਦਾਰੀ ਦੀਆ ਬਹੁ-ਭਾਤੀ ਮੁਸ਼ਕਿਲਾ

ਵਿਚ ਫਾਥੇ ਗਰੀਬ ਅਧਿਆਪਕ ਸ਼ਾਮ ਸੁੰਦਰ ਨੂੰ 'ਸ਼ਾਮ ਸੁੰਦਰ ਨਹੀਂ ਭਦੀ ਲੱਗਦੀ ਹੈ।' (ਅੱਖਾਂ 'ਚ ਮਰ ਗਈ ਖੁਸ਼ੀ)। ਕਹਾਣੀ 'ਅੰਗ ਸੰਗ' 'ਨਿੱਕੇ ਜਿਹੇ ਅਦਨੇ ਆਦਮੀ ਦੇ ਨਿੱਕੇ ਜਿਹੇ ਇਤਿਹਾਸ ਦੇ ਅੰਤ ਦੀ ਗੱਲ ਕਰਦੀ ਹੈ, ਜਿਸ ਨੂੰ ਮੁੱਛ ਫੁੱਟਣ 'ਤੇ ਹੀ ਕਬੀਲਦਾਰੀ ਵਿਚ ਇਉਂ ਝੋਕ ਦਿੱਤਾ ਗਿਆ ਸੀ 'ਜਿਵੇਂ ਕੁਲੇ ਵਹਿੜਕੇ ਨੂੰ ਹਲੀਂ ਜੋੜ ਦਿੱਤਾ ਹੋਵੇ।' ਕਬੀਲਦਾਰੀ ਵਿਚ ਗ੍ਰਸੀ ਉਸ ਦੀ ਪਤਨੀ 'ਜਗੀਰ ਕੌਰ, ਚਾਹੁੰਦਿਆਂ ਵੀ ਦਰਿਆ ਜਾਂ ਖੂਹ ਵਿਚ ਡੁੱਬ ਕੇ ਨਹੀਂ ਸੀ ਮਰੀ। ਪਰ ਹੁਣ ਉਹ ਘਰ ਵਿਚ ਹੀ ਹਰ ਘੜੀ ਗੋਤੇ ਖਾਂਦੀ ਡੁੱਬਦੀ ਮਰਦੀ ਰਹਿੰਦੀ ਹੈ'। ਭਾਸ਼ਾਈ ਸੁਹਜ ਦੀਆਂ ਇਸ ਤਰ੍ਹਾਂ ਦੀਆਂ ਉਦਾਹਰਣਾਂ ਵਰਿਆਮ ਦੀਆਂ ਕਹਾਣੀਆਂ ਵਿਚ ਥਾਂ ਥਾਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੁਆਰਾ ਉਹ ਕਿਤੇ ਵੱਖਰੇ ਅਰਥ ਅਤੇ ਵੱਖਰੇ ਪ੍ਰਸੰਗ ਵਿਚ ਸ਼ਬਦਾਂ ਨੂੰ ਨਾਲੇ ਨਾਲ ਜੋੜਦਾ ਹੈ ਤੇ ਕਿਤੇ ਉਹਨਾਂ ਰਾਹੀਂ ਵਿਅੰਗ ਤੇ ਟਕੋਰ ਕਰਦਾ ਹੈ। 'ਕਿੱਥੇ ਗਏ' ਕਿਸਾਨ ਦੇ ਕੰਗਾਲੀਕਰਨ ਦੀ ਪ੍ਰਕਿਰਿਆ ਨੂੰ ਦਰਸਾਉਂਦੀ ਕਹਾਣੀ ਬਚਨੇ ਦੇ ਦਾਦੇ ਦੀ ਘੋੜੀ ਤੋਂ ਤੁਰਕੇ ਉਸ ਦੀ ਸਾਈਕਲ ਤੱਕ ਪੁੱਜਦੀ ਹੈ ਜਿਸ ਨੂੰ ਉਹ 'ਜੀਪ' ਸਮਝਦਾ ਹੈ!' 'ਡੁੱਬਦਾ ਚੜ੍ਹਦਾ' ਵਿਚ ਮੁੱਖ ਪਾਤਰ ਆਪਣੇ ਮਰ ਗਏ ਪਿਉ ਦੇ ਸ਼ਹਿਰ ਵਸਦੇ ਮਿੱਤਰ ਕਾਰੀਗਰ ਹਰੀ ਸਿੰਘ ਨੂੰ ਉਸ ਦੇ ਠੀਕ- ਠਾਕ ਹੋਣ ਬਾਰੇ ਦੱਸਦਾ ਹੈ ਜਦ ਕਿ ਆਪਣੇ ਆਦਰਸ਼ ਤੋਂ ਡੋਲੇ ਕਾਮਰੇਡ ਬਾਰੇ ਉਸ ਦਾ ਕਹਿਣਾ ਹੈ ਕਿ ਉਹ ਤਾਂ ਚਿਰੋਕਣਾ ਮਰ ਗਿਆ! 'ਸੁਨਹਿਰੀ ਕਿਣਕਾ' ਦੇ ਫੌਜੇ ਨੂੰ ਇਕ ਵਾਰ ਹੀ ਧੋਖਾ ਨਹੀਂ ਲੱਗਾ, ਉਹ ਤਾਂ 'ਧੋਖਿਆਂ ਦੇ ਇਤਿਹਾਸ' 'ਚੋਂ ਗੁਜ਼ਰਿਆ ਹੈ। 'ਡੁੰਮ੍ਹ' ਦੇ ਸਿਧੇ-ਸਾਦੇ ਤੇਜੂ ਨੂੰ ਪਤਾ ਨਹੀਂ ਕਿਉਂ ਲੋਕੀਂ ਵਿੰਗੜ ਤੇਜੂ ਆਖਦੇ ਹਨ। ' ਆਪਣਾ ਆਪਣਾ ਹਿੱਸਾ' ਦਾ ਗਰੀਬ ਕਿਸਾਨ ਧਰਮਾ 'ਸ਼ਿਵਾਂ ਵਰਗਾ ਮਾਂ ਦਾ ਸ਼ਿਵ ਜੀ ਹੈ!' 'ਵਾਪਸੀ' ਵਿਚ ਸੁੱਤੇ ਨਰਾਂ ਨੂੰ ਭਜਨ ਦੇ ਵੇਲੇ ਲਈ ਜਾਗਣ ਵਾਸਤੇ ਪ੍ਰੇਰਦਾ ਸਾਧ, ਨਰ ਦੀ ਥਾਂ ਘੁਲੇ ਫੌਜੀ ਦੀ ਸੁੱਤੀ ਨਾਰ ਨੂੰ ਜਗਾ ਕੇ ਭਜਾ ਲੈ ਜਾਂਦਾ ਹੈ ਅਤੇ ਇੰਝ ਭਜਨ ਦਾ ਵੇਲਾ 'ਭੱਜਣ ਦਾ ਵੇਲਾ' ਬਣ ਜਾਂਦਾ ਹੈ!' ਸੁਖਮਨੀ' ਦਾ ਪਾਠ ਸੰਤਾ ਸਿੰਘ ਦੇ ਬੇਚੈਨ ਮਨ ਨੂੰ ਸੁਖ ਨਹੀਂ ਦੇ ਸਕਦਾ!

ਸ਼ਬਦਾਂ ਦੀ ਇਸ ਖੇਡ ਵਿਚੋਂ ਹੀ 'ਭੱਜੀਆਂ ਬਾਹੀਂ' ਵਿਚ ਧਨ ਸੰਪੱਤੀ ਦੇ 'ਹਿੱਕ 'ਤੇ ਧਰ ਕੇ ਲਿਜਾਣ' ਅਤੇ ਮਰੇ ਕੇਵਲ ਦੇ ਹਿੱਕ ਉਤੇ ਟਿਕੇ ਹੱਥਾਂ ਦਾ ਸਮਾਨਾਂਤਰ ਜ਼ਿਕਰ ਹੈ। 'ਕੌਮ ਦੇ ਫੈਸਲਾਕੁਨ ਮੋੜ ਉੱਤੇ ਖਲੋਤੇ ਹੋਣ' ਦੀ ਗੱਲ ਦੋ ਦੋਸਤਾਂ ਦੇ ਬਾਜ਼ਾਰ ਦੇ ਮੋੜ ਉਤੇ ਖਲੋਤੇ ਹੋਣ' ਵਿਚ ਵੱਟਦੀ ਹੈ। ਲੜਾਈ ਦੇ ਮੁਕੱਦਮੇ ਵਿਚ ਆਪਣਾ ਪੱਖ ਮਜ਼ਬੂਤ ਕਰਨ ਲਈ ਭਰਾ ਆਪ ਹੀ ਆਪਣੇ ਦੂਜੇ ਭਰਾ ਦੀ ਬਾਂਹ ਉਤੇ ਟੱਕ ਲਾਉਂਦੇ ਹਨ ਅਤੇ ਇੰਝ ਭਾਈਆਂ ਬਾਝ 'ਬਾਹਾਂ ਦੇ ਭੱਜਣ' ਦੇ ਨਿਵੇਕਲੇ ਅਰਥ ਉਘੜਦੇ ਹਨ। ਇਸ ਤਰ੍ਹਾਂ ਦੇ ਅਨੇਕਾਂ ਸ਼ਬਦ ਤੇ ਵਾਕ ਵਿਅੰਗ, ਟਕੋਰ ਤੇ ਮਸ਼ਕਰੀ ਰਾਹੀਂ ਕਹਾਣੀ ਦੇ ਬਿਰਤਾਂਤ ਨੂੰ ਰੌਚਿਕ ਵੀ ਬਣਾਉਂਦੇ ਹਨ ਤੇ ਅਰਥ ਭਰਪੂਰ ਵੀ। ਜਿਵੇਂ 'ਆਤਮਘਾਤ ਦੇ ਅਨੇਕਾਂ ਨਵੇਂ ਢੰਗ ਈਜਾਦ ਹੋ ਗਏ ਹਨ', ਪਰ 'ਸੁਨਹਿਰੀ ਕਿਣਕਾ' ਦਾ ਫੌਜਾ ਇਸ ਮੰਤਵ ਲਈ ਖੁੰਢਾ ਦਾਤਰ ਚੁੱਕੀ ਫਿਰਦਾ ਹੈ! 'ਡੁੰਮ੍ਹ' ਵਿਚ ਤੇਜੂ ਆਪਣੇ ਪੁੱਤਰ ਤਾਰੇ ਨੂੰ ਭਲਵਾਨ, ਬਦਮਾਸ਼, ਪਾੜ੍ਹਾ ਤੇ ਅਫਸਰ ਬਣਾਉਣਾ ਲੋਚਦਾ ਹੈ ਪਰ ਕਿਸੇ ਅਨੋਖੇ ਤਰਕ ਕਾਰਨ ਇਹ ਇਰਾਦਾ ਤਰਕ ਕਰ ਦਿੰਦਾ ਹੈ ਜਦ ਕਿ ਤਾਰਾ ਅੰਤ ਇਕ ਕੰਮੀ ਬਣ ਕੇ ਰਹਿ ਜਾਂਦਾ ਹੈ। 'ਸੁਨਹਿਰੀ ਕਿਣਕਾ' ਦੇ ਫੌਜੇ ਨੂੰ ਗਿਲਾ ਹੈ ਕਿ ਉਹ ਨੰਗ ਜੱਟਾਂ ਦੇ ਘਰ ਜਨਮਿਆ, ਗੁਲਗੁਲੇ ਵਰਗੇ ਲਾਲਿਆਂ ਦੇ ਘਰ ਕਿਉਂ ਨਾ ਪੈਦਾ ਹੋਇਆ! ਹੁਣ ਉਹ ਇਸ 'ਹੀਰੇ ਅਮੋਲਕ ਜਰਮ' ਤੋਂ ਬੁਰੀ ਤਰ੍ਹਾਂ ਅੱਕ ਚੁੱਕਿਆ ਹੈ! 'ਆਪਣਾ ਆਪਣਾ ਹਿੱਸਾ' ਵਿਚ ਦੁਖੀ ਘੁੱਦੇ ਹੱਥੋਂ ਬੇਵਜ੍ਹਾ ਮਾਰ ਖਾਣ ਪਿੱਛੋਂ ਮੱਝ 'ਖਿਮਾ ਜਾਚਨਾ ਦੀ ਮੁਦਰਾ ਵਿਚ ਖਲੋਤੀ ਹੈ!' ਏਸੇ ਹੀ ਕਹਾਣੀ ਵਿਚ ਆਪਣੀ ਆਰਥਿਕ ਅਸਮਰਥਾ ਕਾਰਨ ਮਾਂ ਦੇ ਮਰਨ ਉਤੇ ਧਰਮਾ ਦੂਜੇ ਭਰਾਵਾਂ ਕੋਲ ਮਾਂ ਦੇ ਫੁੱਲਾਂ ਦਾ ਬਣਦਾ ਹਿੱਸਾ ਪਾਉਣ ਦੀ ਗੱਲ ਹੀ ਨਹੀਂ ਕਰਦਾ, ਇਹ ਪ੍ਰਸਤਵ ਵੀ ਰੱਖਦਾ ਹੈ ਕਿ ਪਿਉ ਦੇ ਮਰਨ ਉੱਤੇ ਉਹ ਉਸ ਦੇ ਫੁੱਲ ਇਕੱਲਾ ਹੀ ਪਾ ਆਏਗਾ! 'ਭੱਜੀਆਂ ਬਾਹੀਂ' ਵਿਚ



ਕੇਵਲ ਦੇ ਆਪਣੇ ਮਿੱਤਰ ਤਾਰੇ ਦੇ ਸੰਬੰਧ ਵਿਚ ਬੋਲ ਹਨ ਕਿ 'ਸਾਨੂੰ ਆਂਹਦਾ ਬੰਦਾ ਬਣ, ਆਪ ਸਿੱਖ ਬਣਿਆ ਫਿਰਦਾ!' 'ਅੰਗ ਸੰਗ' ਵਿਚ ਆਪਣੇ ਪੁੱਤਰ ਨੂੰ ਸਕੂਲ ਦਾਖਲ ਕਰਾਉਣ ਗਏ ਇਕ ਸਾਧਾਰਨ ਅਣਪੜ੍ਹ ਕਿਸਾਨ ਦੇ ਸਹਿਜ ਬੋਲ ਹਨ: 'ਮਾਸਟਰ ਜੀ ਇਹਨੂੰ ਕਿਤੇ ਸਾਡੇ ਵਰਗਾ ਹੀ ਨਾ ਪੜ੍ਹਾਇਉ। ਸਾਡੀ ਤਾਂ ਬੇੜੀ ਡੋਬਤੀ ਜੇ ਇਹਨੂੰ ਬੰਨੇ ਲਾ ਦਿਉ।' 'ਜ਼ੰਜੀਰਾਂ' ਵਿਚ ਮਰਿਆ ਆਦਮੀ ਬੋਲ ਰਿਹਾ ਹੈ ਜਦ ਕਿ 'ਭੱਜੀਆਂ ਬਾਹੀਂ', 'ਡੁੰਮ੍ਹ' ਤੇ 'ਕੁਰਾਹੀਆ' ਵਿਚ ਮਰ ਚੁੱਕੇ ਕੇਵਲ, ਤੇਜੂ ਤੇ ਹੈਡ ਮਾਸਟਰ ਹਜ਼ਾਰਾ ਸਿੰਘ ਦੀਆਂ ਆਪਣੀ ਮੌਤ 'ਤੇ ਸੋਗ ਵਿਚ ਜੁੜੇ ਵਿਅਕਤੀਆਂ ਤੇ ਉਸ ਵੇਲੇ ਦੀ ਸਥਿਤੀ ਉਤੇ ਵਿਅੰਗ-ਟਿੱਪਣੀਆਂ ਹਨ।

'ਅਸਲੀ ਤੇ ਵੱਡੀ ਹੀਰ' ਵਿਚ ਕਾਮਰੇਡ ਨਹੀਂ 'ਕਾਮਰੇਡ ਕਿਸਮ ਦੇ ਆਦਮੀਆਂ' ਦਾ ਜ਼ਿਕਰ ਹੈ। 'ਦਲਦਲ' ਵਿਚ ਧੀ ਭੈਣ ਨੂੰ ਕੱਜਣਾ ਆਪਣਾ ਫਰਜ਼ ਸਮਝਦਾ ਹੋਇਆ ਮੁੱਖ ਪਾਤਰ ਸ਼ਰ੍ਹੇ ਆਮ ਇਕ ਸੁਆਣੀ ਦੇ ਨੰਗੇ ਕੀਤੇ ਜਾਣ ਦੀ ਦੁਰਘਟਨਾ ਨੂੰ ਅਣਗੌਲਿਆਂ ਕਰਦਾ ਹੈ। 'ਵਾਪਸੀ' ਵਿਚਲਾ ਕੁਲਦੀਪ ਬਚਪਨ ਵਿਚ ਬੈਟਰੀ ਜਗਾਉਣ ਦੇ ਲਾਲਚ ਵੱਸ ਰਾਤ ਦੀ ਉਡੀਕ ਕਰਦਾ ਹੁੰਦਾ ਸੀ ਪਰ ਹੁਣ ਸੰਗਰਾਮੀਆਂ ਜੀਵਨ ਗੁਜ਼ਾਰਦਾ ਰਾਤਾਂ ਨੂੰ ਘੁੰਮਦਾ ਸੂਰਜ ਚੜ੍ਹਨ ਦੀ ਉਡੀਕ ਕਰ ਰਿਹਾ ਹੈ, ਜੋ ਚੜ੍ਹਨ ਵਿਚ ਹੀ ਨਹੀਂ ਆਉਂਦਾ। 'ਹਨੇਰੀ' ਵਿਚ ਫਸਲ ਕੱਢਦੇ ਇਕ ਕਿਸਾਨ ਦੇ ਬੋਲ ਹਨ ਕਿ ਉਸ ਨੇ ਜਵਾਨੀ ਵਿਚ ਆਪਣੀ ਪਤਨੀ ਬਚਨੋ ਦੀ ਉਨੀ ਸ਼ਿੱਦਤ ਨਾਲ ਉਡੀਕ ਨਹੀਂ ਕੀਤੀ ਹੋਣੀ ਜਿੰਨੀ ਸ਼ਿੱਦਤ ਨਾਲ ਉਸਨੂੰ ਬਿਜਲੀ ਦੀ ਉਡੀਕ ਕਰਨੀ ਪੈਂਦੀ ਹੈ! 'ਡੁੱਬਦਾ ਚੜ੍ਹਦਾ' ਵਿਚ ਬੁੱਢੀ ਮਾਈ ਨੂੰ ਸੀ.ਆਈ. ਡੀ. ਦਾ ਅਧਿਕਾਰੀ 'ਦਾਹੜੀ ਬੱਝੀ ਹੋਣ 'ਤੇ' ਵੀ ਭਲਾਮਾਣਸ ਨਹੀਂ ਲੱਗਦਾ! ਜਦ ਕਿ ਗੁਰਮੁਖ ਸਿੰਘ ਵਿਚਲੀ ਕਹਾਣੀ ਦੱਸਦੀ ਹੈ ਕਿ ਗੁਰੂ ਗੁਰਦੁਆਰੇ ਵਿਚ ਮਰ ਰਿਹਾ ਹੈ!

ਇਸ ਤਰ੍ਹਾਂ ਦੀਆਂ ਵਿਅੰਗ-ਸਥਿਤੀਆਂ ਤੇ ਵਿਅੰਗ-ਉ ਤੀਆਂ ਲੇਖਕ ਦੀ ਭਾਸ਼ਾਈ ਸਮਰਥਾ ਦਾ ਪਰਿਚਯ ਵੀ ਦਿੰਦੀਆਂ ਹਨ ਅਤੇ ਕਹਾਣੀ ਦੇ ਅਰਥਾਂ ਨੂੰ ਵੀ ਡੂੰਘਾ ਕਰਦੀਆਂ ਹਨ। ਪਰ ਇਕ ਸਿਰਜਕ ਵਜੋਂ ਵਰਿਆਮ ਇਸ ਤੱਥ ਤੋਂ ਜਾਣੂੰ ਹੈ ਕਿ ਜਿਥੇ ਭਾਸ਼ਾ ਦੀ ਕੁਸ਼ਲ ਵਰਤੋਂ ਕਰਨਾ ਅਤੇ ਭਾਸ਼ਾਈ ਸੁਹਜ ਉਜਾਗਰ ਕਰਨਾ ਇਕ ਲੇਖਕ ਲਈ ਜ਼ਰੂਰੀ ਹੈ, ਉੱਥੇ ਕਿਸੇ ਸਾਹਿਤਕ ਕਿਰਤ, ਖਾਸ ਕਰ ਕਹਾਣੀ ਦਾ ਬਹੁਤਾ ਮੁੱਲ ਉਸ ਵਿਚ ਪੇਸ਼ ਜੀਵਨ-ਯਥਾਰਥ ਤੇ ਉਸ ਵਿਚ ਸੰਚਾਰਿਤ ਦ੍ਰਿਸ਼ਟੀ ਦੁਆਰਾ ਹੀ ਨਿਰਧਾਰਤ ਹੁੰਦਾ ਹੈ। ਇਸ ਲਈ ਆਪਣਾ ਮੁੱਖ ਸਰੋਕਾਰ ਉਹ ਪ੍ਰਾਪਤ ਸਮਾਜੀ ਸੰਦਰਭ ਵਿਚ ਮਾਨਵੀ ਸਥਿਤੀ ਦੇ ਉਭਾਰਨ ਨੂੰ ਹੀ ਬਣਾਉਂਦਾ ਹੈ। ਖੁਲ੍ਹੇ-ਡੁਲ੍ਹੇ ਹਾਸੇ ਵਾਲੀਆਂ ਅਤੇ ਦਿਲ ਦੀਆਂ ਡੂੰਘਾਣਾਂ ਤਕ ਨੂੰ ਝੰਜੋੜ ਜਾਣ ਵਾਲੀਆਂ ਦੁਖਾਂਤਕ ਘਟਨਾਵਾਂ ਤੇ ਸਥਿਤੀਆਂ ਨੂੰ ਉਸ ਨੇ ਕੁਸ਼ਲਤਾ ਨਾਲ ਕਹਾਣੀ ਵਿਚ ਗੁੰਦਿਆ ਹੈ। ਮਨੁੱਖ ਦੇ ਬਾਹਰੀ ਵਿਹਾਰ ਤੇ ਅੰਦਰੂਨੀ ਸੱਚ ਦੀਆਂ ਪਰਤਾਂ ਵੀ ਉਸ ਦੀ ਰਚਨਾ ਵਿਚ ਖੁਲ੍ਹਦੀਆਂ ਹਨ। ਸਮਾਜਕ ਯਥਾਰਥ ਨੂੰ ਪੇਸ਼ ਕਰਨ ਸਮੇਂ ਉਹ ਸੁਚੇਤ ਸਮਾਜ-ਵਿਗਿਆਨੀ ਵਰਗੀ ਸੋਝੀ ਦਾ ਪ੍ਰਮਾਣ ਦਿੰਦਾ ਹੈ। ਪਰ ਖੁਦ ਉਹ ਕਹਾਣੀ ਵਿਚ ਕਿਧਰੇ ਵੀ ਰੜਕਦਾ ਨਹੀਂ।

ਕਿਸੇ ਸਿਆਣੇ ਨੇ ਕਿਹਾ ਹੈ ਕਿ ਸਾਹਿਤਕਾਰ ਆਪਣੀ ਰਚਨਾ ਵਿਚ ਇਉਂ ਹੋਵੇ ਜਿਵੇਂ ਪਰਮਾਤਮਾ ਆਪਣੀ ਸ੍ਰਿਸ਼ਟੀ ਵਿਚ ਹੁੰਦਾ ਹੈ- ਅਦਿਖ ਪਰ ਪੂਰੀ ਤਰ੍ਹਾਂ ਰਮਿਆ ਹੋਇਆ। ਵਰਿਆਮ ਸਿੰਘ ਸੰਧੂ ਨੇ ਇਹ ਸਿਆਣਪ ਅਪਣਾਈ ਹੋਈ ਹੈ। ਕਹਾਣੀ ਕਹਿਣ ਲਈ ਉਹ ਭਾਵੇਂ ਜਮਾਂਦਰੂ ਪ੍ਰਤਿਭਾ ਦੀ ਲੋੜ ਮਹਿਸੂਸ ਨਹੀਂ ਕਰਦਾ, ਪਰ ਹਕੀਕਤ ਇਹ ਹੈ ਕਿ ਉਪਰੋਕਤ ਸਿਆਣਪ ਦੇ ਬਾਵਜੂਦ ਵਰਿਆਮ ਸਿੰਘ ਸੰਧੂ ਪੰਜਾਬੀ ਕਥਾ-ਸਹਿਤ ਵਿਚ ਏਨਾ ਉਚਾ ਸਥਾਨ ਕਦਾਚਿਤ ਨਾ ਹਾਸਲ ਕਰ ਸਕਦਾ, ਜੇ ਉਹ ਅਸਾਧਾਰਨ ਪ੍ਰਤਿਭਾ ਦਾ ਸੁਆਮੀ ਨਾ ਹੁੰਦਾ।

[1728, ਸੈਕਟਰ 43-ਬੀ, ਚੰਡੀਗੜ੍ਹ-160 022]

## ਝੱਖੜ ਅਤੇ ਪਰਿੰਦੇ [ਬਲਦੇਵ ਸਿੰਘ]

ਬਲਦੇਵ ਸਿੰਘ ਪੰਜਾਬੀ ਕਹਾਣੀ ਦੇ ਖੇਤਰ ਵਿਚ ਇਕ ਵਿਲੱਖਣ ਅਤੇ ਚਰਚਿਤ ਨਾਂ ਹੈ। ਏਸ ਸੰਗ੍ਰਹਿ ਤੋਂ ਪਹਿਲਾਂ ਉਹ ਚਾਰ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲ 'ਚ ਪਾ ਚੁੱਕਾ ਹੈ। ਗਲਪ-ਸ਼ੈਲੀ ਦੇ ਵਿਸ਼ੇਸ਼ ਰੂਪਾਕਾਰ ਵਜੋਂ ਵੀ ਉਸ ਦਾ ਨਾਂ ਆਦਰ ਸਹਿਤ ਲਿਆ ਜਾਂਦਾ ਹੈ। "ਸੜਕਨਾਮਾ" ਕਾਲਮ ਰਾਹੀਂ ਵਿਲੱਖਣ ਸ਼ੈਲੀ ਅਤੇ ਵਿਸ਼ੇ ਦੇ ਵਿਭਿੰਨ ਪਸਾਰਾਂ ਰਾਹੀਂ ਪੰਜਾਬੀ ਗਲਪ ਸਾਹਿਤ ਵਿਚ ਉਸ ਨੇ ਆਪਣੀ ਚੋਖੀ ਥਾਂ ਬਣਾ ਲਈ ਹੈ।

ਹੱਥਲਾ ਕਥਾ-ਸੰਗ੍ਰਹਿ "ਝੱਖੜ ਅਤੇ ਪਰਿੰਦੇ" (ਆਰਸੀ ਪਬਲਿਸ਼ਰਜ਼, ਚਾਦਨੀ ਚੌਕ, ਦਿੱਲੀ, ਪੰਨੇ 135, ਮੁੱਲ: 100 ਰੁਪਏ) ਪੰਜਾਬ ਦੇ ਸੰਤਾਪ ਨਾਲ ਸੰਬੰਧਿਤ ਕਹਾਣੀਆਂ ਦਾ ਰੌਚਿਕ ਅਤੇ ਦਸਤਾਵੇਜ਼ੀ ਕਥਾ-ਸੰਗ੍ਰਹਿ ਹੈ। ਬਲਦੇਵ ਨੇ ਜਿੱਥੇ ਆਪਣੇ ਵਿਸ਼ਾਲ ਪੇਂਡੂ ਯਥਾਰਥ- ਬੋਧ ਰਾਹੀਂ ਇਕ ਪ੍ਰੋਢ ਕਥਾਕਾਰ ਹੋਣ ਦਾ ਪ੍ਰਮਾਨ ਦਿੱਤਾ ਹੈ, ਉਥੇ ਕਲਕੱਤੇ ਵਰਗੇ ਮਹਾਂ-ਨਗਰ ਦੀਆਂ ਪਰਤਾਂ ਨੂੰ ਫਰੋਲਦਿਆਂ ਸਾਹਿਤ ਪ੍ਰਤੀ ਗੰਭੀਰ ਚੇਤੰਨਤਾ ਦਾ ਪ੍ਰਗਟਾਵਾ ਵੀ ਕੀਤਾ ਹੈ। ਇਸ ਸੰਗ੍ਰਹਿ ਦੀ ਵਿਸ਼ੇਸ਼ਤਾ ਪ੍ਰਾਪਤ ਜੀਵਨ ਦੇ ਬਹੁ- ਪਰਤੀ ਅਤੇ ਬਹੁ- ਦਿਸ਼ਾਵੀ ਸਮਾਜਕ , ਆਰਥਿਕ ਅਤੇ ਰਾਜਨੀਤਿਕ ਪਰਿਪੇਖ ਨੂੰ ਉਘਾੜਨ ਵਿਚ ਹੈ, ਜਿਸ ਨਾਲ ਪਿਛਲੇ ਦਹਾਕੇ ਦਾ ਸਹੀ ਸੰਦ੍ਰਿਸ਼ ਪਾਠਕਾਂ ਸਾਹਵੇਂ ਪੇਸ਼ ਹੁੰਦਾ ਹੈ।

ਬਲਦੇਵ ਸਿੰਘ ਕਹਾਣੀ ਕਹਿਣ ਲੱਗਿਆਂ ਸ਼ੈਲੀ ਪੱਖੋਂ ਬਹੁਤ ਖਿੱਚ ਪਾਉਂਦਾ ਹੈ। ਨਾਟਕੀ ਉਸਾਰ ਉਸ ਦੀਆਂ ਕਹਾਣੀਆਂ ਦੇ ਯਥਾਰਥ ਨੂੰ ਪ੍ਰਭਾਵਸ਼ਾਲੀ ਹੀ ਨਹੀਂ ਬਣਾਉਂਦਾ ਸਗੋਂ ਵਿਸ਼ੇ ਦੇ ਸਤਹੀ ਗਿਆਨ ਨੂੰ ਵੀ ਗੰਭੀਰ ਬਣਾ ਕੇ ਪੇਸ਼ ਕਰਦਾ ਹੈ। ਕਹਾਣੀਆਂ ਦਾ ਸਰਲ ਪਾਠ ਅਤੀਤ ਦੀ ਜਾਣਕਾਰੀ ਤੋਂ ਵਧੇਰੇ ਕੁਝ ਨਹੀਂ ਜਾਪਦਾ, ਪਰ ਰਤਾ ਗਹੁ ਨਾਲ ਵੇਖਣ 'ਤੇ ਸਮੁੱਚੇ ਜੀਵਨ - ਪਰਿਵੇਸ਼ ਵਿਚ ਜੋ ਦੰਭ, ਅਨਿਆਇ , ਤਣਾਅ ਅਤੇ ਵਿਸ਼ੇਸ਼ ਰੂਪ 'ਚ ਸੰਗਤੀਆਂ- ਵਿਸੰਗਤੀਆਂ ਦਾ ਮਾਰਮਿਕ ਚਿਤਰ ਉਘੜਦਾ ਹੈ, ਉਹ ਇਸ ਸੰਗ੍ਰਹਿ ਦੀ ਪ੍ਰਾਪਤੀ ਹੈ।

ਬਲਦੇਵ ਸਿੰਘ ਦੀਆਂ ਇਹਨਾਂ ਕਹਾਣੀਆਂ ਦਾ ਯਥਾਰਥ ਇਕਹਿਰਾ ਨਹੀਂ ਤੇ ਨਾ ਹੀ ਸ਼ਾਇਰੀ ਦੇ ਪੱਧਰ 'ਤੇ ਭਾਵਨਾਤਮਕ ਰੁਝਾਨ ਵਾਂਗ ਹੈ। ਭਾਵੇਂ ਕਈ ਕਹਾਣੀਆਂ ਚਿੰਨ੍ਹ ਰੂਪ ਵਿਚ ਰਾਜਨੀਤਕ ਦਸ਼ਾ ਦਾ ਰੂਪਾਂਤਰਣ ਹੋ ਨਿਬੜੀਆਂ ਹਨ। ਫਿਰ ਵੀ ਕਥਾਕਾਰ ਦੀ ਪਹੁੰਚ ਸੰਤਾਪ ਦੇ ਕਾਰਣਾਂ ਵੱਲ ਪ੍ਰੇਰਦੀ ਪਾਠਕ ਨੂੰ ਜੁਝਾਰਵਾਦੀ ਦੌਰ ਵਿਚ ਲੈ ਜਾਂਦੀ ਹੈ। ਉਂਝ ਉਸ ਸਮੇਂ ਨੂੰ ਪਿਛਲੇ ਦਹਾਕੇ ਦੇ ਟਾਕਰੇ ਜਿਹੜੀ ਵਿਚਾਰਧਾਰਕ ਪਹੁੰਚ ਹਾਸਲ ਸੀ, ਉਹ ਇਸ ਦਹਾਕੇ ਦੇ ਗਲਪ-ਸਾਹਿਤ ਵਿਚੋਂ ਗੈਰ ਹਾਜ਼ਰ ਹੈ। ਕਥਾਕਾਰ ਆਪਣੀਆਂ ਕਹਾਣੀਆਂ ਦੇ ਕਲੇਵਰ ਰਾਹੀਂ ਜਿਥੇ ਆਤੰਕਵਾਦੀ ਰੁਝਾਨਾਂ ਨੂੰ ਆਰਥਿਕ ਬੇਬਸੀ, ਪੈਸੇ ਦੀ ਹੋੜ, ਬੇਕਾਰੀ ਆਦਿ ਰਾਹੀਂ ਪੇਸ਼ ਕਰਦਾ ਹੈ, ਉਥੇ ਸਰਕਾਰੀ ਜਬਰ ਵੀ ਆਤੰਕ ਫੈਲਾਉਣ ਦਾ ਇਕ ਮੂਲ ਕਾਰਣ ਹੈ। ਆਪਸ ਵਿਚੀਂ ਖਹਿਬਾਜ਼ੀ ਅਥਵਾ ਨਿੱਜੀ ਦੁਸ਼ਮਣੀਆਂ ਦੇ ਚੱਕਰ ਰਾਹੀਂ ਆਤੰਕਵਾਦੀਆਂ ਨੇ ਜਿਸ ਢੰਗ ਨਾਲ ਪੰਜਾਬੀ ਜਨ-ਜੀਵਨ ਨੂੰ ਲਿਤਾੜਿਆ ਉਹ ਇਕ ਵੱਖਰਾ ਸੁਆਲ ਹੈ। ਸਰਕਾਰ ਅਤੇ ਸੱਤਾ-ਪ੍ਰਾਪਤੀ ਲਈ ਜੁਟੇ ਨੌਜੁਆਨਾਂ ਦਰਮਿਆਨ ਇਕ ਹੋਰ ਆਤੰਕ ਜਿਹੜਾ ਪੰਜਾਬੀ ਜੀਵਨ-ਯਥਾਰਥ ਉਪਰ ਸੱਪ ਵਾਂਗ ਕੁੰਡਲ ਮਾਰ ਕੇ ਬੈਠਾ ਹੋਇਆ ਹੈ, ਉਹ ਹੈ ਬਸਤੀਵਾਦੀ ਸੋਚ ਰਾਹੀਂ, ਪੇਂਡੂ ਆਰਥਿਕਤਾ ਉਪਰ ਕਬਜ਼ੇ ਦੀ ਭਾਵਨਾ। ਇਹ ਭਾਵਨਾ ਪਿੰਡ ਦਾ ਸਰਪੰਚ ਬਣਨ ਤੋਂ ਲੈ ਕੇ ਸੰਕੇਤਕ ਰੂਪ ਵਿਚ ਦੇਸ਼ ਦੀ ਵਾਗਡੋਰ ਸੰਭਾਲਣ ਤਕ ਹੈ। " ਰਾਤ ਦੀ ਕੁੱਖ ਵਿਚਲਾ ਸੂਰਜ" ਇਹਨਾਂ ਦੁਜੈਲੇ ਅਰਥਾਂ ਨੂੰ ਪਾਠਕਾਂ ਸਾਹਵੇਂ ਪੇਸ਼ ਕਰਦੀ ਇਕ ਅਜਿਹੀ ਹੀ ਸੰਕੇਤਕ



ਕਹਾਣੀ ਹੈ, ਜਿਸ ਨੂੰ ਜੇਕਰ ਗਹੁ ਨਾਲ ਨਾ ਪੜ੍ਹੀਏ ਤਾਂ ਇਹ ਆਪਣੀ ਸਾਰਥਕਤਾ ਖੋ ਸਕਦੀ ਹੈ। ਆਰਥਿਕ ਤੌਰ 'ਤੇ ਬੇਰੁਜ਼ਗਾਰੀ ਦੇ ਦੌਰ ਰਾਹੀਂ ਪੰਜਾਬੀ ਜਨ-ਜੀਵਨ ਵਿਚ ਆਤੰਕਵਾਦ ਦਾ ਪ੍ਰਵੇਸ਼ ਅਤੇ ਫਿਰ ਉਸ ਦਾ ਫੈਲਾਅ ਇਹ ਦੋਵੇਂ ਪ੍ਰਮੁੱਖ ਮੋਟਿਫਾ ਨੂੰ ਉਭਾਰਦੀ "ਨਾਗਵਲ" ਇਸ ਸੰਗ੍ਰਹਿ ਦੀ ਮਹੱਤਵਪੂਰਣ ਅਤੇ ਸਮੁੱਚੇ ਸੰਤਾਪ-ਗ੍ਰਸਤ ਸੰਦਰਭ ਨੂੰ ਉਘਾੜਦੀ ਕਹਾਣੀ ਹੈ।

ਪੰਜਾਬ ਸਮੱਸਿਆ ਦਾ ਸੰਬੰਧ ਇਕ ਕੌਮ ਨਾਲ ਸਿਧੇ ਤੌਰ 'ਤੇ ਜੁੜਿਆ ਹੋਇਆ ਹੈ। ਇਕ ਵੱਖਰੀ ਕੌਮ ਅਥਵਾ ਧਰਮ ਦੇ ਨਾਂ 'ਤੇ ਕਿਸੇ ਵਿਸ਼ੇਸ਼ ਪ੍ਰਦੇਸ਼ ਦਾ ਰਾਖਵਾਂਕਰਨ ਪਿਛਲੇ ਦਹਾਕੇ ਦੇ ਸੰਤਾਪ ਦੀ ਮੂਲ ਧਿਰ ਵਜੋਂ ਗਿਣਿਆ ਜਾ ਸਕਦਾ ਹੈ। ਇਕ ਵਿਸ਼ੇਸ਼ ਪ੍ਰਦੇਸ਼ ਦੀ ਪ੍ਰਾਪਤੀ ਹਿਤ ਜੋ ਰੁਝਾਨ ਏਧਰ ਤਾਂਡਵ ਨਾਚ ਖੇਡਦਾ ਰਿਹਾ ਉਸਨੇ ਸਮੁੱਚੇ ਮੁਲਕ ਵਿਚ ਇਕ ਵਿਸ਼ੇਸ਼ ਜਾਤੀ ਦੇ ਲੋਕਾ ਉਪਰ ਕਿਸ ਤਰ੍ਹਾਂ ਖੌਫ, ਸਹਿਮ, ਅਨਿਆਇ ਅਤੇ ਤਣਾਅ ਭਾਰੂ ਕੀਤਾ, ਇਹ ਇਕ ਵੱਖਰਾ ਅਧਿਆਇ ਹੈ। "ਪ੍ਰਛਾਵੇਂ" ਅਜਿਹੇ ਹੀ ਖਮੀਰ ਵਾਲੀ ਕਹਾਣੀ ਹੈ ਜਿਹੜੀ ਪੰਜਾਬ ਨਾਲ ਹੋਏ ਧੱਕੇ ਬਾਰੇ ਦੱਸਦੀ ਪਰੋਖ ਢੰਗ ਨਾਲ ਸਮੁੱਚੇ ਦੁਖਾਂਤ ਦੀ ਜੜ੍ਹ ਤਕ ਪਹੁੰਚਦੀ ਹੈ। "ਮੋਰ ਮੱਚ ਗਏ" ਅਜਿਹੀ ਹੀ ਇਕ ਹੋਰ ਕਹਾਣੀ ਹੈ, ਜਿਹੜੀ ਪਿਛਲੇ ਦਹਾਕੇ ਦੇ ਸਮੁੱਚੇ ਦੁਖਾਂਤ, ਕਸਕਾਂ ਅਤੇ ਪੀੜਾਂ ਬਾਰੇ ਜਿੱਥੇ ਅਤੀਤ ਨੂੰ ਮੁੜ ਤਾਜ਼ਾ ਕਰ ਦਿੰਦੀ ਹੈ, ਉਥੇ ਰਾਜਨੀਤਕ ਦੰਭ ਨੂੰ ਵੀ ਗੈਰ ਸਮਾਜਕ ਅਤੇ ਗੈਰ ਧਾਰਮਿਕ ਫੁਰਮਾਨਾਂ ਰਾਹੀਂ ਜਿਸ ਢੰਗ ਰਾਹੀਂ ਪੇਸ਼ ਕਰਦੀ ਹੈ ਉਹ ਪਾਠਕਾਂ ਦਾ ਅੱਖੀਂ ਵੇਖਿਆ ਤੇ ਕੰਨੀਂ ਸੁਣਿਆ ਦੁਖਾਂਤ ਹੈ।

"ਨਾਕਾਬੰਦੀ" ਵਿਚ ਵੱਖਰੇ ਦ੍ਰਿਸ਼ਟੀਕੋਣ ਰਾਹੀਂ ਪੰਜਾਬ ਦੀ ਮਾਨਸਿਕਤਾ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ। ਪਰ ਅਸਲ ਯਥਾਰਥ ਵਿਚ ਅਜਿਹਾ ਵਾਪਰਨਾ ਨਾ ਮੁਮਕਿਨ ਜਾਪਦਾ ਹੈ। ਸਰਕਾਰੀ ਅਫਸਰ ਚਾਹੁੰਦੇ ਹੋਏ ਵੀ ਇਸ ਦੇ ਸਹੀ ਪਰਿਪੇਖ ਨੂੰ ਸਾਂਝਣ ਤੋਂ ਅਸਮਰੱਥ ਹਨ।

ਕੁਲ ਮਿਲਾ ਕੇ ਇਹ ਕਥਾ-ਸੰਗ੍ਰਹਿ ਮਾਨਵਵਾਦੀ ਸੁਰ ਨੂੰ ਪੰਜਾਬ ਸੰਤਾਪ ਦੇ ਸੰਦਰਭ ਵਿਚ ਇਕ ਵੱਖਰੇ ਜਲੌ ਵਿਚ ਪੇਸ਼ ਕਰਦਾ ਹੈ। ਭਾਵੇਂ ਵੱਖ ਵੱਖ ਪੱਧਰ 'ਤੇ ਪੰਜਾਬ ਸੱਮਿਸਿਆ ਅਥਵਾ ਸੰਤਾਪ ਨਾਲ ਸੰਬੰਧਿਤ ਕਥਾ-ਸੰਗ੍ਰਹਿ ਸੰਪਾਦਿਤ ਵੀ ਕੀਤੇ ਗਏ ਹਨ, ਪਰ ਆਪਣੇ ਤੌਰ 'ਤੇ ਨਿਰੋਲ ਅਜਿਹਾ ਸੰਗ੍ਰਹਿ ਪੇਸ਼ ਕਰਨਾ ਸਾਡੇ ਸਿਰਮੌਰ ਕਥਾਕਾਰ ਕਰਤਾਰ ਸਿੰਘ ਦੁੱਗਲ ਤੋਂ ਬਿਨਾਂ ਬਲਦੇਵ ਸਿੰਘ ਦੇ ਹਿੱਸੇ ਹੀ ਆਇਆ ਹੈ। ਵਿਸ਼ੇ ਪੱਖ ਤੋਂ ਹੀ ਨਹੀਂ, ਇਤਿਹਾਸਕ ਪੱਖ ਤੋਂ ਵੀ ਇਸ ਸੰਗ੍ਰਹਿ ਦੇ ਮਹੱਤਵ ਨੂੰ ਕਿਸੇ ਤਰ੍ਹਾਂ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

[ਗੁਰਮੀਤ ਕੱਲਰਮਾਜਰੀ]

## ਉੱਚਾ ਬੁਰਜ ਲਾਹੌਰ ਦਾ [ਨਵਤੇਜ ਪੁਆਧੀ]

ਕਹਾਣੀ ਲੇਖਕਾਂ ਦੀ ਪ੍ਰੌਢ ਪੀੜ੍ਹੀ 'ਚ ਨਵਤੇਜ ਪੁਆਧੀ ਇਕ ਜਾਣਿਆ-ਪਛਾਣਿਆ ਨਾਂ ਹੈ। ਉਸ ਦੀ ਪਛਾਣ ਉਸ ਦੀ ਪੁਆਧੀ ਬੋਲੀ ਨਾਲ ਪਈ ਪੱਕੀ-ਪੀਡੀ ਸਾਂਝ ਕਰਕੇ ਹੋਰ ਵੀ ਉਘੜਵੀਂ ਬਣੀ ਰਹੀ ਹੈ। ਇਹ ਸਾਂਝ ਉਸ ਦੀਆਂ 'ਗਊ ਤੇ ਸ਼ਰਾਬ' ਅਤੇ 'ਪੂਰਾ-ਮਰਦ' ਨਾਮੀਂ ਪੁਸਤਕਾਂ ਵਿਚੋਂ ਵੀ ਨਿਕਲਦੀ ਹੈ ਤੇ ਹਥਲੀ ਪੁਸਤਕ 'ਉੱਚਾ ਬੁਰਜ ਲਾਹੌਰ ਦਾ' (ਆਰਸੀ ਪਬਲੀਕੇਸ਼ਨ, ਦਿੱਲੀ, ਸਫੇ 94 ਮੁੱਲ 45 ਰੁਪਏ) ਵਿਚੋਂ ਵੀ। ਪਰ ਇਸ ਪੁਸਤਕ ਵਿਚ ਉਸ ਦੀ ਉਪ-ਭਾਖਾ ਪੁਆਧੀ ਕਿਧਰੇ ਵੀ ਕੇਂਦਰੀ ਟਕਸਾਲੀ ਪੰਜਾਬੀ ਬੋਲੀ 'ਤੇ ਭਾਰੂ ਨਹੀਂ ਹੁੰਦੀ, ਜਿਵੇਂ ਕਿ ਹੋਰਨਾਂ ਪੁਆਧੀ ਲਿਖਤਾਂ ਜਾਂ ਦੂਜੇ ਇਲਾਕਾਈ ਲੇਖਕਾਂ ਦੀਆਂ ਕਿਰਤਾਂ ਵਿਚੋਂ ਦ੍ਰਿਸ਼ਟਮਾਨ ਹੁੰਦੀ ਹੈ। ਉਨ੍ਹਾਂ ਦੇ ਉਲਟ ਨਵਤੇਜ ਪੁਆਧੀ ਦੀ ਇਸ ਪੁਸਤਕ ਦੀ ਹਰ ਕਹਾਣੀ ਵਿਚ ਪੁਆਧੀ ਉਪ-ਭਾਸ਼ਾ ਦੀ ਸੰਕੋਚਵੀਂ ਵਰਤੋਂ ਸਗੋਂ ਪੁਸਤਕ ਅੰਦਰਲੇ ਕਥਾ-ਰਸ ਵਿਚ ਉਵੇਂ ਦਾ ਵਾਧਾ ਕਰਦੀ ਹੈ ਜਿਵੇਂ ਕਰੀਬ-ਕਰੀਬ ਹਰ ਕਹਾਣੀ ਵਿਚ ਵਰਤੇ

ਗਏ, ਬੋਲੇ ਗਏ ਲੱਕ-ਗੀਤਾਂ ਦੇ ਮੁਖੜੇ।

ਇਸ ਪੁਸਤਕ ਦੇ ਟਾਈਟਲ ਵਾਲੀ ਕਹਾਣੀ 'ਉਚਾ ਬੁਰਜ ਲਾਹੌਰ ਦਾ' ਵਿਚ 'ਉਚਾ ਬੁਰਜ ਲਾਹੌਰ ਦਾ, ਮੈਂ ਖੜੀ ਸਕਾਮਾਂ ਕੇਸ' ਵਾਲਾ ਸੰਗੀਤਕ ਵਾਕ ਤਾਂ ਕਹਾਣੀ ਅੰਦਰ ਵਾਰ ਵਾਰ ਆ ਕੇ ਸਮੁੱਚੀ ਕਹਾਣੀ ਨੂੰ ਹੋਰ ਵੀ ਰਸ-ਭਿੰਨੀ ਬਣਾਉਂਦਾ ਹੈ। ਜੀਉਣਾ ਨਾਮ ਦਾ ਇਕ ਖਾੜਾ ਗਾਇਕ ਆਪਣੇ ਸਾਥੀਆਂ ਖਾਨ, ਰਚਨੇ ਮਸ਼ਾਲਚੀ ਅਤੇ ਗੰਭੇ ਨਚਾਰ ਸਮੇਤ ਰੋਪੜ ਕਚਿਹਰੀ ਤੋਂ ਜ਼ਮੀਨ ਦਾ ਕੇਸ ਹਾਰ ਕੇ ਲਾਹੌਰ ਅਪੀਲ ਕਰਨ ਜਾਂਦਾ ਹੈ। ਲਾਹੌਰ ਉਸ ਦਾ ਮਿਲਾਪ ਸ਼ੱਬੋ ਨਾਮ ਦੇ ਹੀਜੜੇ ਨਾਲ ਸਿਰਫ ਇਸ ਆਧਾਰ 'ਤੇ ਹੁੰਦਾ ਹੈ ਕਿ ਸ਼ੱਬੋ ਉਸ ਦਾ ਗੀਤ 'ਉੱਚਾ ਬੁਰਜ ਲਾਹੌਰ ਦਾ' ਪਹਿਲੋਂ ਵੀ ਸੁਣ ਚੁੱਕਾ ਹੈ। ਸ਼ੱਬੋ ਕਲਾ ਦੀ ਇਸ ਸਾਂਝ ਕਰਕੇ, ਜਿਉਣੇ ਤੇ ਉਸ ਦੇ ਸਾਥੀਆਂ ਦੀ ਹਰ ਸੰਭਵ ਸਹਾਇਤਾ ਕਰਦਾ ਹੈ। ਰਾਤ ਦੀ ਰਿਹਾਇਸ਼ ਤੋਂ ਲੈ ਕੇ , ਖਾਣ-ਪੀਣ ਤੇ ਕਚਹਿਰੀ ਦੀ ਫੀਸ ਦੇਣ ਤੱਕ। ਇਹ ਸਾਂਝੇ ਵਿਰਸੇ ਵਾਲੇ ਗੀਤਾਂ ਲੋਕ ਗੀਤਾਂ ਅੰਦਰਲੇ ਮਾਨਵੀ ਪੱਖ ਦੀ ਸ਼ਲਾਘਾਯੋਗ ਉਦਾਹਰਨ ਸਿੱਧ ਹੁੰਦੀ ਹੈ। ਉਂਝ ਇਸ ਕਹਾਣੀ ਵਿਚ ਮਾਨਵੀ ਰਿਸ਼ਤਿਆਂ ਦੀ ਪੱਕੀ-ਪੀਡੀ, ਲਾਹੌਰ ਦੇ ਉਚੇ ਬੁਰਜ ਦੇ ਹਾਣ ਦੀ ਮਾਨਵੀ ਸਾਂਝ ਸੰਨ ਸੰਤਾਲੀ ਦੀ ਦੁਰਘਟਨਾ ਦੇ ਮੂੰਹ 'ਤੇ ਉਸ ਸਮੇਂ ਵੀ ਇਕ ਕਰਾਰੀ ਚੁਪੇੜ ਮਾਰਦੀ ਹੈ, ਜਦ ਮੁਲਕਾਂ ਦੀ ਵੰਡ ਤੋਂ ਕਈ ਚਿਰ ਪਿੱਛੋਂ ਜੀਉਣਾ ਕਿਸੇ ਜਥੇ ਨਾਲ ਲਾਹੌਰ ਪਹੁੰਚ ਕੇ ਸੰਸਾਰ ਯਾਤਰਾ ਪੂਰੀ ਕਰਕੇ ਤੁਰੇ ਜਾਂਦੇ ਸ਼ੱਬੋ ਨੂੰ ਆਪਣੀ ਆਖਰੀ ਅਕੀਦਤ ਜਾ ਪੇਸ਼ ਕਰਦਾ ਹੈ। ਕੁਝ ਇਕ ਅਸੁਭਾਵਕ ਤੇ ਗੈਰ ਯਥਾਰਥਕ ਘਟਨਾਵਾਂ ਦੇ ਬਾਵਜੂਦ ਮਾਨਵੀ ਰਿਸ਼ਤਿਆਂ ਦਾ ਪਰਚਮ ਉਚੇ ਤੋਂ ਉਚਾ ਕਰਨ ਦਾ ਯਤਨ ਕਰਦੀ ਇਹ ਕਹਾਣੀ ਸੱਚ ਮੁੱਚ ਨਵਤੇਜ ਪੁਆਧੀ ਦੀ ਪ੍ਰਾਪਤੀ ਆਖੀ ਜਾ ਸਕਦੀ ਹੈ।

ਇਸੇ ਹੀ ਵਿਸ਼ੇ ਨੂੰ ਆਧਾਰ ਬਣਾ ਕੇ ਲਿਖੀਆਂ ਇਸ ਪੁਸਤਕ ਵਿਚ ਨਵਤੇਜ ਪੁਆਧੀ ਦੀਆਂ ਕੁਲ ਬਾਰਾਂ ਕਹਾਣੀਆਂ ਸ਼ਾਮਲ ਹਨ, ਜਿਹਨਾਂ ਵਿਚ ਜਾਂ ਤਾਂ ਸਮਾਜਕ ਉਥਲ-ਪੁਥਲ ਦੇ ਫਲਸਰੂਪ, ਮਨੁੱਖ ਦੇ ਵਰਤੋਂ-ਵਿਹਾਰ ਵਿਚ ਆਈ ਅਚਨ-ਚੇਤੀ ਤਬਦੀਲੀ ਦਾ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਹਾਣੀ 'ਸਿਵੇ ਦਾ ਸਕ' 'ਕਰੇਵਾ', 'ਪਰਲੋ' ਆਦਿ ਵਿਚ ਜਾਂ ਫਿਰ ਅਚਨਚੇਤੀ ਤਬਦੀਲੀ ਕਾਰਨ ਦ੍ਰਿਸ਼ਟੀਗੋਚਰ ਹੋਣ ਵਾਲੀ ਸਮਾਜਕ ਉਥਲ-ਪੁਥਲ ਵੱਲ ਇਸ਼ਾਰਾ ਕੀਤਾ ਗਿਆ ਹੁੰਦਾ ਹੈ, ਜਿਵੇਂ ਕਹਾਣੀ 'ਇਕੋ ਮਾਂ ਜਾਏ', 'ਸਅੰਬਰ ਵਰਗਾ ਵਿਆਹ' ਵਿਚ। ਉਪਰੋਕਤ ਵਿਸ਼ਿਆਂ ਤੋਂ ਉਪਰੰਤ ਲੇਖਕ ਨੇ ਕੁਝ. ਇਕ ਕਹਾਣੀਆਂ , ਜਿਹਨਾਂ ਵਿਚ 'ਟਾਹਲੀ ਮੇਰੇ ਬੱਚੜੇ' ਅਤੇ 'ਹੰਝੂਆਂ ਦਾ ਮੁੱਲ' ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਵਿਚ ਸੰਤਾਪੇ ਪੰਜਾਬ ਦੀ ਪੀੜਾ ਅਤੇ ਸੰਨ ਚੁਰਾਸੀ ਦੇ ਦਿੱਲੀ ਦੰਗਿਆਂ ਵਰਗੇ ਅਣਮਨੁੱਖੀ ਵਰਤਾਰੇ ਅੰਦਰ ਵੀ, ਸਹਿਜ ਭਾਅ ਵਿਚਰਦੇ ਮਾਨਵੀ ਮੁੱਲਾਂ ਨੂੰ ਉਭਾਰਨ ਦਾ ਸਫਲ ਯਤਨ ਕੀਤਾ ਹੈ। 'ਹੰਝੂਆਂ ਦਾ ਮੁੱਲ' ਵਿਚ ਇਕ ਬਿਰਧ ਮਾਈ, ਬੱਸ ਅੰਦਰ ਆ ਚੜ੍ਹੇ ਸ਼ੱਕੀ ਮੁੰਡਿਆਂ ਤੋਂ ਬਦਲਵੀਂ ਸ਼ਕਲ ਵਾਲੀਆਂ ਸਵਾਰੀਆਂ ਦੀ ਜਾਨ-ਸਲਾਮਤੀ ਲਈ ਬੇਨਤੀ ਕਰਦੀ ਕਹਿੰਦੀ ਹੈ- " ਲਓ ਪੁੱਤ ਆਹ ਬੁੱਢੀ ਮਾਂ ਦੀਆਂ ਚੂੜੀਆਂ ਰੱਖ ਲੋ- ਕਿਸੇ ਨੂੰ ਕੁਛ ਨਾ ਕਿਹੋ- ਏਬੀ ਥੋਡੇ ਵਾਂਗ ਰੱਬ ਦੇ ਜੀ ਆ- ਲਓ ਪੁੱਤੋ- ਰੱਖ ਲੋ"। ਇਵੇਂ ਹੀ 'ਟਾਹਲੀ ਮੇਰੇ ਬਚੜੇ" ਵਿਚ ਗਾਮੇਂ ਤੇ ਵੀਰੋ, ਸਕੀਆਂ ਭੈਣਾਂ ਵਰਗੀਆਂ ਗੁਆਂਢਣਾਂ ਦੇ ਮਨਾਂ ਅੰਦਰ, ਸਿਆਸੀ ਘਟਨਾ ਕਰਮ (ਇੰਦਰਾ ਕਤਲ) ਕਾਰਨ ਨਫ਼ਰਤ ਦੀ ਵੱਡੀ ਤ੍ਰੇੜ ਉਭਰ ਆਉਂਦੀ ਹੈ। ਫਿਰ ਝੱਟ ਹੀ ਲੇਖਕ ਬੜੇ ਸਹਿਜ ਢੰਗ ਨਾਲ ਇਸ ਤ੍ਰੇੜ ਨੂੰ ਮੇਟ ਕੇ ਦੋਨਾ ਇਸਤਰੀਆਂ ਵਿਚਕਾਰ ਪਹਿਲੋਂ ਵਾਲੀ ਸਾਂਝ ਪੈਦਾ ਕਰਨ ਲਈ ਅੱਗੇ ਆਉਂਦਾ ਹੈ। ਗਾਮੇਂ ਦੇ ਮੂੰਹੋਂ ਅਖਵਾਉਂਦਾ ਹੈ - "ਇਹ ਤਾਂ ਮੇਰੇ ਵੀਰ ਘਣੱਈਏ ਦਾ ਘਰ ਐ- ਓਦ੍ਹੀ ਘਰ ਆਲੀ ਬਮਾਰਐ---।" ਇਉਂ ਵੀਰੋ ਦਾ ਘਰ ਸਾੜਨ ਆਈ ਦੰਗਾਕਾਰੀ ਭੀੜ ਵਾਪਸ ਪਰਤ ਜਾਂਦੀ ਹੈ।



ਭਾਵੇਂ ਇਸ ਪੁਸਤਕ ਦੀਆਂ ਸਾਰੀਆਂ ਕਹਾਣੀਆਂ, ' ਉਚਾ ਬੁਰਜ ਲਾਹੌਰ ਦਾ' ਭਾਵ ਮਾਨਵੀ ਸਾਂਝ ਦਾ ਬੁਰਜ ਸਭ ਤੋਂ ਉਚਾ ਸੁੱਚਾ ਤੇ ਪਵਿੱਤਰ ਹੁੰਦਾ ਹੈ- ਦੇ ਉਦੇਸ਼ ਨੂੰ ਹੀ ਸਮਰਪਤ ਹਨ, ਪਰ ਕਹਾਣੀ ਕਲਾਤਮਕਤਾ ਦੀ ਅਜੋਕੀ ਕਸਵੱਟੀ ਤੋਂ ਇਹਨਾਂ ਦਾ ਪੱਧਰ ਕਾਫੀ ਪਛੜ ਕੇ ਤੁਰਦਾ ਹੈ। ਜਿਸ ਨੂੰ ਆਦਰਸ਼ਵਾਦੀ ਲੇਖਣ-ਵਿਧੀ ਵਾਲੀ ਸੰਗਿਆ ਸਹਿਜੇ ਹੀ ਦਿੱਤੀ ਜਾ ਸਕਦੀ ਹੈ; ਜਿਸ ਦਾ ਮੁੱਖ ਉਦੇਸ਼ ਸਿਖਿਆ ਦੇਣਾ, ਸੁਝਾਓ ਦੇਣਾ ਜਾਂ ਸੁਖਾਂਤਕ ਅੰਤ ਪੈਦਾ ਕਰਕੇ ਰੁਮਾਂਚਕ ਕਿਸਮ ਦਾ ਮਨੋਰੰਜਨ ਕਰਨਾ ਹੀ ਹੁੰਦਾ ਹੈ। ਅਜਿਹੀਆਂ ਵਾਰਤਾਮਈ ਕਥਾਵਾਂ ਵਿਚ 'ਉਮਰ ਭਰ ਦਾ ਸਹਾਰਾ', 'ਸੰਗਰਾਮ', 'ਦੀਵਾ' 'ਪਰਲੋ', 'ਸੁਅੰਬਰ ਵਰਗਾ ਵਿਆਹ' 'ਔੜ' ਆਦਿ ਕਹਾਣੀਆਂ ਨੂੰ ਰੱਖਿਆ ਜਾ ਸਕਦਾ ਹੈ। 'ਉਮਰ ਭਰ ਦਾ ਸਹਾਰਾ' ਵਿਚ ਦੀਪੇ ਤੇ ਕਰਤਾਰੋ ਦਾ ਕਿੱਸਾ-ਮਈ ਇਸ਼ਕ ਪ੍ਰੀਤ-ਕਹਾਣੀਆਂ ਦਾ ਹੀ ਦੁਹਰਾਓ ਹੈ। 'ਕਰੇਵਾ' ਚੰਨਣ ਨਾਮ ਦੇ ਯੁਵਕ ਦੀ ਵਿਆਹੀ-ਵਰੀ ਇਸਤਰੀ ਕਰਮੋਂ ਦੇ ਗੁਆਂਢੀ ਵੈਲੀ ਆਲੇ ਦਾ ਘਰ ਵਸਦਾ ਕਰਨ ਦੀ ਰਵਾਇਤੀ ਕਥਾ ਹੈ। 'ਸੰਗਰਾਮ' ਹਾਕਮ ਨਾਮ ਦੇ ਵਿਹਲੜ ਕਿਸਮ ਦੇ ਸੁਭਾਅ ਵਾਲੇ ਮੁੰਡੇ ਅੰਦਰ ਕਿਸੇ ਰਿਸਾਲੇ ਵਿਚ ਇਹ ਲਾਈਨ 'ਜੀਵਨ ਸੰਗਰਾਮਾਂ ਦਾ ਸੰਗਰਾਮ ਹੈ' ਪੜ੍ਹ ਕੇ ਆਈ ਅਚਨਚੇਤੀ ਤਬਦੀਲੀ ਦਾ ਵਰਨਣ ਹੈ। ' ਇਕੋ ਮਾਂ ਜਾਏ' ਦੇ ਕੇਵਲ ਤੇ ਮੱਖਣ ਜੋ ਬਾਰ ਤੋਂ ਆਏ ਹੋਏ ਸ਼ਰਨਾਰਥੀ ਹਨ, ਪਹਿਲੇ ਅਸੁਭਾਵਕ ਢੰਗ ਨਾਲ ਇਕ-ਮਿੱਕ ਹੋਏ ਰਹਿੰਦੇ ਹਨ, ਫਿਰ ਹਲਕੀ ਜਿਹੀ ਨਾਰਾਜ਼ਗੀ ਹੋਣ 'ਤੇ ਪੂਰੀ ਤਰ੍ਹਾਂ ਵੱਖਰੇ ਵੱਖਰੇ ਰਾਹ ਅਪਨਾ ਲੈਂਦੇ ਹਨ। ਕਹਾਣੀ ਦਾ ਅੰਤ ਸੁਖਾਵਾਂ ਬਣਾਉਣ ਲਈ ਲੇਖਕ ਫਿਰ ਝੱਟ ਹੀ ਉਹਨਾਂ ਨੂੰ ਪਹਿਲਾਂ ਦੀ ਤਰ੍ਹਾਂ ਇਕੱਠੇ ਕਰ ਲੈਂਦਾ ਹੈ। ਇਹਨਾਂ ਕੁਝ ਇਕ ਕਹਾਣੀਆਂ ਤੋਂ ਇਲਾਵਾ ਵੀ ਜੀਵਨ ਦਾ ਸੁਭਾਵਕ ਤੇ ਯਥਾਰਥਕ ਪ੍ਰਵਾਹ ਕਹਾਣੀ ਲੇਖਕ ਦੀ ਆਪਣੀ ਇੱਛਾ ਅਨੁਸਾਰ ਤੋੜ-ਮਰੋੜ ਕੇ ਢਲਿਆ, ਆਧੁਨਿਕ ਕਹਾਣੀ-ਸੰਰਚਨਾ ਨਾਲ ਮੇਲ ਨਹੀਂ ਖਾਂਦਾ।

ਨਵਤੇਜ ਪੁਆਧੀ ਦੀ ਕਹਾਣੀ-ਘਾਲਣਾ ਨੂੰ ਅਣਗੌਲਿਆਂ ਕਰਕੇ, ਇਹਨਾਂ ਅੰਦਰ ਉਭਾਰੇ ਗਏ ਮਾਨਵੀ ਪੱਖ ਨੂੰ ਬਿਲਕੁਲ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਆਖ਼ਿਰ ਸਾਹਿਤ ਲਈ, ਕਲਾ ਲਈ, ਲੇਖਣੀ ਲਈ ਇਸ ਤੋਂ ਪਵਿੱਤਰ ਕਾਜ਼ ਹੋਰ ਕਿਹੜਾ ਹੋ ਸਕਦਾ ਹੈ। ਮਨੁੱਖ ਅੰਦਰਲੀ ਮੰਦ-ਸੋਚ, ਇਸ ਦੇ ਮੰਦ-ਵਰਤਾਰੇ ਨੂੰ ਨਿਖੇਧ ਕੇ ਨੈਤਿਕਤਾ, ਪਵਿੱਤਰਤਾ, ਆਦਰਸ਼ਕਤਾ ਵਰਗੇ ਮੁੱਲਵਾਨ ਵਿਚਾਰਾਂ ਨੂੰ ਪਾਠਕਾਂ ਦੀ ਸਮ੍ਰਿਤੀ ਦਾ ਹਿੱਸਾ ਬਣਾਉਣਾ ਹੀ ਤਾਂ ਹਰ ਯੁਗ ਦੇ ਸਾਹਿਤ ਦਾ ਉਦੇਸ਼ ਰਿਹਾ ਹੈ।ਨਿਸਚੈ ਹੀ ਨਵਤੇਜ ਪੁਆਧੀ ਨੇ ਆਪਣੀ ਇਸ ਪੁਸਤਕ ਵਿਚ ਅਜਿਹਾ ਕਰਨ ਦਾ ਇਮਾਨਦਾਰਾਨਾ ਯਤਨ ਜ਼ਰੂਰ ਕੀਤਾ ਹੈ, ਭਲੇ ਹੀ ਉਸ ਦੀ ਲੇਖਣੀ ਦਾ ਵਿਧੀ-ਵਿਧਾਨ, ਕਥਾ-ਪ੍ਰਵਾਹ ਪੁਰਾਤਨ ਕਹਾਣੀ ਲੇਖਣੀ ਵਰਗਾ ਸਿੱਖਿਆ-ਦਾਇਕ ਤੇ ਮਨੋਰੰਜਨ ਪ੍ਰਦਾਨ ਵਾਲਾ ਹੀ ਸਹੀ।

[ਲਾਲ ਸਿੰਘ]

**ਖੂਹ ਵਾਲਾ ਘਰ** [ਹਰਜੀਤ ਅਟਵਾਲ]

"ਖੂਹ ਵਾਲਾ ਘਰ" ਹਰਜੀਤ ਅਟਵਾਲ ਦਾ ਤੀਸਰਾ ਕਥਾ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਦੋ ਕਥਾ-ਸੰਗ੍ਰਹਿ ਅਤੇ ਦੋ ਕਾਵਿ- ਸੰਗ੍ਰਹਿ ਪੰਜਾਬੀ ਪਾਠਕਾਂ ਦੀ ਭੇਟ ਕਰ ਚੁੱਕਾ ਹੈ।" ਖੂਹ ਵਾਲਾ ਘਰ" (ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, ਮੁੱਲ 60 ਰੁਪਏ) ਵਿਚ ਕਥਾਕਾਰ ਦੀਆਂ ਗਿਆਰਾਂ ਕਹਾਣੀਆਂ ਸ਼ਾਮਿਲ ਹਨ। ਪਰਵਾਸੀ ਸਾਹਿਤ ਬਾਰੇ ਚਰਚਾ ਕਰਦਿਆਂ ਇਸ ਕਥਾ-ਸੰਗ੍ਰਹਿ ਵਿਚ ਪੇਸ਼ ਕਹਾਣੀਆਂ ਵਿਸ਼ੈ ਪੱਖ ਤੋਂ ਵਿਲੱਖਣ ਨਜ਼ਰ ਆਉਂਦੀਆਂ ਹਨ। ਜਿੰਨੇ ਵੀ ਸਾਹਿਤਕਾਰ ਪੰਜਾਬ ਨੂੰ ਛੱਡ ਕੇ ਬਾਹਰਲੇ ਮੁਲਕਾਂ 'ਚ ਆਬਾਦ ਹੋਏ, ਉਹਨਾਂ ਦੇ ਮੁਲਕ ਛੱਡਣ ਦੇ ਮੂਲ ਕਾਰਣ ਵਜੋਂ "ਆਰਥਿਕਤਾ" ਨੂੰ ਪ੍ਰਾਥਮਿਕ ਪੱਧਰ 'ਤੇ ਲਿਆ ਜਾ ਸਕਦਾ ਹੈ। ਅਜਿਹੇ ਕਥਾਕਾਰਾਂ ਵਿਚ ਮੁੱਢਲੇ ਰੂਪ

ਵਿਚ ਸੰਬੰਧਾਂ ਵਿਚ ਤੇ ਪੰਜਾਬੀ ਸਭਿਆਚਾਰ ਵਿਚ ਜਿਥੈ "ਹੇਰਵਾ" ਅਥਵਾ ਆਪਣੇ ਮੂਲ ਨਾਲੋਂ ਟੁੱਟਣ ਦੇ ਮਾਨਸਿਕ ਅੰਤੇ ਸਮਾਜਕ ਸਭਿਆਚਾਰਕ ਸੰਕਟ ਦਾ ਭਰਵਾਂ ਉਲੇਖ ਮਿਲਦਾ ਹੈ, ਉਥੇ ਇਹ ਕਥਾ-ਸੰਗ੍ਰਹਿ ਇਸ ਕਿਸਮ ਦੀ ਭਾਵਨਾ ਤੋਂ ਮੁਕਤ ਹੈ। ਇਹਨਾਂ ਕਹਾਣੀਆਂ ਦੇ ਖਮੀਰ ਵਿਚ ਨਾ ਹੀ ਕਿਧਰੇ ਆਰਥਿਕਤਾ ਭਾਰੂ ਨਜ਼ਰ ਪੈਂਦੀ ਹੈ ਤੇ ਨਾ ਹੀ ਸਾਂਸਕ੍ਰਿਤਕ ਹੇਰਵਾ ਪ੍ਰਸਤੁਤ ਹੋਇਆ ਹੈ। ਸਗੋਂ ਇਹ ਕਹਾਣੀਆਂ ਜਿਥੇ ਇੰਗਲੈਂਡ ਵਿਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਦੀਆਂ ਅੰਦਰੂਨੀ ਤੇ ਬੈਰੂਨੀ ਪਰਤਾਂ ਨੂੰ ਰਿਸ਼ਤਿਆਂ ਦੀਆਂ ਤਲਖੀਆਂ ਦੇ ਸੰਦਰਭ ਵਿਚ ਪੇਸ਼ ਕਰਦੀਆਂ ਹਨ, ਉਥੇ ਪਿਛਲੇ ਦਹਾਕੇ 'ਚ ਹੰਢਾਏ ਪੰਜਾਬ ਦੇ ਸੰਤਾਪ ਦੇ ਪ੍ਰਭਾਵ ਨੂੰ ਵੀ ਉਲੀਕਦੀਆਂ ਹਨ। ਪਰਵਾਸੀ ਜੀਵਨ ਦੀਆਂ ਸੰਗਤੀਆਂ-ਵਿਸੰਗਤੀਆਂ ਨੂੰ ਸਮਾਜਕ ਖੁਲ੍ਹਾਂ ਦੇ ਪ੍ਰਸੰਗ ਵਿਚ ਉਲੀਕਦੀਆਂ ਇਹ ਕਹਾਣੀਆਂ ਪੰਜਾਬੀ ਲੋਕਾਂ ਦੀ ਮਾਨਸਿਕ ਟੁੱਟ-ਭੱਜ ਨੂੰ ਪਰਵਾਸੀ ਜੀਵਨ ਦੇ ਬਦਲਵੇਂ ਪਰਿਪੇਖ ਵਿਚ ਪੇਸ਼ ਕਰਦੀਆਂ ਹਨ।

ਹਰਜੀਤ ਅਟਵਾਲ ਇਸ ਸੰਗ੍ਰਹਿ ਰਾਹੀਂ "ਦੋਹਰੇ" ਸੰਬੰਧਾਂ ਦੇ ਕਥਾਕਾਰ ਵਜੋਂ ਉਭਰਦਾ ਨਜ਼ਰ ਪੈਂਦਾ ਹੈ। ਔਰਤ ਮਰਦ ਦੇ ਸੁਖਾਵੇਂ ਜੀਵਨ-ਪ੍ਰਬੰਧ ਲਈ ਸੁੱਖ-ਸਾਧਨ ਸਹਾਇਤਾ ਤਾਂ ਕਰਦੇ ਹਨ ਪਰ ਮਾਨਸਿਕ ਨਾ ਬਰਾਬਰੀ ਉਹਨਾਂ ਲਈ ਜੀਵਨ-ਦੁਸ਼ਵਾਰੀਆਂ ਪੈਦਾ ਕਰਦੀ ਹੈ। ਕਾਵਿਕ ਪਧੱਰ 'ਤੇ ਜੇ ਇਸ ਤੱਥ ਦਾ ਉਲੇਖ ਕਰਨਾ ਹੋਵੇ ਤਾਂ ਇਹ ਯਥਾਰਥ ਦਾ ਕਾਲਪਨਿਕ ਪਧੱਰ 'ਤੇ ਅਨੈਤਿਕ ਬੋਧ ਹੈ ਜਿਹੜਾ ਭਾਰਤੀ ਸੰਸਕ੍ਰਿਤੀ ਵਿਚ ਨਹੀਂ ਸਗੋਂ ਪੱਛਮੀ ਸਭਿਅਤਾ ਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਇਸ ਬੋਧ ਰਾਹੀਂ ਔਰਤ-ਮਰਦ ਦੇ ਰਿਸ਼ਤਿਆਂ ਵਿਚ ਦਰਾੜ ਇਸ ਢੰਗ ਨਾਲ ਪੈਦਾ ਹੋ ਰਹੀ ਹੈ, ਜਿਸ ਦਾ ਇਕੋ ਇਕ ਹੱਲ "ਤਲਾਕ" ਹੈ। ਦਰਅਸਲ ਭਾਰਤੀ ਮੂਲ ਦਾ ਸਾਂਸਕ੍ਰਿਤਕ ਪਤਨ ਇਹਨਾਂ ਕਹਾਣੀਆਂ ਦੇ ਕਲੇਵਰ ਰਾਹੀਂ ਪੱਛਮੀ ਸੁਰ ਨੂੰ ਅਪਣਾਉਣ 'ਚ ਰੁਚਿਤ ਜਾਪਦਾ ਹੈ। ਇਹਨਾਂ ਕਾਹਣੀਆਂ 'ਚ ਕਥਾ-ਉਸਾਰ ਵਜੋਂ ਵਿਅੰਗ ਨੂੰ ਚੋਖੀ ਥਾਂ ਹਾਸਲ ਹੈ। ਅਣਗੌਲੇ ਯਥਾਰਥ ਦਾ ਖੂਬਸੂਰਤ ਚਿਤਰਨ ਹਰਜੀਤ ਅਟਵਾਲ ਦੀ ਬਰੀਕ ਸੂਝ ਦਾ ਪ੍ਰਗਟਾਵਾ ਕਰਦਾ ਹੈ। ਮੋਢਾ, ਸੂਰ, ਲੋਹੀ, ਔਤ, ਮਕਾਣ, ਜੂਠ, ਮੈਨਾ, ਕਹਾਣੀਆਂ ਦੇ ਨਹੀਂ, ਸਗੋਂ ਕਵਿਤਾਵਾਂ ਦੇ ਉਨਵਾਨ ਜਾਪਦੇ ਹਨ। ਪਰ ਇਹਨਾਂ ਕਾਵਿਕ ਨਾਵਾਂ ਦੇ ਤਹਿਤ ਅਟਵਾਲ ਨੇ ਜਿਸ ਢੰਗ ਨਾਲ ਪੱਛਮੀ ਜੀਵਨ 'ਚ ਰਹਿੰਦਿਆਂ ਭਾਰਤੀ ਮੂਲ ਦੇ ਸੰਕਟ-ਗ੍ਰਸਤ ਪਰਿਵੇਸ਼ ਨੂੰ ਉਘਾੜਿਆ ਹੈ, ਉਹ ਸਮੁੱਚੇ ਪਰਵਾਸੀ ਕਥਾ-ਸਾਹਿਤ ਨਾਲੋਂ ਭਿੰਨ ਜਾਪਦਾ ਹੈ ਤੇ ਵਿਲੱਖਣ ਵੀ। ਸੰਬੰਧਾਂ ਦੇ ਆਰਪਾਰ ਫੈਲੇ ਹੋਏ ਇਹਨਾਂ ਸਰੋਕਾਰਾਂ ਨੂੰ ਉਹ ਅਜਿਹੇ ਪਾਤਰਾਂ ਰਹੀਂ ਪੇਸ਼ ਕਰਦਾ ਹੈ ਜਿਹੜੇ ਇਕ ਬੰਨੇ ਭਾਰਤੀ ਮੂਲ ਵਿਚ ਆਸਥਾ ਰਖਦੇ ਹਨ, ਦੂਸਰੇ ਬੰਨੇ ਪੱਛਮੀ ਪ੍ਰਭਾਵਾਂ ਤੋਂ ਮੁਕਤ ਨਹੀਂ ਹੋ ਸਕਦੇ। ਬੱਚਿਆਂ ਦੇ ਮਾਨਸਿਕ ਪੱਧਰ ਨੂੰ ਸਮਝਣਾ ਅਤੇ ਉਹਨਾਂ ਨੂੰ ਇਕ ਪਿਤਰੀ ਸੂਤਰ ਵਿੱਚ ਬੰਨ੍ਹਣ ਲਈ ਛਟਪਟਾਉਣਾ ਇਹਨਾਂ ਕਹਾਣੀਆਂ ਦੇ ਪਾਤਰਾਂ ਦੀ ਹੋਣੀ ਹੈ।

ਇਹਨਾਂ ਕਹਾਣੀਆਂ ਵਿਚ ਜਿੰਨੀ ਸੁਖੈਨਤਾ ਨਾਲ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ, ਉਹ ਉਤਨੀਆਂ ਹੀ ਵਧੇਰੇ ਸੂਖਮ ਹਨ। ਮੋਢਾ, ਸੂਰ, ਔਤ ਅਤੇ ਜੂਠ ਇਸ ਪਖੋਂ ਸਫਲ ਕਹਾਣੀਆਂ ਮੰਨੀਆਂ ਜਾ ਸਕਦੀਆਂ ਹਨ। 'ਮੋਢਾ' ਕਹਾਣੀ ਵਿਚ ਪਲਵੀ ਸਮੁੱਚੇ ਜੀਵਨ ਵਿਚ ਘੋਰ ਸੰਕਟ ਦਾ ਸ਼ਿਕਾਰ ਰਹੀ ਹੈ। ਪਿਆਰ ਤੋਂ ਸੱਖਣੀ, ਦੰਪਤੀ-ਜੀਵਨ ਤੋਂ ਨਿਰਾਸ, ਆਤੰਕਵਾਦੀ ਮਾਹੌਲ ਦੀ ਸਤਾਈ ਹੋਈ ਉਹ ਅਜਿਹੀ ਔਰਤ ਹੈ ਜਿਹੜੀ ਆਖਰੀ ਦਮ ਤਕ ਹੌਸਲੇ ਨਾਲ ਜਿਉਂਦੀ ਹੈ ਪਰ ਅੱਖ ਵਿਚੋਂ ਅੱਥਰੂ ਤਕ ਨਹੀਂ ਡਿੱਗਣ ਦਿੰਦੀ। ਇਥੋਂ ਤਕ ਇਹ ਕਹਾਣੀ ਸਾਧਾਰਣ ਜਾਪਦੀ ਹੈ। ਪਰ ਜਦੋਂ ਉਹ ਪੁੱਛਣ 'ਤੇ ਦੱਸਦੀ ਹੈ ਕਿ ਉਸ ਨੇ ਏਨਾ ਦੁੱਖ ਝੱਲਕੇ ਇਕ ਵੀ ਅੱਥਰੂ ਕਿਉਂ ਨਹੀਂ ਕੇਰਿਆ ਤਾਂ ਸਾਧਾਰਣ ਪਰਿਵੇਸ਼ ਵਿਸ਼ੇਸ਼ਤਾ ਅਖਤਿਆਰ ਕਰ ਲੈਂਦਾ ਹੈ। "ਰਵਿੰਦਰ ਉਠ ਖੜਿਐਂ! ਕਾਲਜ ਜਾ ਰਹੀ ਹਾਂ ਦੋ ਵਜੇ ਮੁੜਾਂਗੀ, ਤਿਆਰ ਰਹੀਂ। ਕਿਧਰੇ ਚੱਲਾਂਗੇ। ਤੂੰ ਕਹਿੰਦਾ ਸੈਂ ਕਿ ਇਸ ਹਾਦਸੇ ਵਿਚ ਮੈਂ ਦਰਸ਼ਕ ਵਾਂਗ ਤੁਰੀ ਫਿਰਦੀ ਹਾਂ, ਮੇਰੀ ਕੋਈ ਜਜ਼ਬਾਤੀ ਸਾਂਝ ਨਹੀਂ। ਤੂੰ ਭੁੱਲ ਗਿਆ ਸੈਂ ਕਿ ਜਜ਼ਬਾਤਾਂ ਲਈ ਹੰਝੂ



ਜ਼ਰੂਰੀ ਨੇ ਤੇ ਹੰਝੂਆਂ ਲਈ ਰੋਣਾ । ਹੁਣ ਤੂੰ ਦੱਸ ਕਿ ਕਿਸੇ ਮੋਢੇ 'ਤੇ ਸਿਰ ਰੱਖੇ ਬਿਨਾਂ ਭਲਾ ਕੋਈ ਕਿਵੇਂ ਰੋ ਸਕਦਾ ਹੈ। ਦੋ ਵਜੇ ਤਿਆਰ ਰਹੀਂ- ਮੋਢਾ ਦੇਣ ਲਈ ਸ਼ੁਕਰੀਆ।" ਇਸ ਪ੍ਰਕਾਰ ਸਾਧਾਰਣ ਯਥਾਰਥ ਨੂੰ ਵਿਸ਼ੇਸ਼ ਅਰਥ ਦੇਣੇ ਤੇ ਸੂਖਮ ਪਧੱਰ 'ਤੇ ਦੂਜੈਲੇ ਅਨੈਤਿਕ ਜੀਵਨ -ਦਰਸ਼ਨ ਨੂੰ ਉਲੀਕਣਾ ਉਸ ਦੀ ਖੂਬੀ ਹੈ। ਬੱਚਿਆਂ ਦੇ ਵਿਆਹ- ਸ਼ਾਦੀਆਂ ਦੇ ਫਿਕਰ 'ਚ ਉਲਝੇ, ਪੰਜਾਬੀ ਤਹਿਰੀਕ ਨਾਲ ਜੁੜੇ ਦਵੰਦਾਂ ਬਾਰੇ ਚਰਚਾ ਕਰਦੇ ਦੋ ਪਾਤਰਾਂ ਦਾ ਮਾਨਸਿਕ ਪਰਿਵੇਸ਼ ਉਘਾੜਦੀ " ਇਕ ਬੇੜੀ ਦੇ ਯਾਤਰੀ " ਇਕ ਹੋਰ ਵਿਲੱਖਣ ਕਹਾਣੀ ਹੈ।

'ਔਤ' ਇਕ ਵੱਖਰੇ ਹੀ ਅਛੂਤੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਵਾਲੀ ਇਸ ਸੰਗ੍ਰਹਿ ਦੀ ਇਕ ਅਹਿਮ ਕਹਾਣੀ ਹੈ। ਇੰਗਲੈਂਡ ਵਿਚ ਰਹਿ ਰਿਹਾ ਇਕ ਪੁੱਤਰ ਜਦੋਂ ਵਾਪਸ ਮਿਲਣ ਲਈ ਪੰਜਾਬ ਆਪਣੇ ਮਾਤਾ ਪਿਤਾ ਕੋਲ ਪਰਤਦਾ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸਦੇ ਮਾਤਾ ਪਿਤਾ ਆਪਣੀ ਔਲਾਦ ਦੀ ਥਾਂਵੇਂ ਘਰ ਦੇ ਕੁੱਤੇ ਨੂੰ ਵਧੇਰੇ ਪਿਆਰ ਅਤੇ ਤਰਜੀਹ ਦਿੰਦੇ ਹਨ। ਮਨੋਵਿਗਿਆਨਕ ਪੱਧਰ 'ਤੇ ਪਿਤਰੀ ਮੋਹ ਤੋਂ ਦੂਰੀ ਦੇ ਸੰਦਰਭ ਵਿਚ ਪੱਛਮੀ-ਸਭਿਆਚਾਰ ਦੀ ਖਿੱਚ ਨੇ ਰਿਸ਼ਤਿਆਂ ਅਤੇ ਪਿਤਰੀ ਸੰਬੰਧਾਂ ਵਿਚ ਜੋ ਦਰਾੜ ਪੈਦਾ ਕੀਤੀ ਹੈ, ਉਸ ਦਾ ਖੂਬਸੂਰਤ ਚਿਤਰਣ ਇਸ ਕਹਾਣੀ ਵਿਚ ਮਿਲਦਾ ਹੈ। ਪੁੱਤਰਾਂ ਦੀ ਬਜਾਇ ਘਰ ਦੇ ਕੁੱਤੇ ਨੂੰ ਹੀ ਆਪਣੀ ਔਲਾਦ ਸਮਝਣਾ ਇਸ ਕਹਾਣੀ ਦੇ ਖਮੀਰ ਦੀ ਵਡਿਆਈ ਹੈ।

ਹਰਜੀਤ ਅਟਵਾਲ ਇਸ ਸੰਗ੍ਰਹਿ ਰਾਹੀਂ ਇਕੋ ਵੇਲੇ ਭਾਰਤੀ ਤੇ ਪੱਛਮੀ ਸਭਿਆਚਾਰ ਨੂੰ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਵੇਖਣ ਵੱਲ ਰੁਚਿਤ ਜਾਪਦਾ ਹੈ। ਭਾਰਤੀ ਮੂਲ ਅਨੁਸਾਰ ਵਿਆਹਾਂ ਦੇ ਬੰਧਨ ਵਿਚ ਬੱਝੇ ਹੋਏ ਪਾਤਰ, ਪੱਛਮੀ ਖੁਲ੍ਹਾਂ ਦੀ ਅਨੈਤਿਕਤਾ ਲਈ ਪੂਰਾ ਜੀਵਨ ਤੜਪਦੇ ਹਨ। ਨਿਜੀ ਜੀਵਨ ਦੇ ਸੁੰਨ 'ਚ ਖਾਮੋਸ਼ ਇਸ ਸੰਗ੍ਰਹਿ ਦੇ ਪਾਤਰ ਕਾਫੀ ਹੱਦ ਤਕ ਆਪਣੇ ਆਪ ਨੂੰ ਪੱਛਮੀ ਸਭਿਆਚਾਰ ਨਾਲ ਮਿਲਾਉਣ 'ਚ ਸਫਲ ਵੀ ਜਾਪਦੇ ਹਨ। 'ਖੂਹ ਵਾਲਾ ਘਰ' ਦੀ ਪਰਨੀਤਾ ਅਤੇ ਵਿਜੈ, 'ਕੁਝ ਟੁਕੜਿਆਂ ਦੀ ਦਾਸਤਾਂ' ਦੀ ਨਲਿਨੀ ਅਤੇ ਸਨੋਵਰ, 'ਝੂਠ' ਦੀ ਮਨਜਿੰਦਰ ਅਤੇ ਪ੍ਰੀਤਮ, 'ਮੈਨਾ' ਦੀ ਮੈਨਾ ਅਤੇ ਮੁਖ ਪਾਤਰ ਆਦਿਕ। ਇਹ ਪਾਤਰ ਕਈ ਵਾਰ ਰਿਸ਼ਤਿਆਂ ਦੇ ਪਾਕ-ਦਾਮਨ ਨੂੰ ਇਸ ਕਦਰ ਪਲੀਤ ਕਰ ਬੈਠਦੇ ਹਨ ਕਿ ਇਹਨਾਂ ਦੇ ਜੀਵਨ ਨੂੰ ਜੀਵਨ ਨਹੀਂ ਨਰਕ ਕਿਹਾ ਜਾ ਸਕਦਾ ਹੈ।

ਕੁਲ ਮਿਲਾਕੇ ਪਰਵਾਸੀ ਚੇਤਨਾ ਅਤੇ ਭਾਰਤੀ ਚੇਤਨਾ ਨੂੰ ਇਕ ਥੀਮਿਕ ਇਕਾਈ ਵਜੋਂ ਪ੍ਰਸਤੁਤ ਕਰਦਾ ਇਹ ਕਥਾ-ਸੰਗ੍ਰਹਿ ਪੜ੍ਹਨਯੋਗ ਹੀ ਨਹੀਂ, ਏਸ ਸੰਦਰਭ ਵਿਚ ਵਾਚਣਯੋਗ ਵੀ ਹੈ।

[ਗੁਰਮੀਤ ਕੱਲਰਮਾਜਰੀ]

**ਮਾਤਮਖਾਨਾ** [ਸ਼ਾਹ ਚਮਨ]

ਮਾਤਮਖਾਨਾ (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਸਫੇ 116, ਮੁੱਲ 45/- ਰੁਪਏ) ਸ਼ਾਹ ਚਮਨ ਦਾ ਤੀਸਰਾ ਨਾਵਲ ਹੈ - 'ਜ਼ਖਮੀ ਗੁਲਾਬ' ਅਤੇ 'ਹਨੇਰੇ 'ਚ ਘਿਰਿਆ ਮਨੁੱਖ' ਤੋਂ ਪਿਛੋਂ। ਉਂਝ ਉਸ ਦੀ ਲਿਖਣ-ਵਿਧਾ ਇਕੱਲੀ ਨਾਵਲਕਾਰੀ ਹੀ ਨਹੀਂ, ਕਾਵਿ-ਵਿਅੰਗ ਤੇ ਕਾਵਿ-ਸਿਰਜਣਾ ਵੀ ਹੈ। ਸ਼ਾਇਦ ਇਸ ਲਈ ਉਸ ਦੀ ਕਾਵਿਕਤਾ ਭਰਪੂਰ ਸ਼ੈਲੀ-ਬੋਲੀ ਤੋਂ ਉਸ ਦੀ ਨਾਵਲ-ਲਿਖਤ ਵੀ ਬਚ ਨਹੀਂ ਸਕੀ। ਇਹ ਸ਼ਾਇਦ ਉਸ ਦੀ ਲਿਖਣ- ਕਲਾ ਦਾ ਪੱਕਾ-ਠੱਕਾ ਅੰਦਾਜ਼ ਹੋਵੇ, ਪਰ ਹੱਥਲੀ ਪੁਸਤਕ 'ਮਾਤਮਖਾਨਾ' ਵਰਗੇ ਮਾਤਮੀ ਨਾਵਲ ਲਈ ਕਾਵਿਕ ਸ਼ੈਲੀ ਕਰੀਬ ਬਾਰਾਂ ਪੰਦਰਾਂ ਸਾਲਾਂ ਦੀ ਸੰਤਾਪੇ ਪੰਜਾਬ ਦੀ ਹੋਣੀ, ਚਿਹਰਾ ਮੁਹਰਾ ਉਘੜਦਾ ਕਰਨ ਵਿਚ ਵਧੇਰੇ ਹੀ ਪ੍ਰਭਾਵੀ ਸਿੱਧ ਹੋਈ ਹੈ। ਸੁਪਨਾ ਲੈਣ ਦੀ ਟੂਣੇਹਾਰੀ ਗਾਲਪਿਕ ਮਿੱਥ, ਨਾਵਲ ਦੇ ਪਹਿਲੇ ਕਾਂਡ ਤੋਂ ਪਾਠਕੀ ਮਨ ਨੂੰ ਆਪਣੇ ਸੰਗ ਪੂਰੀ

ਤਰ੍ਹਾਂ ਜਕੜ ਲੈਂਦੀ ਹੈ।

ਕਿਸ਼ਨ ਲਾਲ ਨਾਮੀਂ ਇਕ ਆਰ. ਐਮ. ਪੀ. ਡਾਕਟਰ ਆਪਣੇ ਸਾਧਾਰਨ ਜਿਹੇ ਘਰ ਵਿਚ ਇਕੱਲਾ ਲੇਟਿਆ ਹੋਇਆ ਹੈ। ਅਤਿ ਗਰਮੀ ਦੇ ਮੌਸਮ 'ਚ ਬਿਜਲੀ ਦੇ ਚਲੇ ਜਾਣ ਨਾਲ ਉਸ ਦਾ ਮਾਤਮੀ ਪਰ ਅਜੀਬ - ਗਰੀਬ ਸੁਪਨਾ ਟੁੱਟ ਜਾਂਦਾ ਹੈ। ਹੁਸੜ ਭਰੇ ਕਮਰੇ 'ਚੋਂ ਬਾਹਰ ਨਿਕਲ ਕੇ, ਭਾਵੇਂ ਉਹ ਆਪਣੇ ਘਰ ਦੀ ਛੱਤ 'ਤੇ ਪਈ ਮੰਜੀ ਉਤੇ ਖੁਲ੍ਹੀ ਹਵਾ 'ਚ ਲੇਟ ਜਾਂਦਾ ਹੈ, ਪਰ ਸੁਪਨੇ ਦਾ ਡਰਾਉਣਾ ਪ੍ਰਭਾਵ ਉਸ ਨੂੰ ਉਸ ਦੇ ਦਰਦਨਾਕ ਅਤੀਤ ਨਾਲ ਜੋੜੀ ਰੱਖਦਾ ਹੈ। --- ਬੱਸ ਵਿਚ ਹੋਏ ਬੰਬ ਧਮਾਕੇ ਵਿਚ ਉਸ ਦੇ ਇਕਲੌਤੇ ਪੁੱਤਰ ਕੁਲਦੀਪ ਦੀ ਮੌਤ ਹੋ ਚੁੱਕੀ ਹੈ। ਆਪਣੀ ਇਕ ਬਾਂਹ ਗੁਆ ਕੇ ਉਸਦੀ ਪਤਨੀ ਕਮਲਾ ਹੋਰ ਉਲਾਦ ਨਾ ਜੰਮ ਸਕਣ ਦਾ ਸਦਮਾ ਨਾ ਸਹਾਰਦੀ, ਜੀਵਨ ਪ੍ਰਤੀ ਇਕ-ਦਮ ਬੇਮੁੱਖ ਹੋ ਗਈ ਹੈ। ਅਜਿਹੀਆਂ ਅਣਹੋਣੀਆਂ ਘਟਨਾਵਾਂ ਕਾਰਨ ਸਾਇਦ ਡਾ. ਕਿਸ਼ਨ ਲਾਲ ਆਪਣੇ ਸਹੁਰੇ ਘਰ ਦੇ ਜੀਆਂ ਨਾਲ ਪੂਰਾ ਮੋਹ ਬਣਾਈ ਰੱਖਦਾ ਹੈ। ਆਪਣੇ ਅਤਿ ਦਰਜੇ ਦੇ ਵਿਹਲੜ, ਲਫੰਗੇ, ਸ਼ਰਾਬੀ-ਕਬਾਬੀ ਸਾਲੇ ਰੇਸ਼ਮ ਸਿੰਘ ਨੂੰ ਸਮਝਾਉਣ -ਬੁਝਾਉਣ ਦਾ ਵਿਅਰਥ ਯਤਨ ਕਰਦਾ ਹੈ। ਪਰ ਰਤੀ ਭਰ ਵੀ ਸਫਲਤਾ ਨਾ ਮਿਲਣ ਕਾਰਨ ਹਾਰ ਕੇ ਉਸ ਦੀਆਂ ਬੱਚੀਆਂ ਨੂੰ ਅਪਨਾ ਲੈਂਦਾ ਹੈ। ਉਸ ਦਾ ਛੋਟਾ ਸਾਲਾ ਪ੍ਰੇਮ ਜੋ ਬੇਹੱਦ ਸਿਆਣਾ, ਮਿਹਨਤੀ ਸੰਵੇਦਨਸ਼ੀਲ, ਟਰੇਡ ਯੂਨੀਅਨਿਸ਼ਟ ਹੈ, ਨੂੰ ਲੱਗੀ ਭੈੜੇ ਰੋਗ ਕੈਂਸਰ ਦਾ ਇਲਾਜ ਕਰਾਉਣ ਲਈ ਹੱਦੋਂ ਵੱਧ ਨੱਠ- ਭੱਜ ਕਰਦਾ ਹੈ। ਪਰ, ਨਿਰਾਸ਼ਾ ਪੱਲੇ ਪੈਣ ਦੇ ਬਾਵਜੂਦ ਉਹ ਦਿਲ ਨਹੀਂ ਛੱਡਦਾ। ਡਾਕਟਰ ਵੱਡੇ ਸਾਲੇ ਰੇਸ਼ਮ ਸਿੰਘ ਦੀ ਵੱਡੀ ਧੀ ਪ੍ਰਕਾਸ਼ ਦੇ ਕੁਰਾਹੇ ਪੈਣ ਤੋਂ ਵੀ ਬਹੁਤ ਦੁਖੀ ਹੈ। ਉਸ ਨੂੰ ਸੁਧਾਰਨ ਦੇ ਯਤਨਾਂ ਵੱਲੋਂ ਅਵੇਸਲਾ ਨਹੀਂ ਹੁੰਦਾ। ਹਰ ਉਪਰਾਲਾ ਕਰਕੇ, ਉਹ ਪ੍ਰਕਾਸ਼ ਨੂੰ ਵਿਦੇਸ਼ ਪੁਜਦੀ ਕਰਦਾ ਹੈ। ਇਉਂ 'ਪਾਸ਼' ਆਪਣੇ ਸ਼ਹਿਰ ਵਿਚ ਹੋਈ ਬੀਤੀ ਬਦਨਾਮੀ ਤੋਂ ਮੁਕਤ ਹੋਈ, ਇਕ ਸਾਫ- ਸੁਥਰਾ ਜੀਵਨ- ਪੰਧ ਅਪਨਾ ਲੈਂਦੀ ਹੈ।

ਇਉਂ, ਡਾਕਟਰ ਦੇ ਅਤੀਤ ਵਿਚ ਹੋਈਆਂ, ਘਟੀਆਂ-ਬੀਤੀਆਂ ਸਾਰੀਆਂ ਘਟਨਾਵਾਂ ਕੋਠੇ ਦੀ ਛੱਤ 'ਤੇ ਲੇਟਿਆ, ਉਸ ਦੀ ਚੇਤੇ ਦੀ ਚੰਗੇਰ ਵਿਚ ਇਕ ਇਕ ਕਰਕੇ ਕਿਰਦੀਆਂ, ਪਾਠਕੀ ਮਨ ਨੂੰ ਵੀ ਕਾਫੀ ਸਾਰਾ ਪ੍ਰੇਸ਼ਾਨ ਕਰਦੀਆਂ ਹਨ। ਪਰ ਉਸ ਰਾਤ ਵਾਪਰੀ ਸਭ ਤੋਂ 'ਖਤਰਨਾਕ' ਤੇ ਭੈੜੀ ਘਟਨਾ ਤਾਂ ਹਰ ਕਿਸੇ ਲਈ ਵੱਡੀ ਚਿੰਤਾ ਦਾ ਕਾਰਨ ਬਣਦੀ ਹੈ। --- ਕੁੰਦਨ ਸਿੰਘ ਨਾਮ ਦਾ ਭਾਈ ਕਿਸਮ ਦਾ ਕਪੜਾ-ਵਪਾਰੀ ਕਿਸੇ ਮਜਬੂਰੀ ਵੱਸ ਡਾਕਟਰ ਨੂੰ ਘਰੋਂ ਉਠਾਲ ਖੜਦਾ ਹੈ, ਪਰ ਖਾਲਿਸਤਨੀ - ਲੁਟੇਰੇ ਉਸ ਤੋਂ ਚਕਿਤਸਾ ਸਹਾਇਤਾ ਲੈ ਕੇ ਉਸ ਨੂੰ ਮਾਰਨ-ਕੁੱਟਣ ਦਾ ਯਤਨ ਕਰਦੇ ਹਨ। ਕਿਸ਼ਨ ਲਾਲ ਆਪਣੀ ਫੌਜੀ ਨੌਕਰੀ ਵਾਲੀ ਦਲੇਰੀ ਆਸਰੇ ਬਚ ਜਾਂਦਾ ਹੈ। ਡਾ: ਕਿਸ਼ਨ ਦੇ ਜੀਵਨ ਦੀ ਇਹ ਅਤਿ ਡਰਾਉਣੀ ਤੇ ਖੌਫਨਾਕ ਘਟਨਾ ਹੈ ਜਿਹੜੀ ਅਤਿਵਾਦੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਸੰਬੰਧਾਂ ਦਾ ਕਿਸੇ ਵੀ ਵੇਲੇ ਸਬੂਤ ਮਿਲਣ 'ਤੇ ਉਸ ਨੂੰ ਲਗਾਤਾਰ ਕੋਹਲੂ ਘਾਣੀ ਵਾਂਗ ਨਪੀੜਦੀ ਹੈ। ਅਜਿਹੇ ਦਹਿਸ਼ਤ- ਵਹਿਸ਼ਤ ਭਰੇ ਵਾਤਾਵਰਣ ਵਿਚ ਵਿਚਰਦਾ ਉਹ ਜਿਉਂਦੀ ਲਾਸ਼ ਬਣਿਆ ਫਿਰਦਾ ਹੈ। ਆਖਿਰ ਉਸ ਦੇ ਅੰਦਰਲੀ ਸੋਚ ਉਸ ਦਾ ਸਾਥ ਦਿੰਦੀ ਹੈ ਤੇ ਆਉਣ ਵਾਲੀ ਕਿਸੇ ਵੀ ਭੈੜੀ ਦਿਸ਼ਾ-ਦਸ਼ਾ ਦਾ ਮੁਕਾਬਲਾ ਕਰਨ ਲਈ ਉਹ ਤਿਆਰ ਹੋ ਜਾਂਦਾ ਹੈ।

ਕੁਲ ਮਿਲ ਕੇ ਇਹ ਹੀ ਇਸ ਨਾਵਲ ਦਾ ਸਾਰ ਹੈ। ਜਿਸ ਦੀ ਮੁੱਖ ਸੁਰ ਪੰਜਾਬ ਦੀ ਧਰਤੀ ਵਲੋਂ ਪਿਛਲੇ ਬਾਰਾਂ-ਪੰਦਰਾਂ ਸਾਲਾਂ ਵਿਚ ਹੰਢਾਏ ਸੰਤਾਪ 'ਤੇ ਆਧਾਰਿਤ ਹੈ ਅਤੇ ਜਿਸ ਵਿਚ ਸਾਧਾਰਨ ਸ਼ਹਿਰੀ ਨੂੰ ਖਾਲਿਸਤਾਨੀ ਮੂਲਵਾਦੀਆਂ ਹੱਥੋਂ ਸਹਿਣੇ ਪਏ ਦੁੱਖਾਂ ਕਸ਼ਟਾਂ ਦਾ ਵਿਸਤਰਤ ਵੇਰਵਾ ਦਰਜ ਹੈ। ਪਰ ਨਾਲ ਦੀ ਨਾਲ ਲੇਖਕ ਨੇ ਆਪਣੀ ਸਮਾਜਕ ਪ੍ਰਤੀਬੱਧਤਾ ਦਾ ਸਬੂਤ ਦਿੰਦਿਆਂ ਭਾਰਤ ਤੰਤਰੀ ਰਾਜ-ਪ੍ਰਬੰਧ ਦਾ ਅਸਲੀ ਚਿਹਰਾ ਵੀ ਪੂਰੀ ਤਰ੍ਹਾਂ ਨਿੱਠ ਕੇ ਨੰਗਾ ਕੀਤਾ ਹੈ, ਜਿਸ ਵਿਚ ਅਫਸਰਸ਼ਾਹੀ



ਤੇ ਪੁਲੀਸ ਦਾ ਆਪਹੁਦਰਾਪਨ, ਰਾਜਨੀਤੀਵਾਨਾਂ ਦਾ ਭ੍ਰਿਸ਼ਟ ਕਿਰਦਾਰ, ਵਪਾਰੀ ਤਬਕੇ ਦੀ ਗੰਧਲੀ ਸੋਚ, ਨਾਮ-ਨਿਹਾਦ ਖਾਲਿਸਤਾਨੀਆਂ ਦਾ ਅਣਮਨੁੱਖੀ ਵਿਹਾਰ, ਧਰਮ ਕਰਮ ਦੀ ਅਣ-ਵਿਗਿਆਨਕ ਫਿਲਾਸਫੀ, ਸਿਖਰਾਂ ਤੱਕ ਵਿਕਸਤ ਹੋਏ ਚਕਿਤਸਾ ਵਿਗਿਆਨ ਦੀ ਸੁੰਗੜਵੀਂ ਸੀਮਾਂ ਆਦਿ, ਵਿਸ਼ਿਆਂ 'ਤੇ ਵੀ ਸਾਰਥਕ ਟਿੱਪਣੀ ਕੀਤੀ ਹੈ। ਇਉਂ ਸੌ ਕੁ ਸਫੇ ਦੇ ਛੋਟੇ ਜਿਹੇ ਆਕਾਰ ਦੀ ਪੁਸਤਕ 'ਮਾਤਮਖਾਨਾ' ਵਿਚ ਸ਼ਾਹ ਚਮਨ ਨੇ ਨਾਂ ਸਿਰਫ ਆਪਣੀ ਲੋਕ-ਪੱਖੀ ਵਿਦਵਤਾ ਦਾ ਹੀ ਸਬੂਤ ਦਿੱਤਾ ਹੈ, ਸਗੋਂ ਇਕ ਸਿਹਤਮੰਦ ਸਮਾਜ ਦੇ ਨਿਰਮਾਣ ਲਈ ਇਕ ਅਜਿਹੇ ਪਾਤਰ ਦੀ ਵੀ ਸਿਰਜਣਾ ਕੀਤੀ ਹੈ, ਜਿਸ ਦਾ ਚਿਹਰਾ-ਮੋਹਰਾ ਜ਼ਿਕਰਯੋਗ ਨਾਵਲਾਂ ਦੇ ਨਾਇਕਾਂ ਨਾਲ ਜਾ ਮਿਲਦਾ ਹੈ।

ਪਰ ਇਸ ਦਾ ਅਰਥ ਇਹ ਨਹੀਂ ਕਿ ਸ਼ਾਹ ਚਮਨ ਦਾ 'ਨਾਵਲ' ਪੰਜਾਬੀ ਨਾਵਲਕਾਰੀ ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਬਣ ਕੇ ਸਾਹਮਣੇ ਆਇਆ ਹੈ। ਇਸ ਦਾ ਅਜਿਹਾ ਨਾ ਬਣ ਸਕਣ ਦਾ ਮੁਖ ਕਾਰਣ ਹੈ, ਇਸ ਅੰਦਰਲੇ ਸਮਾਜਕ ਰਾਜਨੀਤਕ, ਸਭਿਆਚਾਰਕ ਨਿਰਣਿਆਂ ਦਾ ਸਿਰਜਣਾਤਮਕ ਸਥਿਤੀ ਰਾਹੀ ਸਾਹਮਣੇ ਨਾ ਆਉਣਾ। ਇਸ ਪੁਸਤਕ ਅੰਦਰਲੇ ਸਾਰੇ ਨਿਰਣੇ ਲੇਖਕ ਵੱਲੋਂ ਕੀਤੀ ਟਿੱਪਣੀ 'ਤੇ ਆਧਾਰਤ ਹਨ। ਇਹ ਰਚਨਾ-ਪ੍ਰਕ੍ਰਿਆ ਅੰਦਰਲੀ ਘਟਨਾ-ਪ੍ਰਕ੍ਰਿਆ ਰਾਹੀਂ ਸਹਿਜ- ਸੁਭਾਅ ਸਾਹਮਣੇ ਨਹੀਂ ਆਉਂਦੇ, ਜੋ ਕਿ ਅੱਜ ਦੇ ਸਾਰਥਕ ਸਾਹਿਤ ਦਾ ਮੁੱਖ ਗਹਿਣਾ ਹੈ। ਇਸ ਤੋਂ ਉਪਰੰਤ ਇਸ ਪੁਸਤਕ ਦੀ ਬੋਲੀ-ਸ਼ੈਲੀ ਵੀ ਅਜੋਕੇ ਜੀਵਨ ਦੀਆਂ ਕਰੂੜ ਤਲਖੀਆਂ ਨੂੰ ਪਾਠਕੀ ਸੰਵੇਦਨਾ ਦਾ ਚਿਰ-ਸਥਾਈ ਭਾਗ ਬਣਾਉਣ ਵਿਚ ਘੱਟ ਯੋਗਦਾਨ ਪਾਉਂਦੀ ਹੈ।

ਫਿਰ ਵੀ 'ਮਾਤਮਖਾਨਾ' ਨਾਮੀ ਲੰਮੀ ਕਹਾਣੀ ਵਿਚ ਉਹ ਕਈ ਸਾਰੇ ਗੁਣ ਵਿਦਮਾਨ ਹਨ, ਜਿੰਨ੍ਹਾਂ ਤੋਂ ਲੇਖਕ ਵੱਲੋਂ ਲਿਖੇ ਜਾਣ ਵਾਲੇ ਹੋਰ ਚੰਗੇਰੇ ਨਾਵਲਾਂ ਦੀ ਆਸ ਬੱਝਦੀ ਹੈ।

[ਲਾਲ ਸਿੰਘ]

**ਸਿਦਕੀ ਪਰਵਾਨੇ** [ਜਰਨੈਲ ਸਿੰਘ ਨਿਰਾਲਾ]

ਜਰਨੈਲ ਸਿੰਘ ਨਿਰਾਲਾ ਉਰਫ ਸਾਰੰਗ ਮਾਲਵੇ ਦੇ ਇਲਾਕੇ ਦਾ ਸਿਰਕੱਢ ਕਵੀਸ਼ਰ ਰਿਹਾ ਹੈ। ਜਦੋਂ ਵੀ ਕਿਸੇ ਇਕੱਠ, ਸਭਾ, ਜਲੂਸ ਜਾਂ ਕਿਸੇ ਧਾਰਮਿਕ ਅਸਥਾਨ 'ਤੇ ਨਿਰਾਲਾ ਆਪਣੀ ਕਵੀਸ਼ਰੀ ਦੇ ਜੌਹਰ ਦਿਖਾਉਂਦਾ ਤਾਂ ਸਰੋਤੇ ਸੁਤੇ -ਸਿੱਧ ਹੀ ਉਸ ਦੀ ਕਵੀਸ਼ਰੀ ਜਾਂ ਪ੍ਰਸੰਗ ਨਾਲ ਮੰਤਰ-ਮੁਗਧ ਹੋ ਜਾਂਦੇ। ਭਾਵੇਂ ਨਿਰਾਲਾ ਹੁਣ ਬਜ਼ੁਰਗ ਹੋ ਗਿਆ ਹੈ ਪਰ ਉਸ ਦੇ ਸ਼ਾਗਿਰਦ ਅਤੇ ਵਾਰਿਸ ਵਜੋਂ ਸਪੁੱਤਰ ਕਵੀਸ਼ਰੀ ਦੇ ਅਖਾੜੇ ਵਿਚ ਜਿਉਂ ਦੇ ਤਿਉਂ ਕਾਇਮ ਹਨ। ਜਰਨੈਲ ਸਿੰਘ ਨਿਰਾਲਾ ਦੀ ਬਹੁਤ ਸਾਰੀ ਕਵਿਤਾ ਜਾਂ ਪ੍ਰਸੰਗ ਅਣਛਪੇ ਪਏ ਹਨ। ਉਨ੍ਹਾਂ ਵਿਚੋਂ ਚੋਣ ਅਤੇ ਸੋਧ-ਸੁਧਾਈ ਕਰਕੇ ਪੁਸਤਕ ਰੂਪ ਵਿਚ ਛਪਵਾਉਣ ਦਾ ਬੀੜਾ ਅਵਤਾਰ ਸਿੰਘ ਬਿਲਿੰਗ ਨੇ ਉਠਾਇਆ ਹੈ। ਫਲਸਰੂਪ 'ਸਿਦਕੀ ਪਰਵਾਨੇ' ਦੇ ਰੂਪ ਵਿਚ (ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, ਪੰਨੇ 144, ਮੁੱਲ 100 ਰੁਪਏ) ਪੁਸਤਕ ਪਾਠਕਾਂ ਦੇ ਸਾਹਮਣੇ ਪੇਸ਼ ਹੈ।

'ਸਿਦਕੀ ਪਰਵਾਨੇ' ਪੁਸਤਕ ਦੇ ਮੁਖਬੰਦ ਵਿਚ ਡਾ. ਲਾਭ ਸਿੰਘ 'ਖੀਵਾ' ਨੇ ਕਿੱਸਾ-ਕਾਵਿ ਨਾਲੋਂ ਕਵੀਸ਼ਰੀ ਦੇ ਨਿਖੇੜ ਦੀ ਗੱਲ ਕੀਤੀ ਹੈ। ਕੋਈ ਵੀ ਸਾਹਿਤ-ਰੂਪ ਆਪਣੇ ਭੂਤ ਜਾ ਆਪਣੇ ਵਿਰਸੇ ਤੋਂ ਇਕ ਦਮ ਮੂੰਹ ਨਹੀਂ ਮੋੜ ਸਕਦਾ। ਕਵੀਸ਼ਰੀ ਵੀ ਬਹੁਤ ਕੁਝ ਕਿੱਸਾ-ਕਾਵਿ ਤੋਂ ਗ੍ਰਹਿਣ ਕਰਦੀ ਹੈ, ਫਿਰ ਵੀ ਕਵੀਸ਼ਰੀ ਦੇ ਆਪਣੇ ਕੁਝ ਖ਼ਾਸ ਲੱਛਣ ਤੇ ਵਿਸ਼ੇਸ਼ਤਾਵਾਂ ਹਨ ਜੋ ਕਵੀਸ਼ਰੀ ਦੇ ਰੂਪ ਨੂੰ ਬਰਕਰਾਰ ਰੱਖਦੇ ਹਨ। ਜਾਣ-ਪਛਾਣ ਵਜੋਂ ਅਵਤਾਰ ਸਿੰਘ ਬਿਲਿੰਗ ਹਾਜ਼ਰ ਹੈ ਜਿਸ ਨੇ ਕਵੀ ਨੂੰ ਨੇੜਿਉਂ ਤੱਕਿਆ ਹੈ। ਕਵੀਸ਼ਰੀ ਦੀ ਪਰੰਪਰਾ ਅਨੁਸਾਰ 'ਨਿਰਾਲਾ ਜੀਵਨ' ਵਿਚ ਕਵੀ ਜਰਨੈਲ ਸਿੰਘ ਨਿਰਾਲਾ ਨੇ ਕਵਿਤਾ ਰਾਹੀਂ ਆਪਣੇ ਬਚਪਨ, ਪੜ੍ਹਾਈ, ਸ਼ਾਗਿਰਦਾਂ ਅਤੇ ਬੁਢਾਪੇ ਤਕ ਦੀ ਸਾਰੀ

ਜ਼ਿੰਦਗੀ ਨੂੰ ਬਿਆਨ ਕਰ ਦਿੱਤਾ ਹੈ।

ਪੰਜਾਬੀ ਕਵੀਸ਼ਰੀ ਆਪਣੇ ਪ੍ਰਸੰਗ ਅਥਵਾ ਵਿਸ਼ਿਆਂ ਦੇ ਸੰਬੰਧ ਵਿਚ ਭਾਰਤੀ ਮਿਥਿਹਾਸ, ਸਿੱਖ ਇਤਿਹਾਸ ਅਤੇ ਸਮਕਾਲੀ ਰਾਜਨੀਤਕ, ਆਰਥਿਕ ਸੱਮਿਸਿਆਵਾਂ ਨੂੰ ਆਧਾਰ ਬਣਾ ਕੇ ਚਲਦੀ ਹੈ। 'ਸਿਦਕੀ ਪਰਵਾਨੇ' ਪੁਸਤਕ ਨੂੰ ਇਸ ਪੱਖੋਂ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਮਿਥਿਹਾਸ ਤੇ ਸਿਖ ਇਤਿਹਾਸ ਵਿਚੋਂ ਲਏ ਪ੍ਰਸੰਗ ਗੰਗਾ ਦੇਵੀ, ਭਾਈ ਬਚਿੱਤਰ ਸਿੰਘ ਬਹਾਦਰ, ਬੋਤਾ ਸਿੰਘ ਅਤੇ ਜੱਸਾ ਸਿੰਘ ਗਿਣੇ ਜਾ ਸਕਦੇ ਹਨ, ਜਦ ਕਿ ਦੂਜੇ ਭਾਗ ਵਿਚ ਕੁਝ ਫੁਟਕਲ ਛੰਦ ਕਵਿਤਾਵਾਂ ਹਨ ਜੋ ਸਮਾਜਕ, ਰਾਜਨੀਤਕ ਸਮੱਸਿਆਵਾਂ ਨੂੰ ਲੈ ਕੇ ਲਿਖੀਆਂ ਗਈਆਂ ਹਨ। 'ਹਿੰਦੀ ਨਾਲ ਖਰੀਆਂ ਖਰੀਆਂ,' 'ਕੁਛਨੀ ਕੁਛਨੀ', 'ਦਾਜ ਦੀ ਬਲੀ', 'ਦੁਨੀਆਂ ਕਿਸ ਗਲੋਂ ਰਾਜ਼ੀ', 'ਭਾਨੀ ਮਾਰ' ਆਦਿ ਇਸ ਕੋਟੀ ਵਿਚ ਸ਼ਾਮਲ ਹਨ।

'ਨਿਰਾਲਾ ਇਤਿਹਾਸਕ ਮਿਥਿਹਾਸਕ ਪ੍ਰਸੰਗਾਂ ਨੂੰ ਕਲਾਤਮਕਤਾ ਸਹਿਤ ਪੇਸ਼ ਕਰਨ ਦਾ ਪੂਰਾ ਮਾਹਿਰ ਹੈ। 'ਗੰਗਾ ਦੇਵੀ' ਦੇ ਪ੍ਰਸੰਗ ਰਾਹੀਂ ਉਹ ਪਾਠਕਾਂ ਨੂੰ ਆਪਣੇ ਨਾਲ ਤੋਰੀ ਫਿਰਦਾ ਹੈ। ਇਸ ਪ੍ਰਸੰਗ ਵਿਚ ਜੋ ਵਸਤੂ ਸਾਡਾ ਧਿਆਨ ਖਿੱਚਦੀ ਹੈ ਉਹ ਹੈ ਮਰਦ ਦੀ ਜ਼ਿੰਦਗੀ ਵਿਚ ਔਰਤ। ਇਹੀ ਕਾਰਨ ਹੈ ਕਿ ਲਾਹੌਰ ਦਾ ਸੂਬਾ ਆਪਣੀ ਸਮਾਜਕ ਹੈਸੀਅਤ ਭੁਲਾ ਕੇ ਔਰਤ ਨੂੰ ਪ੍ਰਾਪਤ ਕਰਨ ਲਈ ਦੀਵਾਨਗੀ ਦੀ ਹੱਦ ਤਕ ਪਹੁੰਚ ਜਾਂਦਾ ਹੈ।

'ਨਿਰਾਲਾ' ਨੇ 'ਗੰਗਾ ਦੇਵੀ' ਦੇ ਪ੍ਰਸੰਗ ਵਿਚ ਆਪਣੀ ਬਿਰਤਾਂਤ- ਸਿਰਜਣਾ ਦੀ ਕਲਾ ਰਾਹੀਂ ਹੋਣੀ ਨੂੰ ਅਣਹੋਣੀ ਅਤੇ ਅਣਹੋਣੀ ਨੂੰ ਹੋਣੀ ਬਣਾਉਣ ਦੀ ਅਥਾਹ ਸਮਰੱਥਾ ਦਿਖਾਈ ਹੈ। ਅਸਲ ਵਿਚ ਕਵੀਸ਼ਰੀ ਮਨੋਰੰਜਨ ਤ੍ਰਿਪਤੀ, ਸਾਹਿਤਕ ਭੁੱਖ ਅਤੇ ਆਪਣੇ ਇਤਿਹਾਸ ਵਿਚ ਲੋਕ-ਕਥਾ ਦੀ ਲਾਲਸਾ ਨੂੰ ਪੂਰਾ ਕਰਦੀ ਹੈ। ਆਪਣੇ ਵਿਸ਼ੇ ਨੂੰ ਵਧਾ-ਚੜ੍ਹਾ ਕੇ ਸ਼ਿੰਗਾਰ ਕੇ ਪੇਸ਼ ਕਰਨਾ ਇਸ ਕਵਿਤਾ ਦਾ ਪ੍ਰਮੁੱਖ ਲੱਛਣ ਹੈ, ਜੋ ਨਿਰਾਲਾ ਨੇ ਬੜੀ ਪ੍ਰਬੀਨਤਾ ਨਾਲ ਨਿਭਾਇਆ ਹੈ।

'ਨਿਰਾਲਾ' ਨੂੰ ਸਿੱਖ ਇਤਿਹਾਸ ਦੀਆਂ ਘਟਨਾਵਾਂ ਪ੍ਰਤੀ ਵੀ ਬਾਰੀਕ ਸੂਝ ਹੈ। ਇਤਿਹਾਸਕ ਪ੍ਰਸੰਗਾਂ ਵਿਚੋਂ ਭਾਈ ਬਚਿੱਤਰ ਸਿੰਘ ਜੀ ਬਹਾਦਰ, ਬੋਤਾ ਸਿੰਘ, ਸਰਦਾਰ ਜੱਸਾ ਸਿੰਘ ਆਦਿ ਸਿਦਕੀ ਪ੍ਰਵਾਨਿਆਂ ਨੂੰ ਨਾਇਕ ਦੇ ਤੌਰ 'ਤੇ ਉਭਾਰਿਆ ਗਿਆ ਹੈ। ਨਿਰਾਲਾ ਦੇ ਇਹ ਨਿੱਗਰ ਤੇ ਠੋਸ ਪ੍ਰਸੰਗ ਹਨ ਜਿਨ੍ਹਾਂ ਵਿਚਲਾ ਬਿਰਤਾਂਤਕ ਕਾਵਿ ਪਾਠਕਾਂ ਅਤੇ ਸਰੋਤਿਆਂ ਨੂੰ 'ਅੱਗੋਂ ਕੀ ਹੋਇਆ'? ਜਾਨਣ ਲਈ ਉਤਸਕ ਕਰ ਦਿੰਦਾ ਹੈ।

ਦੂਜੇ ਭਾਗ ਵਿਚ ਨਿਰਾਲਾ ਨੇ ਹਲਕੇ ਫੁਲਕੇ ਅਤੇ ਨਿੱਗਰ, ਸਮਕਾਲੀ ਸਮਾਜਕ ਸੱਮੱਸਿਆਵਾਂ ਨਾਲ ਸੰਬੰਧਿਤ ਵਿਸ਼ਿਆਂ ਨੂੰ ਲਿਆ ਹੈ, ਜੋ ਲੋਕ ਸੰਵੇਦਨਾ ਨੂੰ ਟੁੰਬਦੇ ਹਨ। 'ਹਿੰਦੀ ਨਾਲ ਖਰੀਆਂ ਖਰੀਆਂ' ਕਵਿਤਾ ਵਿਚ ਪੰਜਾਬੀ ਮਾਂ ਬੋਲੀ ਤੋਂ ਮੁਨਕਰ ਲੋਕਾਂ ਨੂੰ 'ਕਪੂਤ' ਤਕ ਕਿਹਾ ਹੈ, ਜੋ ਕਿਸੇ ਕਾਰਣ ਆਪਣੀ ਮਾਂ ਬੋਲੀ ਨੂੰ ਭੁੱਲਦੇ ਜਾ ਰਹੇ ਹਨ। 'ਦਾਜ ਦੀ ਸਮੱਸਿਆ' ਵਿਚ ਦਾਜ ਘੱਟ ਮਿਲਣ ਦਾ ਬਦਲਾ ਔਰਤ ਦੀ ਮੌਤ ਨਾਲ ਲਿਆ ਜਾਂਦਾ ਹੈ। 'ਭਾਨੀਮਾਰ' ਮਲਵਈ ਕਵੀਸ਼ਰੀ ਦਾ ਮੁਖ ਵਿਸ਼ਾ ਰਿਹਾ ਹੈ, ਜਿਸ ਵਿਚ ਕਵੀ ਮੁੰਡੇ ਵਾਲਿਆਂ ਦੇ ਘਰ ਦੀ ਜਾਣਕਾਰੀ ਦੱਸਦੇ ਹੋਏ ਹਾਸ-ਰਸ ਉਤਪੰਨ ਕਰਦਾ ਹੈ। 'ਬਾਪੂ ਛੱਡ ਖਹਿੜਾ ਚੌਧਰ ਦਾ' ਕਵਿਤਾ ਵਿਚ ਮਨੁੱਖ ਦੀ ਹੋਂਦ ਨੂੰ ਮੌਤ ਵਰਗੀ ਸਚਾਈ ਰਾਹੀਂ ਪੇਸ਼ ਕੀਤਾ ਹੈ।

'ਨਿਰਾਲਾ' ਨੇ ਆਪਣੀ ਕਵੀਸ਼ਰੀ ਵਿਚ ਛੰਦਾਂ ਨੂੰ ਬਾਖੂਬੀ ਨਿਭਾਇਆ ਹੈ ਅਤੇ ਉਨ੍ਹਾਂ ਦੀਆਂ ਬੰਦਸ਼ਾਂ ਨੂੰ ਸਵੀਕਾਰ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਨਵੇ ਛੰਦਾਂ ਦੀ ਸਿਰਜਣਾ ਵੀ ਕੀਤੀ ਹੈ।



ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀਸ਼ਰੀ ਤੇ ਭਾਰਤੀ ਛੰਦ-ਵਿਧਾਨ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਉਪਰੰਤ 'ਨਿਰਾਲਾ' ਦੀ ਕਵੀਸ਼ਰੀ ਵਿਚ ਪੇਂਡੂ ਸਭਿਆਚਾਰ, ਮਲਵਈ ਭਾਸ਼ਾ, ਸੁਹਜ ਕਲਾ, ਅਲੰਕਾਰਾਂ, ਬਿੰਬਾਂ, ਪ੍ਰਤੀਕਾਂ ਅਤੇ ਰਸਾਂ ਰਾਹੀਂ ਪਿੰਗਲ ਦੀ ਸੁੰਦਰ ਤਸਵੀਰ ਪ੍ਰਾਪਤ ਹੈ। ਬੋਲੀ ਪੱਖੋਂ ਤਾਂ ਨਿਰਾਲਾ ਦੀ ਇਸ ਪੁਸਤਕ ਨੂੰ ਮਲਵਈ ਕੋਸ਼ ਕਿਹਾ ਜਾ ਸਕਦਾ ਹੈ। ਬਿੰਬ ਤੇ ਪ੍ਰਤੀਕਾਂ ਦੀ ਉਦਾਹਰਣ ਵੇਖੋ:

1. ਚੰਦਨ ਦੀ ਗੇਲੀ ਨਾਲ ਸੂਰ ਖਹਿ ਗਿਆ।
2. ਫੇਰ ਕਰਤੀ ਅੱਜ ਜਿਊਣ ਜੋਗੀ
   ਕੂੰਜ ਬਾਜ ਦੀ ਫੜੀ ਛੁਡਾਇਕੇ ਤੇ।
3. ਟੁੱਟ ਪਏ ਜਿਉਂ ਲਗੜ ਚਿੜੀਆਂ 'ਤੇ।

ਪੁਸਤਕ ਵਿਚ ਕੁਝ ਕਮਜ਼ੋਰੀਆਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ ਜਿਵੇਂ ਕਿਸੇ ਗੱਲ ਨੂੰ ਲਮਕਾ ਕੇ ਪੇਸ਼ ਕਰਨ ਨਾਲ ਪਾਠਕ ਜਾਂ ਸਰੋਤਾ ਉਕਤਾਹਟ ਮਹਿਸੂਸ ਕਰਦਾ ਹੈ। ਛਪਾਈ ਦੀਆਂ ਜ਼ਿਆਦਾ ਗਲਤੀਆਂ ਵੀ ਪਾਠਕ ਨੂੰ ਰੜਕਦੀਆਂ ਰਹਿੰਦੀਆਂ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਰਾਹੀਂ 'ਨਿਰਾਲਾ' ਪੰਜਾਬੀ ਕਵੀਸ਼ਰੀ ਪਰੰਪਰਾ ਦੇ ਪ੍ਰਤੀਨਿਧ ਵਜੋਂ ਸਾਹਵੇਂ ਆਉਂਦਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਕਵੀਸ਼ਰੀ ਦੇ ਪੱਖ ਨੂੰ ਲਗਪਗ ਵਿਸਾਰ ਹੀ ਰੱਖਿਆ ਹੈ। ਸਾਡੇ ਆਲੋਚਕਾਂ ਅਤੇ ਖੋਜੀਆਂ ਨੂੰ ਚਾਹੀਦਾ ਹੈ ਕਿ ਇਸ ਮਿੱਠੀ ਤੇ ਅਮੀਰ ਸਾਹਿਤਕ ਵਿਰਾਸਤ ਨੂੰ ਯਾਦ ਕੀਤਾ ਜਾਵੇ ਤੇ ਇਸ ਦੀ ਸੰਭਾਲ ਕੀਤੀ ਜਾਵੇ। ਇਸੇ ਲਈ ਕਵੀਸ਼ਰੀ ਪਰੰਪਰਾ ਦੇ ਅਧੀਨ ਜਰਨੈਲ ਸਿੰਘ 'ਨਿਰਾਲਾ' ਦੀ ਪੁਸਤਕ 'ਸਿਦਕੀ ਪਰਵਾਨੇ' ਦਾ ਸੁਆਗਤ ਕਰਨਾ ਬਣਦਾ ਹੈ। [ਹਰਮਿੰਦਰ ਸਿੰਘ

ਪ੍ਰਾਪਤ ਪੁਸਤਕਾਂ

1. ਦਾਇਰੇ (ਨਾਟਕ) ਸਤੀਸ਼ ਕੁਮਾਰ ਵਰਮਾ
   ਪੰਨੇ 59, ਮੁੱਲ 50 ਰੁਪਏ, ਸੁਸ਼ਾਂਤ ਪਬਲਿਕੇਸ਼ਨਜ਼, ਫਰੀਦਾਬਾਦ
2. ਚੜ੍ਹਦੇ ਲਹਿੰਦੇ (ਨਾਵਲ) ਯਾਦਵਿੰਦਰ ਸਿੰਘ ਤਪਾ
   ਪੰਨੇ 216, ਮੁੱਲ 100 ਰੁਪਏ,ਆਰਸੀ ਪਬਲਿਸ਼ਰਜ਼, ਦਿੱਲੀ
3. ਇਕ ਹਾਦਸੇ ਦੇ ਆਰ-ਪਾਰ (ਕਹਾਣੀ ਸੰਗ੍ਰਹਿ) ਗੁਰਪਾਲ ਸਿੰਘ ਲਿੱਟ
   ਪੰਨੇ 158, ਮੁੱਲ 80 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
4. ਭੌਂ- ਭਾਲ (ਕਹਾਣੀ ਸੰਗ੍ਰਹਿ) ਸਰਨ ਸਿੰਘ
   ਪੰਨੇ 96, ਚਾਨਣ ਪਬਲਿਸ਼ਰਜ਼, ਸ਼ਹੀਦੀ ਚੌਂਕ, ਜੰਮੂ
5. ਤਾਇਆ ਰੱਬ (ਕਹਾਣੀ ਸੰਗ੍ਰਹਿ) ਮੁਖਤਿਆਰ ਸਿੰਘ
   ਪੰਨੇ 144, ਮੁੱਲ 20 ਰੁਪਏ. ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ
6. ਚੌਥੀ ਕੂੰਟ (ਕਹਾਣੀ ਸੰਗ੍ਰਹਿ) ਸੰਪਾਦਕ: ਪ੍ਰੇਮ ਪ੍ਰਕਾਸ਼
   ਪੰਨੇ 78, ਮੁੱਲ 60 ਰੁਪਏ, ਦੁਆਬਾ ਕਹਾਣੀ ਮੰਚ, ਮਿੱਠਾਪੁਰ, ਜਲੰਧਰ
7. ਰਾਤ ਚਾਨਣੀ (ਕਹਾਣੀ ਸੰਗ੍ਰਹਿ) ਤਲਵਿੰਦਰ ਸਿੰਘ
   ਪੰਨੇ 128, ਮੁੱਲ 60 ਰੁਪਏ, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ

8. 1993 ਦੀ ਪੰਜਾਬੀ ਕਹਾਣੀ (ਕਹਾਣੀ ਸੰਗ੍ਰਹਿ) ਸੰਪਦਾਕ: ਪ੍ਰੇਮ ਗੋਰਖੀ
ਪੰਨੇ 130, ਮੁੱਲ 15 ਰੁਪਏ ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ, ਚੰਡੀਗੜ੍ਹ
9. ਮੇਰਾ ਮਣਕੂ (ਕਹਾਣੀ ਸੰਗ੍ਰਹਿ) ਧਰਮ ਪਾਲ ਸਾਹਿਲ
ਪੰਨੇ 77, ਮੁੱਲ 20 ਰੁਪਏ, ਮਿੰਨੀ ਪ੍ਰਕਾਸ਼ਨ, ਕੋਟਕਪੂਰਾ
10. ਪੀਲੇ ਪੱਤਿਆਂ ਦੀ ਖੁਸ਼ਬੋ (ਕਹਾਣੀ ਸੰਗ੍ਰਹਿ) ਇਕਬਾਲ ਸਿੰਘ
ਪੰਨੇ 104, ਮੁੱਲ 28 ਰੁਪਏ, ਅਮਰਜੀਤ ਪ੍ਰਕਾਸ਼ਨ, ਤਰਨ ਤਾਰਨ
11. ਜੰਗਲੀਫੇ (ਵਿਅੰਗ) ਸ਼ੇਰ ਜੰਗ ਜਾਂਗਲੀ
ਪੰਨੇ 80, ਮੁੱਲ 40 ਰੁਪਏ, ਸ਼ਿਲਾਲੇਖ, ਸ਼ਾਹਦਰਾ- ਦਿੱਲੀ
12. ਵੇਦਨਾ ਦੇ ਆਰ ਪਾਰ (ਗ਼ਜ਼ਲਾਂ) ਹਰਬੰਸ ਮਾਛੀਵਾੜਾ
ਪੰਨੇ 112, ਮੁੱਲ 30 ਰੁਪਏ, ਸਾਹਿਤ ਸਭਾ ਮਾਛੀਵਾੜਾ
13. ਜਲਾਵਤਨ ਰੁੱਤ ਪਰਤੇਗੀ (ਕਾਵਿ ਸੰਗ੍ਰਹਿ) ਮਹਿੰਦਰ ਸਾਥੀ
ਪੰਨੇ 115, ਮੁੱਲ 12 ਰੁਪਏ , ਸਮਰਾਟ ਪਬਲੀਕੇਸ਼ਨਜ਼, ਮੋਗਾ
14. ਪੂਣੀਆਂ ਗਲੋਟੇ (ਕਾਵਿ ਸੰਗ੍ਰਹਿ) ਸੰਪਾਦਕ: ਗੁਰਮੀਤ ਸਿੰਘ ਚਮਕ
ਪੰਨੇ 72, ਮੁੱਲ 40 ਰੁਪਏ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ
15. ਪੰਜ ਬਲਦੇ ਦਰਿਆ (ਗ਼ਜ਼ਲਾਂ) ਸੁਲਖੱਣ ਸਰਹੱਦੀ
ਪੰਨੇ 112, ਮੁੱਲ 20 ਰੁਪਏ, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ

## ਪੱਤਰ

ਸਤਿਕਾਰਯੋਗ ਡਾ. ਰਘਬੀਰ ਸਿੰਘ ਜੀ,

'ਸਿਰਜਣਾ' ਦੇ ਸੌਵੇਂ (100) ਅੰਕ ਤਕ ਇਸ ਦਾ ਇਕ ਲੇਖਕ ਤੇ ਰਚਨਾ ਕ੍ਰਮ ਅੰਕ ਤਿਆਰ ਕਰ ਲੈਣਾ ਚਾਹੀਦਾ ਹੈ। ਇਸ ਅੰਕ ਨੂੰ ਧੂਮ-ਧਾਮ ਨਾਲ ਰੀਲੀਜ਼ ਕਰਨਾ ਚਾਹੀਦਾ ਹੈ। ਇਸ ਦੀ ਕਾਫੀ ਲੋੜ ਤੇ ਮਹੱਤਤਾ ਹੈ।

ਸਿਰਜਣਾ-93 ਦੀ ਸੰਪਾਦਕੀ ਅਤੇ ਇਸ ਬਾਰੇ ਛਪੇ ਖਤਾਂ ਦੇ ਪ੍ਰਤੀਕਰਮ ਵਿਚ ਫੇਰ ਲਿਖਕੇ ਭੇਜਾਂਗਾ। ਹੁਣ ਸਿਰਫ ਇਹ ਹੀ ਲਿਖ ਰਿਹਾ ਹਾਂ ਕਿ 'ਸਿਰਜਣਾ'-94 ਵਿਚ 'ਤਿਲਕਣ' ਦੇ ਹੱਕ ਤੇ ਵਿਰੋਧ ਵਿਚ ਖ਼ਤ ਛਾਪਕੇ ਤਸੀਂ 'ਸਿਰਜਣਾ' ਦੇ ਮੂਲ ਉਦੇਸ਼ ਦੀ ਹੀ ਪੁਸ਼ਟੀ ਕੀਤੀ ਹੈ।ਇਸ ਤਰ੍ਹਾਂ ਨਰੋਈ ਤੇ ਨਿਡੱਰ ਸਾਹਿਤਕ ਪੱਤਰਕਾਰੀ ਦੀ ਪਿਰਤ ਅਗਾਂਹ ਤੁਰਦੀ ਹੈ। ਉਮੀਦ ਕਰਦਾ ਹਾਂ ਕਿ 'ਸਿਰਜਣਾ' ਪੰਜਾਬੀ ਵਿਚ ਸਿਹਤਵੰਦ ਸਾਹਿਤਕ ਪੱਤਰਕਾਰੀ ਦੀ ਇਵੇਂ ਹੀ ਅਗਵਾਈ ਕਰਦੀ ਰਹੇਗੀ।

ਗੁਰਨਾਇਬ ਸਿੰਘ (ਪਟਿਆਲਾ)

ਸਿਰਜਣਾ-94 ਵਿੱਚ ਆਪਣੀ ਕਹਾਣੀ "ਮੋਰਚਾ" ਤਾਂ ਪੜ੍ਹਨੀ ਹੀ ਸੀ, ਤੁਰਤ ਹੀ ਦੁੱਗਲ ਸਾਹਿਬ ਦੀ "ਇੰਟਰਵਿਊ" ਤੇ ਐਸ੍. ਤਰਸੇਮ ਦੀ "ਪਿੱਪਲ ਵਾਲਾ ਘਰ" ਪੜ੍ਹ ਲਈਆਂ। ਨਾਲ ਹੀ ਸੰਪਾਦਕੀ ਨਿਬੰਧ" ਪੰਜਾਬੀ ਸਭਿਆਚਾਰ ਤੇ ਸਾਹਿਤ ਵੱਲ ਪਹੁੰਚ" ਅਤੇ ਡਾ. ਬਲਦੇਵ ਧਾਲੀਵਾਲ ਦਾ ਨਿਬੰਧ "ਪੰਜਾਬੀ ਕਹਾਣੀ ਦੇ ਨਵੇਂ ਨਕਸ਼" ਪੜ੍ਹੇ। ਇਹ ਸਭ ਰਚਨਾਵਾਂ ਪ੍ਰਸ਼ੰਸਾ-ਯੋਗ ਹਨ, ਵਿਚਾਰ ਉਤੇਜਕ ਹਨ।

ਪਰ ਮੇਰਾ ਮਨ ਅੱਜ ਕਲ੍ਹ ਕੁਝ ਅਜਿਹੇ ਪ੍ਰਸ਼ਨਾਂ ਨੇ ਘੇਰਿਆ ਹੋਇਆ ਹੈ, ਜਿੰਨ੍ਹਾਂ ਵੱਲ ਪੰਜਾਬੀ



ਦੇ ਵਿਦਵਾਨ ਤੇ ਪੰਜਾਬੀ ਦੇ ਸਾਹਿਤ੍ਕਾਰ ਬੇਧਿਆਨੇ ਰਹੇ ਹਨ। ਜਾਣ-ਬੁੱਝ ਕੇ ਨਹੀਂ। ਰਾਸ਼ਟਰਵਾਦ ਤੇ ਪ੍ਰਗਤੀਵਾਦ ਨੇ ਪੰਜਾਬੀ ਬੁਧੀਮਾਨਾਂ ਤੇ ਪੰਜਾਬੀ ਸਾਹਿਤਕਾਰਾਂ ਦੇ ਮਨ ਵਿਚ ਇਹ ਪ੍ਰਸ਼ਨ ਉਭਰਨ ਹੀ ਨਹੀਂ ਦਿੱਤੇ।

ਪਿੱਛੇ ਵੱਲ ਝਾਤੀ ਮਾਰਦਾ ਹਾਂ, ਤਾਂ 1940 ਤੋਂ 1990 ਤਕ ਪੰਜਾਬ ਦੇ ਸਭ ਤੋਂ ਵੱਡੇ ਸੰਘਰਸ਼ ਆਰਥਿਕ ਮਸਲਿਆਂ ਉਤੇ ਨਹੀਂ ਲੜੇ ਗਏ, ਹਾਲਾਂਕਿ ਇਨ੍ਹਾਂ ਸਾਲਾਂ ਵਿਚ ਲਿਖਿਆ ਗਿਆ 60 ਫੀਸਦੀ ਸਾਹਿਤ ਆਰਥਿਕ ਨਾ ਬਰਾਬਰੀ-ਸਮਾਜਕ ਸ਼ੋਸ਼ਨ ਬਾਰੇ ਹੈ, 40 ਫੀਸਦੀ ਇਸਤਰੀ-ਪੁਰਖ ਸੰਬੰਧਾਂ ਬਾਰੇ। ਸਭ ਤੋਂ ਵੱਡੇ ਸੰਘਰਸ਼ 'ਪੰਜਾਬ ਦੀ ਸ਼ਨਾਖਤ ਬਚਾਉਣ ਤੇ ਪੰਜਾਬ ਦਾ ਬਣਦਾ ਹੱਕ ਪ੍ਰਾਪਤ ਕਰਨ' ਲਈ ਲੜੇ ਗਏ। ਇਸੇ ਕਰਕੇ ਅੱਧਾ ਪੰਜਾਬ ਪਾਕਿਸਤਾਨ ਵਿਚੋਂ ਕੱਢਿਆ ਗਿਆ। ਇਸੇ ਕਰਕੇ ਹਿੰਦੂ ਸਿੱਖ ਪੱਛਮੀ ਪੰਜਾਬ ਵਿਚੋਂ ਇੱਧਰ ਆ ਗਏ। ਸੋਚਣ ਵਾਲੀ ਗੱਲ ਇਹ ਹੈ ਕਿ ਸਭ ਹਿੰਦੂ ਸਿੱਖ ਫਸਾਦਾਂ ਦੇ ਡਰੋਂ ਨਹੀਂ ਆਏ। ਬਾਰਾਂ ਦੇ ਪਿੰਡਾਂ ਦੀ ਬਹੁ-ਗਿਣਤੀ ਵਿਚ ਕੋਈ ਫਸਾਦ ਨਹੀਂ ਹੋਏ। ਫੇਰ ਵੀ ਹਿੰਦੂ-ਸਿਖ ਉਥੇ ਨਹੀਂ ਰਹੇ। ਇਧਰ ਆ ਗਏ। ਕਿਉਂ? ਇਧਰ ਆ ਕੇ ਪੰਜਾਬੀ ਸੂਬੇ ਦਾ ਅੰਦੋਲਨ ਛਿੜ ਪਿਆ। ਜੇ ਪੰਜਾਬੀ ਸੂਬਾ (ਅਧੂਰਾ ਹੀ) ਬਣਿਆ ਤਾਂ ਵੱਧ ਅਧਿਕਾਰਾਂ ਦੀ ਮੰਗ ਉਠ ਪਈ, ਜੋ ਕਾਇਮ ਹੈ। ਸਰਲੀਕ੍ਰਿਤ ਉਤਰ ਹੈ ਕਿ ਸਿੱਖ ਜਾਂ ਅਕਾਲੀ ਆਪਣਾ ਰਾਜ ਚਾਹੁੰਦੇ ਸਨ, ਇਸ ਲਈ ਇਹ ਸਭ ਕੁਝ ਹੋਇਆ। ਪਰ ਸਾਹਿਤ ਸਰਲੀ-ਕ੍ਰਿਤ ਉਤਰਾਂ ਦਾ ਨਾਮ ਨਹੀਂ ਹੈ।

ਅਸਲ ਮਸਲਾ 'ਪੰਜਾਬ ਦਾ ਕੌਮੀ ਸਵਾਲ' ਹੈ। ਪੰਜਾਬ ਭਾਰਤ ਦੇ ਖਿਲਾਫ ਨਹੀਂ ਹੈ। ਨਾ ਇਸਲਾਮ ਦੇ ਖਿਲਾਫ ਹੈ। ਇਸੇ ਕਰਕੇ ਪੰਜਾਬੀ ਸਾਹਿਤ ਵਿਚ ਸੰਪਰਦਾਇਕਤਾ ਲਈ ਕੋਈ ਥਾਂ ਨਹੀਂ। ਤਾਂ ਵੀ ਪੰਜਾਬੀ ਬੁਧੀਮਾਨਾਂ ਤੇ ਪੰਜਾਬੀ ਸਾਹਿਤਕਾਰਾਂ ਵੱਲੋਂ ਗੰਭੀਰ ਕੋਤਾਹੀ ਹੋ ਗਈ ਹੈ। ਜਿਸ ਮਸਲੇ ਉਤੇ ਸੰਘਰਸ਼ ਨਹੀਂ ਹੋਏ, ਜਾਂ ਘੱਟ ਸੰਘਰਸ਼ ਹੋਏ, ਉਹ 1940 ਤੋਂ ਹੁਣ ਤਕ ਸਾਹਿਤ ਦੀ ਮੁਖ ਵਸਤੂ ਹੈ। ਜਿਸ ਮਸਲੇ 'ਤੇ ਸੰਘਰਸ਼ ਲੜੇ ਗਏ, ਲੱਖਾਂ ਲੋਕ ਜੇਲ੍ਹ ਜਾਂਦੇ ਰਹੇ, ਉਸ ਉਤੇ ਕੋਈ ਸਾਹਿਤ-ਸਿਰਜਣਾ ਨਹੀਂ ਹੋਈ। ਜੇ ਅਕਾਲੀ ਸੰਪਰਦਾਇਕ ਹਨ, ਜਾਂ ਕੁਰਸੀਆਂ ਦੇ ਭੁੱਖੇ ਹਨ, ਤਾਂ ਸਾਹਿਤ ਆਲੋਚਨਾਤਮਕ ਹੋ ਸਕਦਾ ਹੈ। ਪਰ ਉਹ ਵਸਤੂ ਸਾਹਿਤ ਦਾ ਵਸਤੂ ਹੀ ਨਾ ਬਣੇ-ਇਹ ਗੰਭੀਰ ਘਾਟ ਹੈ।

ਮੈਂ ਪਿਛਲੇ ਤਿੰਨ ਮਹੀਨਿਆਂ ਤੋਂ ਰਾਜਨੀਤਿਕ ਟਿੱਪਣੀ ਤੋਂ ਸੰਨਿਆਸ ਲਿਆ ਹੋਇਆ ਹੈ। ਸਾਹਿਤ ਪੜ੍ਹਦਾ ਹਾਂ। ਸਾਹਿਤ ਰਚਦਾ ਹਾਂ। "ਮੋਰਚਾ" ਇਸੇ ਤਰ੍ਹਾਂ ਲਿਖੀ ਗਈ ਹੈ। ਇਸ ਦਾ ਬ੍ਰਿਤਾਂਤ ਸਰਲ ਹੈ। ਵਧੇਰੇ ਜਟਿਲ ਬਿਰਤਾਂਤ ਵਾਲੀਆਂ ਤੇ ਡੂੰਘੇ ਪ੍ਰਸ਼ਨ ਛੇੜਦੀਆਂ ਹੋਰ ਕਹਾਣੀਆਂ ਲਿਖਣ ਦੇ ਯਤਨ ਵਿਚ ਹਾਂ।

ਪਿਆਰਾ ਸਿੰਘ ਭੋਗਲ [ਜਲੰਧਰ]

ਸਿਰਜਣਾ-94 ਦਾ ਸੰਪਾਦਕੀ- 'ਪੰਜਾਬੀ ਸਭਿਆਚਾਰ ਅਤੇ ਸਾਹਿਤ ਵੱਲ ਪਹੁੰਚ' ਕਈ ਕਾਰਨਾਂ ਕਰਕੇ ਵਿਸ਼ੇਸ਼ ਤੌਰ 'ਤੇ ਸਲਾਹੁਣਯੋਗ ਹੈ। ਸਾਹਿਤ ਦਾ ਮਨੋਰਥ, ਸੱਚਮੁੱਚ ਹੀ ਹਰੇਕ 'ਵਾਦ' ਤੋਂ ਨਿਰਲੇਪ ਰਹਿ ਕੇ, ਮਨੁੱਖਤਾ ਨੂੰ ਉਚਿਆਉਣਾ ਹੈ; ਸਮਾਜ ਦੀਆਂ ਕਿਸੇ ਵੀ ਪੱਖ ਤੋਂ ਵੰਡੀਆਂ ਪਾਉਣਾ ਨਹੀਂ। ਸਾਡੇ ਆਮ ਜੀਵਨ ਵਿਚ ਵੀ ਧਰਮ ਅਤੇ ਜ਼ਾਤ ਦੇ ਆਧਾਰ 'ਤੇ ਪਾਏ ਪਾੜਿਆ ਅਤੇ ਇਹਨਾਂ ਲੀਹਾਂ 'ਤੇ ਹੀ ਚਲਦੀ ਸਿਆਸਤ ਨੇ ਸਮਾਜ ਦਾ ਕੁਝ ਵੀ ਸੁਆਰਿਆ ਨਹੀਂ, ਸਗੋਂ ਵਿਗਾੜਿਆ ਹੀ ਹੈ। ਸਾਹਿਤਕਾਰਾਂ ਨੂੰ ਇਸ ਤਰ੍ਹਾਂ ਦੀ ਤੰਗ ਦਿਲੀ ਦਾ ਸ਼ਿਕਾਰ ਹੋਣ ਤੋਂ ਰੋਕਣ ਲਈ ਤੁਹਾਡਾ ਸੁਝਾਅ ਬੜਾ ਕੀਮਤੀ ਹੈ। ਫੇਰ ਹਰ ਤਰ੍ਹਾਂ ਦੇ ਭੇਦ-ਭਾਵ ਤੋਂ ਉਪਰ ਉਠ ਕੇ "ਪ੍ਰਤਿਭਾ ਦਾ ਯੋਗ ਮਾਣ-ਸਤਿਕਾਰ " ਵੱਲ ਕੀਤਾ ਤੁਹਾਡਾ ਇਸ਼ਾਰਾ ਵੀ ਸਮੇਂ ਦੀ ਲੋੜ ਹੈ। ਏਨੇ ਸੋਹਣੇ ਅਤੇ ਸੇਧਮਈ ਸੰਪਾਦਕੀ ਲਈ ਬਹੁਤੀਆਂ ਸਾਰੀਆਂ ਵਧਾਈਆਂ। ਬਲਦੇਵ ਸਿੰਘ ਧਾਲੀਵਾਲ ਨੇ ਨਵੀਂ ਕਹਾਣੀ ਦੇ ਵਿਸ਼ਾਲ ਅਧਿਐਨ 'ਤੇ ਆਧਾਰਿਤ ਇਕ ਨਿੱਗਰ ਲੇਖ ਲਿਖਿਆ ਹੈ। ਉਭਰਦੇ ਕਹਾਣੀਕਾਰਾਂ ਤੇ ਜ਼ਿਕਰਯੋਗ ਰਚਨਾਵਾਂ ਦੀ

ਚਰਚਾ ਜ਼ਰੂਰ ਹੋਣੀ ਚਾਹੀਦੀ ਹੈ, ਭਾਵੇਂ ਕਿਸੇ ਵੀ ਸੰਦਰਭ ਵਿਚ ਕਿਉਂ ਨਾ ਹੋਵੇ। ਪਰ ਡਾ: ਧਾਲੀਵਾਲ ਦੀ ਆਲੋਚਨਾ ਦੀ ਗੂੜ੍ਹ-ਭਾਸ਼ਾ, ਥੋੜ੍ਹੀ ਜਿਹੀ ਸਰਲਤਾ ਦੀ ਮੰਗ ਕਰਦੀ ਹੈ। ਕਹਾਣੀਆਂ ਤਿੰਨੇ ਦਿਲਚਸਪ ਹਨ, ਖ਼ਾਸ ਕਰਕੇ 'ਪਿੱਪਲ ਵਾਲਾ ਘਰ'। 'ਸਿਰਜਣਾ' ਦੇ ਰੀਵੀਊ ਤਾਂ ਹਮੇਸ਼ਾਂ ਹੀ ਖੜਕਵੇਂ ਹੁੰਦੇ ਹਨ।

ਅਵਤਾਰ ਸਿੰਘ ਬਿਲਿੰਗ (ਸੇਹ, ਜਿਲ੍ਹਾ ਲੁਧਿਆਣਾ)

ਜਿਥੋਂ 'ਸਿਰਜਣਾ' ਵਿਚ ਲੇਖ, ਕਹਾਣੀ, ਆਲੋਚਨਾ ਤੇ ਕਵਿਤਾ ਉਚ ਕੋਟੀ ਦੀ ਹੁੰਦੀ ਹੈ, ਉਥੇ ਗ਼ਜ਼ਲ ਨੂੰ ਪੜ੍ਹਕੇ ਦਿਲ ਬਹੁਤ ਦੁਖੀ ਹੁੰਦਾ ਹੈ। ਕਈ ਵਾਰ ਤੇ ਮੈਂ ਇਹ ਸੋਚਦਾ ਹਾਂ ਕਿ ਸ਼ਾਇਦ ਮੈਂ ਹੀ ਪੁਰਾਣੇ ਜ਼ਮਾਨੇ ਦਾ ਆਦਮੀ ਹਾਂ ਜਾਂ ਫਿਰ ਅੱਜ ਦਾ ਪੰਜਾਬੀ ਗ਼ਜ਼ਲ ਗੋ, ਗ਼ਜ਼ਲ ਦੀ ਸਿਨਫ ਨਹੀਂ ਜਾਣਦਾ। ਕਈ ਵਾਰ ਇਹ ਵੀ ਵਿਚਾਰ ਆਇਆ ਹੈ ਕਿ ਸ਼ਾਇਦ ਜੋ ਮੈਂ ਉਰਦੂ ਅਦਬ 'ਚੋਂ ਪੜ੍ਹਿਆ ਤੇ ਉਰਦੂ ਦੇ ਗ਼ਜ਼ਲ ਗੋ ਉਸਤਾਦਾਂ ਤੋਂ ਸਿੱਖਿਆ, ਉਹ ਪੰਜਾਬੀ ਦੇ ਉਸਤਾਦਾਂ ਨੇ ਪੰਜਾਬੀ ਨੂੰ ਨਹੀਂ ਦਿੱਤਾ। ਪਰ ਇਹ ਦਲੀਲ ਵੀ ਬੇ ਬੁਨਿਆਦ ਹੋ ਜਾਂਦੀ ਹੈ ਜਦ ਮੈਂ ਸਾਧੂ ਸਿੰਘ ਹਮਦਰਦ, ਮਹਿਰਮ ਦਸੂਹਵੀ, ਮਨਜ਼ੂਰ ਹੋਸ਼ਿਆਰਪੁਰੀ, ਤਖਤ ਸਿੰਘ, ਦੀਪਕ ਜੈਤੋਈ ਆਦਿ ਉਸਤਾਦ ਸ਼ਾਇਰਾਂ ਦਾ ਖਿਆਲ ਕਰਦਾ ਹਾਂ, ਜਿੰਨ੍ਹਾਂ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਦੇ ਬਰਾਬਰ ਲਿਆ ਖੜ੍ਹਾ ਕੀਤਾ ਸੀ। ਤਦ ਇਕ ਵਿਚਾਰ ਮਨ ਵਿਚ ਬਾਰ ਬਾਰ ਆਉਂਦੀ ਹੈ ਕਿ ਅੱਜ ਦਾ ਪੰਜਾਬੀ ਗ਼ਜ਼ਲ ਗੋ ਗ਼ਜ਼ਲ ਦੀ ਤਕਨੀਕ ਨਹੀਂ ਜਾਣਦਾ। ਉਹ ਪੰਜਾਬੀ ਗ਼ਜ਼ਲ ਦੇ ਪ੍ਰਾਪਤ ਕੀਤੇ ਹੋਏ ਮੁਕਾਮ ਬਾਰੇ ਬੇ-ਪਰਵਾਹ ਹੈ ਜਾਂ ਉਹ ਇਸ ਬਾਰੇ ਇਲਮ ਨਹੀਂ ਰੱਖਦਾ। ਗ਼ਜ਼ਲ ਦਾ ਮਿਆਰ ਪੰਜਾਬੀ ਦੇ ਸਾਰੇ ਅਖਬਾਰਾਂ ਤੇ ਰਿਸਾਲਿਆਂ ਵਿਚ ਇਕੋ ਜਿਹਾ ਹੀ ਹੈ। ਕਈ ਵਾਰ ਤੇ ਗ਼ਜ਼ਲ ਦਾ ਮਤਲਾ ਪੜ੍ਹਨ ਤੋਂ ਬਾਦ ਅਗੋ ਪੜ੍ਹਨ ਨੂੰ ਜੀਅ ਨਹੀਂ ਕਰਦਾ। ਕਈ ਵਾਰ ਮਤਲੇ ਵਿਚ ਬਹਿਰ, ਰਦੀਫ, ਕਾਫੀਆ, ਤੋਲ ਅਤੇ ਲੈ ਨਹੀਂ ਹੁੰਦੇ। ਜੇ ਕਿਤੇ ਹੋਣ ਤਾਂ ਸ਼ਬਦਾਂ ਦੇ ਉਚਾਰਨ ਤੇ ਲਿਖਤੀ ਰੂਪ ਵਿਚ ਬਹੁਤ ਪਾੜਾ ਹੁੰਦਾ ਹੈ। ਖਾਸ ਕਰਕੇ ਤਿੰਨ ਤੇ ਚਾਰ ਅੱਖਰੀ ਟੁਕੜੀਆਂ ਵਿਚ। ਜਿਵੇਂ ਹੱਥਲੇ ਅੰਕ 94 ਦੇ ਪੰਨਾ 14 ਦੀ ਪਹਿਲੀ ਗ਼ਜ਼ਲ ਦੇ ਮਤਲੇ ਦੇ ਪਹਿਲੇ ਮਿਸਰੇ ਵਿਚ ਸ਼ਬਦ ਘੁੱਗੀ "ਘੁਗੀ" ਦੇ ਤੋਲ ਵਿਚ ਹੈ ਤੇ ਦੂਜੇ ਸ਼ਿਅਰ ਦਾ ਪਹਿਲਾ ਮਿਸਰਾ ਮਤਲੇ ਵਿਚ ਨਿਸ਼ਚਿਤ ਕੀਤੀ ਬਹਿਰ ਦੀ ਲੰਬਾਈ ਨਾਲੋਂ ਲੰਬਾ ਹੈ। ਇਸੇ ਤਰ੍ਹਾਂ ਪੰਨਾ 15 ਦੀ ਗ਼ਜ਼ਲ ਦੇ ਤੀਜੇ ਸ਼ਿਅਰ ਦਾ ਪਹਿਲਾ ਮਿਸਰਾ ਬਹਿਰ ਵਿਚ ਨਹੀਂ। ਇਸ ਤਰ੍ਹਾਂ ਦੀਆਂ ਹੋਰ ਵੀ ਮਿਸਾਲਾਂ ਹਨ। ਕਈ ਵਾਰ ਇਹ ਵੀ ਦੇਖਣ ਵਿਚ ਆਇਆ ਹੈ ਕਿ ਗ਼ਜ਼ਲ ਬਹਿਰ ਰਮਲ 'ਚ ਸ਼ੁਰੂ ਹੁੰਦੀ ਹੈ ਤੇ ਮਤਲੇ ਦਾ ਦੂਜਾ ਮਿਸਰਾ ਬਹਿਰ ਰਜ਼ਜ ਵਿਚ ਹੁੰਦਾ ਹੈ। ਇਸੇ ਤਰ੍ਹਾਂ ਗ਼ਜ਼ਲ ਬਹਿਰ ਮੁਤਦਾਰਕ 'ਚੋਂ ਸ਼ੁਰੂ ਹੋ ਕੇ ਬਹਿਰ ਮੁਤਕਾਰਬ 'ਚ ਖਤਮ ਹੋ ਜਾਂਦੀ ਹੈ। ਜਾਂ ਇਕ ਮਿਸਰਾ ਇਕ ਬਹਿਰ ਤੇ ਦੂਜਾ ਦੂਜੀ ਬਹਿਰ ਵਿਚ। ਉਪਰਲੀ ਗੱਲ ਪੰਜਾਬੀ ਦੇ ਹਰ ਅਖਬਾਰ ਤੇ ਰਿਸਾਲੇ ਵਿਚ ਦੇਖਣ ਨੂੰ ਮਿਲਦੀ ਹੈ। ਇਹ ਸਭ ਦੇਖ ਕੇ ਵੀ ਮਨ ਨੂੰ ਇਹ ਸਮਝਾ ਕੇ ਗ਼ਜ਼ਲ ਪੜ੍ਹਨੀ ਪੈਂਦੀ ਹੈ ਕਿ ਇਹ "ਪੰਜ-ਐਬੀ" ਗ਼ਜ਼ਲ ਹੈ।

ਇਸ ਖਤ ਵਿਚ ਮੇਰੀ ਮਨਸ਼ਾ ਨਾ ਤਾਂ ਕਿਸੇ ਗ਼ਜ਼ਲ ਗੋ ਤੇ ਨੁਕਤਾਚੀਨੀ ਕਰਨਾ ਹੈ ਤੇ ਨਾ ਹੀ 'ਸਿਰਜਣਾ' 'ਤੇ ਟੀਕ-ਟਿਪਣੀ। ਮੇਰਾ ਮਕਸਦ ਪੰਜਾਬੀ ਗ਼ਜ਼ਲ ਗੋਆਂ ਅਗੋ ਬੇਨਤੀ ਕਰਨਾ ਹੈ ਕਿ ਉਹ ਗ਼ਜ਼ਲ ਦੀ ਤਕਨੀਕ ਨੂੰ ਅੱਛੀ ਤਰ੍ਹਾਂ ਪੜ੍ਹਨ, ਸਮਝਣ ਤੇ ਸਿੱਖਣ ਤੋਂ ਬਾਦ ਆਪਣੀ "ਤਬਾ -ਆਜ਼ਮਾਈ" ਕਰਨ। ਇੰਝ ਕਰਨ ਨਾਲ ਉਹ ਮਾਂ ਬੋਲੀ ਦੀ ਸਹੀ ਸੇਵਾ ਕਰ ਸਕਣ ਤੋਂ ਬਾਦ ਸਿਹਤਮੰਦ ਸਾਹਿਤ ਪੈਦਾ ਕਰ ਸਕਣਗੇ।

ਨਦੀਮ ਪਰਮਾਰ (ਬਰਨਬੀ, ਬੀ.ਸੀ. ਕੈਨੇਡਾ)

ਸਿਰਜਣਾ ਦੇ ਅੰਕ 94 ਵਿਚ ਪੰਜਾਬੀ ਗਲਪ ਜਗਤ ਦੀ ਚੰਗੀ ਪੇਸ਼ਕਾਰੀ ਹੋਈ ਹੈ।ਸਾਡੇ ਸਿਰਮੌਰ ਲੇਖਕ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਇੰਟਰਵਿਊ' ਬੀਤੇ ਅਤੇ ਵਰਤਮਾਨ ਦਾ ਸੱਚ ਉਜਾਗਰ ਕਰਦੀ ਹੋਈ ਰਾਜਸੀ ਨਿਘਾਰ ਦਾ ਪ੍ਰਗਟਾਅ ਹੀ ਨਹੀਂ, ਹਕੀਕਤ ਬਿਆਨ ਕਰ ਗਈ ਹੈ।



ਇਸੇ ਤਰ੍ਹਾਂ ਹੀ ਪਿਆਰਾ ਸਿੰਘ ਭੋਗਲ ਦੀ ਕਹਾਣੀ 'ਮੋਰਚਾ' ਬੀਤੇ ਇਤਿਹਾਸ ਦਾ ਇਕ ਕਾਂਡ ਹੈ ਜਿਸ ਨੇ ਰਾਜਸੀ ਚਲਾਕੀ ਤੇ ਮਕਾਰੀ ਦਾ ਪ੍ਰਗਟਾਓ ਕੀਤਾ ਹੈ। ਤੀਸਰੀ ਐੱਸ ਤਰਸੇਮ ਦੀ ਕਹਾਣੀ 'ਪਿੱਪਲ ਵਾਲਾ ਘਰ' ਮਨੁੱਖ ਦੀਆਂ ਮਾਨਸਿਕ ਪਰਤਾਂ ਦੇ ਨਾਲ ਨਾਲ ਆਰਥਿਕ ਕਮਜ਼ੋਰੀ ਵੱਸ ਮਨੁੱਖ ਦੀ ਹੋਣੀ ਨੂੰ ਉਲਟ-ਪੁਲਟ ਕਰਦੀ ਕਹਾਣੀ ਚੰਗਾ ਪ੍ਰਭਾਵ ਪਾਉਂਦੀ ਹੈ। ਮੁੱਖ-ਪਾਤਰ (ਮੁਲਖ ਰਾਜ) ਸਾਰਿਆਂ ਤੂੰ ਜਿੱਤਣ ਵਾਲਾ ਖੁੱਦ ਅਗੇ ਹਾਰ ਮੰਨ ਖਲੋਤਾ ਮਹਿਸੂਸ ਹੋਇਆ ਹੈ। ਤਿੰਨੇ ਹੀ ਕਹਾਣੀਕਾਰ ਵਧਾਈ ਦੇ ਪਾਤਰ ਹਨ ਤੇ ਅਸੀਂ ਰਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਮਨੋਵਿਗਿਆਨਕ ਪਰਤਾਂ ਖੋਲਣ ਤੇ ਪ੍ਰਗਟਾਉਣ ਵੱਲ ਸਫ਼ਲਤਾ ਨਾਲ ਕਦਮ ਵਧਾ ਰਹੀ ਹੈ।

ਐਚ. ਐਸ. ਧੀਮਾਨ [ਪਟਿਆਲਾ]

'ਸਿਰਜਣਾ'-94 ਵਿਚ 'ਪੰਜਾਬੀ ਸਭਿਆਚਾਰ ਅਤੇ ਸਾਹਿਤ ਵੱਲ ਪਹੁੰਚ' ਲਿਖ ਕੇ ਤੁਸੀਂ ਕਈ ਨਵੇਂ ਨੁਕਤੇ ਉਠਾਏ ਹਨ। ਜਿਵੇਂ ਵਿਸ਼ੇਸ਼ ਇਤਿਹਾਸਕ ਪ੍ਰਸੰਗ ਵਿਚ ਭਾਈ ਵੀਰ ਸਿੰਘ ਦੇ ਨਾਵਲਾਂ ਦੀ ਬੇਲੋੜੀ ਪ੍ਰਸ਼ੰਸਾ ਕੀਤੀ ਗਈ ਹੈ। ਇਸ ਨੂੰ ਅਜੇ ਤੱਕ ਵੀ ਠੱਲ੍ਹ ਨਹੀਂ ਪਈ। ਕਈ ਆਲੋਚਕ, ਜਿਨ੍ਹਾਂ ਦੇ ਪੱਲੇ ਕੁਝ ਨਹੀਂ, ਹੁਣ ਵੀ ਅਜਿਹੀ ਬੇਲੋੜੀ ਪ੍ਰਸ਼ੰਸਾ ਕਰੀ ਜਾਂਦੇ ਹਨ। ਏਸੇ ਪ੍ਰਸੰਗ ਵਿਚ ਇਕ ਪਰੀਖਿਅਕ ਨੇ ਕਿਸੇ ਮੇਰੇ ਵਰਗੇ ਸਿਰ-ਫਿਰੇ ਨੂੰ ਭਾਈ ਵੀਰ ਸਿੰਘ ਦੇ ਐਮ.ਏ. ਦੇ ਇਕ ਪਰਚੇ ਵਿਚੋਂ ਏਸ ਕਰਕੇ ਫੇਲ੍ਹ ਕਰ ਦਿੱਤਾ ਸੀ ਕਿਉਂਕਿ ਉਸ ਨੇ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਕੁਦਰਤ ਦੀ ਕਵਿਤਾ ਮੰਨਦਿਆਂ ਹੋਇਆ ਲਿਖ ਦਿੱਤਾ ਸੀ ਕਿ ਮੋਹਨ ਸਿੰਘ ਦੀ ਕਵਿਤਾ ਜ਼ਿੰਦਗੀ ਦੇ ਨੇੜੇ ਦੀ ਯਥਾਰਥਵਾਦੀ ਕਵਿਤਾ ਹੈ ਪਰ ਭਾਈ ਵੀਰ ਸਿੰਘ ਨੇ ਆਮ ਜ਼ਿੰਦਗੀ ਦੇ ਨੇੜਲੇ ਕਾਮਿਆਂ ਦੀ ਕਵਿਤਾ ਨਹੀਂ ਰਚੀ। ਸੋ ਏਸ ਤਰ੍ਹਾਂ ਰੂੜ੍ਹੀਵਾਦੀ ਸੋਚ ਦੀ ਚੱਲੀ ਆ ਰਹੀ ਧਾਰਨਾ ਨੂੰ ਠੱਲ ਪੈਣੀ ਚਾਹੀਦੀ ਹੈ। ਤੁਸੀਂ ਚੰਗਾ ਕੀਤਾ ਏਸ ਪਾਸੇ ਧਿਆਨ ਖਿੱਚਿਆ ਹੈ।

ਮੁਖਤਿਆਰ ਸਿੰਘ [ਅੰਮ੍ਰਿਤਸਰ]

ਸਿਰਜਣਾ-94 ਵਿਚ ਬਲਦੇਵ ਧਾਲੀਵਾਲ ਦਾ ਲੇਖ 'ਪੰਜਾਬੀ ਕਹਾਣੀ ਦੇ ਨਵੇਂ ਨਕਸ਼, ਪੜ੍ਹਿਆ। ਮੈਂ ਬਲਦੇਵ ਦੀ ਆਲੋਚਨਾ-ਵਿਸ਼ਲੇਸ਼ਣ ਵਿਧੀ ਦੀ ਪ੍ਰਸ਼ੰਸਕ ਹਾਂ ਤੇ ਉਸ ਦੇ ਹਰ ਲੇਖ ਨੂੰ ਧਿਆਨ ਨਾਲ ਪੜ੍ਹਦੀ ਹਾਂ। ਇਸ ਲੇਖ ਵਿਚ ਉਸ ਦਾ ਮੇਰੀ ਕਹਾਣੀ 'ਖੁਸ਼ਬੂ' ਬਾਰੇ ਵਿਚਾਰ ਮੁਲਾਂਕਣ ਮੈਨੂੰ ਸਹੀ ਜਾਪਦਾ ਹੈ ਪਰ ਉਸ ਦਾ ਕਹਿਣਾ ਕਿ 'ਕਾਨਾ ਸਿੰਘ ਨੇ ਪ੍ਰੇਮ ਪ੍ਰਕਾਸ਼ ਦੀ ਕਥਾ-ਸ਼ੈਲੀ ਦੇ ਸੁਚੇਤ ਅਨੁਕਰਣ ਦਾ ਯਤਨ ਕੀਤਾ ਹੈ' ਠੀਕ ਨਹੀਂ। ਸ਼ੈਲੀ ਹਰ ਲੇਖਕ ਦੀ ਆਪਣੀ ਜੀਵਨ-ਜਾਚ ਅਤੇ ਅਨੁਭਵ ਵਿਚੋਂ ਪੈਦਾ ਹੁੰਦੀ ਹੈ। ਜਿਹੜੇ ਅਨੁਕਰਣ ਕਰਦੇ ਹਨ, ਉਹ ਲੇਖਕ ਨਹੀਂ ਹੁੰਦੇ। ਮੈਂ ਲੇਖਕ ਹਾਂ ਜਾਂ ਨਹੀਂ, ਇਸ ਦਾ ਨਿਰਨਾ ਪਾਠਕਾਂ ਉਤੇ ਨਿਰਭਰ ਕਰਦਾ ਹੈ ਪਰ 'ਵਿਲੱਖਣਤਾ' ਮੇਰੀ ਸ਼ੈਲੀ (ਜੇ ਹੈ ਤਾਂ) ਦੀ ਜਾਨ ਹੈ ਤੇ ਅਨੁਕਰਣ ਕਰਨਾ ਮੇਰੇ ਸੁਭਾ ਦਾ ਅੰਗ ਨਹੀਂ। ਦੂਜੇ ਇਹ ਕਹਾਣੀ 1987 ਵਿਚ ਬੰਬਈ ਵਿਖੇ ਲਿਖੀ ਗਈ ਸੀ ਤੇ 1988 ਵਿਚ ਛਪੀ। ਉਦੋਂ ਮੈਨੂੰ ਪ੍ਰੇਮ ਪ੍ਰਕਾਸ਼ ਦੇ ਕਹਾਣੀਕਾਰ ਹੋਣ ਬਾਰੇ ਵੀ ਪਤਾ ਨਹੀਂ ਸੀ- ਉਸ ਦੀ ਕਲਾ ਤੋਂ ਜਾਣੂੰ ਹੋਣਾ ਤਾਂ ਪਿੱਛੇ ਰਿਹਾ। ਤੇ ਪ੍ਰੇਮ ਪ੍ਰਕਾਸ਼ ਨੇ ਵੀ ਇਹ ਕਹਾਣੀ ਪੜ੍ਹਕੇ ਕਿਸੇ ਪੁਰਖ 'ਕਾਨਾ ਸਿੰਘ' ਨੂੰ ਪ੍ਰਸ਼ੰਸਾ ਪੱਤਰ ਲਿਖਿਆ ਸੀ। ਲੇਖਕਾਂ ਨੂੰ ਧੜਿਆਂ ਤੇ ਆਗੂਆਂ-ਪਿੱਛਲੱਗਾਂ ਦੇ ਵਰਗਾਂ ਵਿਚ ਵੰਡਣਾ ਕੀ ਵਾਜਬ ਹੈ?

ਕਾਨਾ [ਮੁਹਾਲੀ]

ਸਿਰਜਣਾ-94 ਦੀ ਆਪਦੀ ਸੰਪਾਦਕੀ 'ਚ ਕਹੇ ਸ਼ਬਦ ਸਲਾਹੁਣਯੋਗ ਹਨ। ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਇੰਟਰਵਿਊ' 'ਚੋਂ ਮੁਸਾਫਿਰ ਸਾਹਿਬ ਦੀ ਸ਼ਖਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ। ਕਹਾਣੀ ਵਧੀਆ ਹੈ। ਐੱਸ. ਤਰਸੇਮ ਦੀ ਕਹਾਣੀ 'ਪਿੱਪਲ ਵਾਲਾ ਘਰ' ਵੀ ਵਧੀਆ ਤੇ ਸਲਾਹੁਣਯੋਗ

ਹੈ। ਪਿਆਰਾ ਸਿੰਘ ਭੋਗਲ ਦੀ ਕਹਾਣੀ 'ਮੋਰਚਾ' ਵਿਚ ਉਹਨਾਂ ਦੀ ਜਜ਼ਬਾਤੀ ਭਾਵਨਾ ਜ਼ਿਆਦਾ ਉਭਰੀ ਹੈ ਅਤੇ ਲੇਖਕ 'ਤੇ ਲਾਇਆ ਜਾਂਦਾ ਦੋਸ਼ ਕਿ ਭੋਗਲ ਲਿਖਣ ਲੱਗਿਆਂ ਸੰਤੁਲਨ ਕਾਇਮ ਨਹੀਂ ਰੱਖਦਾ, ਇਥੇ ਵੀ ਲਾਗੂ ਹੁੰਦਾ ਹੈ। ਬਲਦੇਵ ਧਾਲੀਵਾਲ ਦਾ ਨਿਬੰਧ 'ਪੰਜਾਬੀ ਕਹਾਣੀ ਦੇ ਨਵੇਂ ਨਕਸ਼' ਬਹੁਤ ਵਧੀਆ ਤੇ ਜਾਣਕਾਰੀ ਭਰਪੂਰ ਹੈ ਤੇ ਡਾ. ਚਮਨ ਲਾਲ ਹੋਰਾਂ ਦਾ ਨਿਬੰਧ 'ਭਾਸ਼ਾ ਦੇ ਨਾਂ ਤੇ ਲੋਕ-ਵਿਰੋਧੀ ਰਾਜਨੀਤੀ' ਤਾਂ ਅਤਿ ਸਲਾਹਣਯੋਗ ਹੈ। ਉਹਨਾਂ ਅਸਲੀ ਸਥਿਤੀ ਤੋਂ ਜਾਗਰੂਕ ਕਰਵਾਇਆ ਏ ਤੇ ਸਿਆਸਤ ਦੇ ਪਾਜ ਉਘੇੜੇ ਹਨ।

ਸੁਰੇਸ਼ ਮਹਿਤਾ [ਜੰਮੂ ਤਵੀ]

ਸਿਰਜਣਾ-94 ਵਿਚ ਦੁੱਗਲ ਹੁਰਾਂ ਜੀ ਕਹਾਣੀ 'ਇੰਟਰਵਿਊ' ਬਹੁਤ ਹੀ ਪਿਆਰੀ ਲੱਗੀ। ਮੇਰੀ ਨਜ਼ਮ ਵਧੀਆ ਢੰਗ ਨਾਲ ਛਾਪਣ ਲਈ ਬਹੁਤ ਬਹੁਤ ਮਿਹਰਬਾਨੀ।

ਦਰਸ਼ਨ ਦਰਵੇਸ਼ [ਮਾਨਸਾ]

ਸਿਰਜਣਾ-94 ਅੰਕ ਨੇ ਬਹੁਤ ਹੀ ਨਿਰਾਸ਼ ਕੀਤਾ। ਖਾਸ ਕਰਕੇ ਕਹਾਣੀ ਭਾਗ ਨੇ। ਕੀ 'ਇੰਟਰਵਿਊ' ਤੇ 'ਮੋਰਚਾ' ਕਹਾਣੀਆਂ ਨੂੰ ਅੱਜ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੇ ਪਰਿਪੇਖ 'ਚ ਰਖਿਆ ਜਾ ਸਕਦਾ ਹੈ? ਬਲਦੇਵ ਸਿੰਘ ਧਾਲੀਵਾਲ ਦੇ ਪੇਪਰ ਬਾਰੇ ਕੀ ਆਖਾਂਗੇ? ਤਾਂ ਉਹ ਆਪਣੇ ਆਪ ਨੂੰ ਪਹਿਲਾਂ ਹੀ 'ਬਦਨਾਮ' ਲਿਖ ਚੁੱਕਾ ਹੈ। ਵੈਸੇ ਵੀ ਉਹ ਐਨਾ ਨਹੀਂ ਪੜ੍ਹਦਾ ਜਿੰਨਾ ਉਸ ਨੂੰ ਪੜ੍ਹਨਾ ਚਾਹੀਦਾ ਹੈ।

ਜਿੰਦਰ [ਜਲੰਧਰ]

ਸਿਰਜਣਾ-94 ਦਾ ਅੰਕ ਇਸ ਗਲੱ ਦੀ ਪੁਸ਼ਟੀ ਕਰਦਾ ਹੈ ਕਿ ਛਪਣ ਵਾਲੀ ਸਮੱਗਰੀ ਨੂੰ ਸੰਪਾਦਕ ਨੀਝ ਨਾਲ ਘੋਖਦਾ ਹੈ ਅਤੇ ਰੀਝ ਨਾਲ ਛਾਪਦਾ ਹੈ। ਕਹਾਣੀਆਂ ਕਵਿਤਾਵਾਂ ਤਾਂ ਹੋਰ ਪਰਚੇ ਵੀ ਛਾਪ ਰਹੇ ਨੇ ਪਰ ਸਾਹਿਤ ਅਤੇ ਸਮਾਜ ਨਾਲ ਜੁੜੇ ਅਹਿਮ ਮਸਲਿਆਂ ਨੂੰ ਉਭਾਰ ਕੇ ਪੇਸ਼ ਕਰਨਾ 'ਸਿਰਜਣਾ' ਦੇ ਹਿੱਸੇ ਹੀ ਆਇਆ ਹੈ। ਸਾਡੇ ਵਰਗੇ ਪਾਠਕਾਂ ਲਈ ਇਹ ਮਾਣ ਦੀ ਗੱਲ ਹੈ ਕਿ 'ਸਿਰਜਣਾ' ਕਲਮ ਦੇ ਜਿਸ ਫਰਜ਼ ਨੂੰ ਲੈ ਕੇ ਸਾਹਿਤ ਅਤੇ ਪੱਤਰਕਾਰੀ ਦੇ ਪਿੜ 'ਚ ਨਿੱਤਰਿਆ ਸੀ, ਉਸ ਨੂੰ ਉਸ ਨੇ ਪਹਿਲੇ ਨਾਲੋਂ ਵੀ ਵਿਸਥਾਰ ਦਿੱਤਾ ਹੈ।

'ਪੰਜਾਬੀ ਕਹਾਣੀ ਦੇ ਨਵੇਂ ਨਕਸ਼' ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਆਧਾਰ ਬਣਾ ਕੇ ਲਿਖੇ ਲੇਖ ਦੀ ਅਹਿਮੀਅਤ ਸਿਰਫ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਬਾਰੇ ਗੰਭੀਰ ਟਿੱਪਣੀਆਂ ਕਰਕੇ ਹੀ ਨਹੀਂ ਸਗੋਂ ਕਹਾਣੀ-ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ ਇਹ ਲੇਖ ਵਿਚਾਰ ਉਤੇਜਕ ਰਚਨਾ ਹੈ। ਇਸ ਅੰਕ ਦਾ ਦੂਸਰਾ ਮਹੱਤਵ-ਪੂਰਨ ਲੇਖ 'ਅਨੁਭਵਵਾਦੀ ਗਿਆਨ ਮੀਮਾਂਸਾ ਦੀ ਸਮਾਜਕ ਸਾਰਥਿਕਤਾ' ਹੈ। ਗਿਆਨ ਸਿੰਘ ਬੱਲ ਨੇ ਪਹਿਲੀ ਵਾਰ ਪੰਜਾਬੀ ਵਿਚ ਇਹੋ ਜਿਹੇ ਦਾਰਸ਼ਨਿਕ ਵਿਸ਼ਿਆਂ ਨੂੰ ਛੋਹਿਆ ਹੈ। ਇਹੋ ਜਿਹੇ ਗੰਭੀਰ ਵਿਸ਼ਿਆਂ 'ਤੇ ਲਿਖਦਿਆਂ ਆਮ ਕਰਕੇ ਲੇਖਕਾਂ ਦੀ ਭਾਸ਼ਾ ਜਟਿਲ ਹੋ ਜਾਂਦੀ ਹੈ, ਪਰ ਬੱਲ ਦੇ ਲੇਖ ਦੀ ਭਾਸ਼ਾ ਸਹਿਜ ਅਤੇ ਸਪਸ਼ਟ ਹੈ। ਭਾਰਤੀ ਦਰਸ਼ਨ ਬਾਰੇ ਕੁਝ ਸਮਾਂ ਪਹਿਲਾਂ ਸੁਰਜੀਤ ਗਿੱਲ ਦਾ ਲੇਖ ਵੀ ਛਪਿਆ ਸੀ ਤੇ ਸ਼ਾਇਦ ਬੱਲ ਦਾ ਵੀ। 'ਸਿਰਜਣਾ' ਇਹੋ ਜਿਹੇ ਗੰਭੀਰ ਲੇਖ ਛਾਪ ਕੇ ਸੱਚ ਮੁੱਚ ਉਸਾਰੂ ਕੰਮ ਕਰ ਰਿਹਾ ਹੈ। ਇਸ ਵਾਰ ਸੰਪਾਦਕੀ ਵਿਚ, ਪਹਿਲਾ ਵਾਂਗ ਹੀ, ਮਹੱਤਵਪੂਰਨ ਪਹਿਲੂਆਂ ਨੂੰ ਛੋਹਿਆ ਗਿਆ ਹੈ। ਡਾ. ਚਮਨ ਲਾਲ ਦਾ ਲੇਖ ਵੀ ਵਿਚਾਰਨਯੋਗ ਹੈ।

ਮਦਨ ਵੀਰਾ [ਬਸੀ ਜਲਾਲ, ਜ਼ਿਲ੍ਹਾ ਹੁਸ਼ਿਆਰਪੁਰ]




# A Stunning Turnaround in Public Sector Corporate History!

PUNJAB STATE
WAREHOUSING
CORPORATION



Ushers in the
YEAR OF DEVELOPMENT
(1994-95)



DILBAGH SINGH NAWANSHAHR
AGRICULTURE MINISTER



S. HARNEK SINGH MANGEWAL MLA
CHAIRMAN PWC

WITH ALL TIME RECORD PROFIT

EMERGING FROM DEBT TRAP (Fig. In Lac Rs.)

| Year | Outstanding Loan | Repayment of Loan |
|---|---|---|
| 1984-85 | 0222.60 | 2.34 |
| 1985-86 | 0463.69 | 66.49 |
| 1986-87 | 1236.04 | 57.52 |
| 1987-88 | 1868.49 | 172.57 |
| 1988-89 | 1943.28 | 352.33 |
| 1989-90 | 2312.82 | 117.22 |
| 1990-91 | 2143.62 | 441.86 |
| 1991-92 | 2119.81 | 320.90 |
| **1992-93** | **2029.00** | **451.00** |
| **1993-94** | **1444.00** | **900.00** |

PROFITABILITY (Fig. In Lac Rs.)

| Year | Income | Expenditure | Profit |
|---|---|---|---|
| 1984-85 | 647 92 | 430 32 | 217 60 |
| 1985-86 | 1058 49 | 736 65 | 321 84 |
| 1986-87 | 1282.99 | 878.00 | 404.99 |
| 1987-88 | 1378.14 | 1124.37 | 253.77 |
| 1988-89 | 1095.55 | 986.85 | 108.70 |
| 1989-90 | 1331.52 | 1265.09 | 65.53 |
| 1990-91 | 1866.50 | 1539.08 | 327.42 |
| 1991-92 | 1675.37 | 1536 14 | 139.23 |
| **1992-93** | **1544.16** | **1522.41** | **21.75** |
| **1993-94** | **2586.87** | **1783.67** | **803.20** |

MANPOWER UTILISATION

| Year | Recruitment during the year | Staff Strength |
|---|---|---|
| 1984-85 | 17 | 1235 |
| 1985-86 | 274 | 1472 |
| 1986-87 | 319 | 1765 |
| 1987-88 | 102 | 1820 |
| 1988-89 | 65 | 1893 |
| 1989-90 | 133 | 1938 |
| 1990-91 | 38 | 2108 |
| 1991-92 | 13 | 1902 |
| 1992-93 | 19 | 1864 |
| 1993-94 | 4 | 1838 |

D. S. JASPAL IAS
MANAGING DIRECTOR
74 - 75, BANK SQUARE, SECTOR 17-B,
CHANDIGARH-160017 TEL. 544245



ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਜਨਮੀਤ ਪ੍ਰਿੰਟਰਜ਼, ਐਸ.ਸੀ.ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ : **ਰਘਬੀਰ ਸਿੰਘ**

ਪ੍ਰਕਾਸ਼ਨ ਮਿਤੀ : 30 ਅਗਸਤ, 1994

**SIRJANA** Literary Punjabi Quarterly CHANDIGARH
No. 95 JULY-SEPTEMBER 1994
Registered with the Registrar of Newspapers for India vide R.N.10215/65

*With Best Compliments From :*

PHONE : Shop- 77494
Resi.- 52378
221975

# ROOPAM

***Specialists in : LADIES SUITS***

CHOWK RAINAK BAZAR,
JALANDHAR CITY